ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 Editor : Sharanjit Singh Thind Weekly

Vol. 13 Issue 52 Tuesday October 16 to October 22, 2018 www.PUNJABIDUNIYA.com Published Weekly from New York

Watch & Subscribe on YouTube/ Facebook

Josh india tv

# ਕੀ ਹਾਰਵਰਡ ਯੂਨੀਵਰਸਿਟੀ ਏਸ਼ੀਆਈ ਵਿਦਿਆਰਥੀਆਂ ਨਾਲ ਕਰਦੀ ਹੈ ਭੇਦਭਾਵ ?



**ਪੰਜਾਬੀ ਦੁਨੀਆ ਬਿਓਰੋ**

**************************

ਹਾਰਵਰਡ ਯੂਨੀਵਰਸਿਟੀ ਖ਼ਿਲਾਫ਼ ਇੱਕ ਮੁਕੱਦਮਾ ਅਮਰੀਕਾ ਵਿੱਚ ਸ਼ੁਰੂ ਹੋ ਗਿਆ ਹੈ ਅਤੇ ਇਸਦਾ ਯੂਨੀਵਰਸਿਟੀਆਂ ਅਤੇ ਨਸਲੀ ਘੱਟਗਿਣਤੀਆਂ ਲਈ ਵਿਆਪਕ ਰੂਪ ਵਿੱਚ ਪ੍ਰਭਾਵ ਹੋ ਸਕਦਾ ਹੈ।

ਇੱਕ ਸਮੂਹ ਵੱਲੋਂ ਇਹ ਮਾਮਲਾ ਸਾਹਮਣੇ ਲਿਆਂਦਾ ਗਿਆ ਸੀ ਜੋ ਦਾਅਵਾ ਕਰਦਾ ਹੈ ਕਿ ਹਾਰਵਰਡ ਯੂਨੀਵਰਸਿਟੀ ਦਾ ਐਡਮਿਸ਼ਨ ਆਫ਼ਿਸ ਹੋਰ ਨਸਲੀ ਸਮੂਹਾਂ ਨੂੰ ਉਤਸ਼ਾਹਿਤ ਕਰਨ ਲਈ ਏਸ਼ੀਆਈ ਬਿਨੈਕਾਰਾਂ ਦੇ ਵਿਰੁੱਧ ਭੇਦਭਾਵ ਕਰਦਾ ਹੈ।

ਹਾਰਵਰਡ ਯੂਨੀਵਰਸਿਟੀ ਇਸ ਦਾਅਵੇ ਨੂੰ ਰੱਦ ਕਰਦੀ ਹੈ ਅਤੇ ਕਹਿੰਦਾ ਹੈ ਕਿ ਜਾਤ ਉਨ੍ਹਾਂ ਦੀ ਗੁਪਤ ਵਿਦਿਆਰਥੀ ਚੋਣ ਪ੍ਰਕਿਰਿਆ ਵਿਚ ਸਿਰਫ ਇਕ ਛੋਟਾ ਜਿਹਾ ਕਾਰਕ ਹੈ। ਇਸ ਮੁਕੱਦਮੇ ਨੂੰ ਇੱਕ ਜਨਮਤ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਹਾਰਵਰਡ ਯੂਨੀਵਰਸਿਟੀ ਹਰ ਸਾਲ 42,000 ਬਿਨੈਕਾਰਾਂ ਵਿੱਚੋਂ 1600 ਨਵੇਂ ਵਿਦਿਆਰਥੀਆਂ ਨੂੰ ਦਾਖਲਾ ਦਿੰਦੀ ਹੈ। ਇਹ ਯੂਨੀਵਰਸਿਟੀ ਅਮਰੀਕਾ ਵਿਚ ਸਿਖਰ 'ਤੇ ਦਰਜਾ ਪ੍ਰਾਪਤ ਅਤੇ ਸਭ ਤੋਂ ਵੱਧ ਚੁਣੀਆਂ ਜਾਣ ਵਾਲੀਆਂ ਯੂਨੀਵਰਸਿਟੀਆਂ ਵਿਚੋਂ ਇੱਕ ਹੈ। ਸੋਮਵਾਰ ਨੂੰ ਬੋਸਟਨ ਫੈਡਰਲ ਜ਼ਿਲ੍ਹਾ ਅਦਾਲਤ ਵਿਚ ਮੁਕੱਦਮੇ ਦੀ ਸ਼ੁਰੂਆਤ ਤੋਂ ਪਹਿਲਾਂ, ਪ੍ਰਦਰਸ਼ਨਕਾਰੀਆਂ ਦੇ ਸਮੂਹ ਨੇ ਸ਼ਹਿਰ ਦੀਆਂ ਸੜਕਾਂ 'ਤੇ ਪ੍ਰਦਰਸ਼ਨ ਕੀਤਾ। ਇਸ ਦੌਰਾਨ ਦਾਖਲਾ ਨੀਤੀ ਦੌਰਾਨ ਜਾਤ ਨੂੰ ਲੈ ਕੇ ਹੁੰਦੇ ਵਿਤਕਰੇ ਵਿਰੁੱਧ ਉਹ ਆਪਣਾ ਰੋਸ ਜਤਾ ਰਹੇ ਸਨ। ਇਹ ਕੇਸ ਵਾਸ਼ਿੰਗਟਨ ਡੀ.ਸੀ. ਇਲਾਕੇ ਦੇ ਇੱਕ ਸਮੂਹ ਦੁਆਰਾ ਉਜਾਗਰ ਕੀਤਾ ਗਿਆ ਹੈ ਜਿਸਦਾ ਨਾਂ ਸਟੂਡੈਂਟਸ ਫ਼ਾਰ ਫੇਅਰ ਐਡਮਿਸ਼ਨਜ਼ ਹੈ। ਇਹ ਸਮੂਹ ਚਾਹੁੰਦਾ ਹੈ ਕਿ ਅਦਾਲਤਾਂ ਇਹ ਦੱਸਣ ਕਿ ਸਿੱਖਿਆ ਵਿੱਚ ਨਸਲ ਅਧਾਰਤ ਫੈਸਲੇ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਹਨ।

**ਕੇਸ ਕੀ ਦਾਅਵਾ ਕਰਦਾ ਹੈ ?**

ਸਟੂਡੈਂਟਸ ਫ਼ਾਰ ਫੇਅਰ ਐਡਮਿਸ਼ਨਜ਼ ਗਰੁੱਪ ਵੱਲੋਂ ਸਾਹਮਣੇ ਲਿਆਂਦਾ ਗਿਆ ਕੇਸ ਇਹ ਦਾਅਵਾ ਕਰਦਾ ਹੈ ਕਿ ਯੂਨੀਵਰਸਿਟੀ ਬਿਨੈਕਾਰ ਦੀ ਚੋਣ ਵੇਲੇ ਨਸਲੀ ਪਰਖ਼ ਕਰਦੀ ਹੈ। ਇਸ ਦੇ ਨਾਲ ਹੀ ਏਸ਼ੀਆਈ ਅਤੇ ਅਮਰੀਕੀ ਬਿਨੈਕਾਰਾਂ ਨੂੰ ਉੱਚ ਪੱਧਰ ਨੂੰ ਪੂਰਾ ਕਰਨ ਲਈ ਮਜਬੂਰ ਕਰਦੀ ਹੈ। ਸਮੂਹ ਦਾ ਦਾਅਵਾ ਹੈ ਕਿ ਹਾਰਵਰਡ ਇੱਕ ਕੋਟਾ ਪ੍ਰਣਾਲੀ ਜਾਂ "ਜਾਤੀਗਤ ਸੰਤੁਲਨ" ਦੀ ਪ੍ਰਣਾਲੀ ਦਾ ਇਸਤੇਮਾਲ ਕਰਦੀ ਹੈ – ਇਹ ਅਮਲ ਸੰਘੀ ਕਾਨੂੰਨ ਤਹਿਤ ਗ਼ੈਰਕਾਨੂੰਨੀ ਹੁੰਦੇ ਹਨ – ਜੋ ਦੂਜੇ ਨਸਲੀ ਸਮੂਹਾਂ ਲਈ ਜਗ੍ਹਾ ਬਣਾਈ ਰੱਖਣ ਲਈ ਕੈਂਪਸ ਵਿੱਚ ਏਸ਼ੀਆਈ ਵਿਦਿਆਰਥੀਆਂ ਦੀ ਗਿਣਤੀ ਨੂੰ ਸੀਮਤ ਕਰਨ ਲਈ ਵਰਤੇ ਜਾਂਦੇ ਹਨ।

**ਹਾਰਵਰਡ ਯੂਨੀਵਰਸਿਟੀ ਦਾ ਪੱਖ**

ਹਾਰਵਰਡ ਦਾ ਕਹਿਣਾ ਹੈ ਉਹ ਵਿਦਿਆਰਥੀਆਂ ਦੇ ਮੁਲਾਂਕਣ ਲਈ "ਸੰਪੂਰਨ" ਰਣਨੀਤੀ ਵਰਤਦੇ ਹਨ, ਅਤੇ ਜਾਤ ਜਾਂ ਨਸਲ ਇੱਕ ਛੋਟਾ ਜਿਹਾ ਕਾਰਕ ਹੈ। ਅਦਾਰੇ ਮੁਤਾਬਕ ਏਸ਼ੀਆਈ ਵਿਦਿਆਰਥੀਆਂ ਦੀ ਗਿਣਤੀ ਵੱਧ ਰਹੀ ਹੈ ਅਤੇ ਹੁਣ ਇਹ ਗਿਣਤੀ ਵਿਦਿਆਰਥੀ ਸਮੂਹ ਦੀ 23 ਫੀਸਦ ਹੈ। ਹਾਰਵਰਡ ਯੂਨੀਵਰਸਿਟੀ ਦੇ ਡੀਨ ਰਾਕੇਸ਼ ਖ਼ੁਰਾਣਾ ਨੇ ਕਿਹਾ ਕਿ ਵਿਦਿਆਰਥੀਆਂ ਦੀ ਚੋਣ ਕਰਨ ਲਈ ਸਿਰਫ਼ ਚੰਗੇ ਗਰੇਡਜ਼ ਤੋਂ ਇਲਾਵਾ ਵੀ ਬਹੁਤ ਕੁਝ ਹੁੰਦਾ ਹੈ।

**ਮੁਕੱਦਮਾ ਕਰ ਕੌਣ ਰਿਹਾ ਹੈ ?**

ਸਟੂਡੈਂਟਸ ਫ਼ਾਰ ਫੇਅਰ ਐਡਮਿਸ਼ਨਜ਼ ਗਰੁੱਪ ਰੂੜ੍ਹੀਵਾਦੀ ਕਾਰਕੁਨ ਐਡਵਰਡ ਬਲੱਮ ਵੱਲੋਂ ਬਣਾਇਆ ਗਿਆ ਹੈ – ਜੋ ਇਸ ਗੱਲ ਦਾ ਵਿਰੋਧ ਕਰਦਾ ਹੈ ਕਿ ਘੱਟ ਗਿਣਤੀਆਂ ਨੂੰ ਸ਼ਾਮਿਲ ਕਰਨ ਲਈ ਇਹ ਇੱਕ ਸਰਗਰਮ ਕੋਸ਼ਿਸ਼ ਹੈ ਜੋ ਵਿਤਕਰੇ ਕਾਰਨ ਇਤਿਹਾਸਕ ਤੌਰ 'ਤੇ ਹਾਸ਼ੀਏ ਉੱਤੇ ਪਹੁੰਚੇ ਹਨ। ਐਡਵਰਡ ਵੱਲੋਂ ਇਸ ਤੋਂ ਪਹਿਲਾਂ ਟੈਕਸਸ ਯੂਨੀਵਰਸਿਟੀ ਦਾ ਇੱਕ ਕੇਸ ਸਾਹਮਣੇ ਲਿਆਂਦਾ ਗਿਆ ਸੀ, ਜਿਸ ਵਿੱਚ ਇੱਕ ਗੋਰੇ ਵਿਦਿਆਰਥੀ ਵੱਲੋਂ ਉਸ ਨਾਲ ਵਿਤਕਰੇ ਦਾ ਦਾਅਵਾ ਕੀਤਾ ਗਿਆ ਸੀ। ਇਸ ਕੇਸ ਨੂੰ ਅਮਰੀਕੀ ਸੁਪਰੀਮ ਕੋਰਟ ਨੇ 2016 ਵਿੱਚ ਰੱਦ ਕਰ ਦਿੱਤਾ ਸੀ। ਪਰ ਨਤੀਜਾ ਜੋ ਵੀ ਹੋਵੇ, ਹਾਰਨ ਵਾਲੇ ਵੱਲੋਂ ਇਸ ਫ਼ੈਸਲੇ ਨੂੰ ਅਮਰੀਕਾ ਦੀ ਸੁਪਰੀਮ ਕੋਰਟ ਵਿੱਚ ਲੈ ਕੇ ਜਾਣ ਦੀ ਸੰਭਾਵਨਾ ਹੈ।

## ਦੋਵੇਂ ਸਿੰਘ ਭਰਾਵਾਂ ਨੇ 'ਫ਼ੋਰਟਿਸ ਨਾਲ ਕੀਤੀ 4 ਅਰਬ ਡਾਲਰ ਦੀ ਧੋਖਾਧੜੀ



ਚੰਡੀਗੜ੍ਹ : ਸਟਾਕ-ਮਾਰਕਿਟ ਰੈਗੂਲੇਟਰ 'ਸੇਬੀ (ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ) ਨੇ ਫ਼ੈਸਲਾ ਸੁਣਾਇਆ ਹੈ ਕਿ ਭਾਰਤ 'ਚ ਹਸਪਤਾਲਾਂ ਦੀ ਦੂਜੀ ਸਭ ਤੋਂ ਵੱਡੀ ਲੜੀ 'ਫ਼ੋਰਟਿਸ ਹੈਲਥਕੇਅਰ ਦੇ ਸਾਬਕਾ ਮਾਲਕਾਂ ਨੇ ਇਸ ਕੰਪਨੀ ਨਾਲ 4 ਅਰਬ ਰੁਪਏ ਦੀ ਧੋਖਾਧੜੀ ਕੀਤੀ ਹੈ ਤੇ ਉਹ ਰਕਮ ਉਨ੍ਹਾਂ ਨੂੰ ਮੋੜਨੀ ਹੋਵੇਗੀ।

'ਸੇਬੀ' ਨੇ ਕਿਹਾ ਹੈ ਕਿ ਉਹ 'ਫ਼ੋਰਟਿਸ ਹੈਲਥਕੇਅਰ ਲਿਮਿਟੇਡ' ਵਿੱਚ ਹੋਈ ਕਥਿਤ ਧੋਖਾਧੜੀ ਦੀ ਜਾਂਚ ਜਾਰੀ ਰੱਖੇਗਾ ਕਿਉਂਕਿ ਹਾਲੇ ਇਹ ਪਤਾ ਲਾਇਆ ਜਾਣਾ ਹੈ ਕਿ ਇਸ ਮਾਮਲੇ 'ਚ ਇਨ੍ਹਾਂ ਦੋਵੇਂ ਸਿੰਘ ਭਰਾਵਾਂ ਮਲਵਿੰਦਰ ਸਿੰਘ ਤੇ ਸ਼ਿਵਿੰਦਰ ਸਿੰਘ ਤੋਂ ਇਲਾਵਾ ਹੋਰ ਕਿਹੜੇ-ਕਿਹੜੇ ਵਿਅਕਤੀ ਸ਼ਾਮਲ ਸਨ। ਦੋਵੇਂ ਭਰਾਵਾਂ ਨੂੰ 'ਸੇਬੀ' ਨੇ 4 ਅਰਬ ਰੁਪਏ ਦੀ ਰਕਮ ਵਾਪਸ ਕਰਨ ਲਈ ਤਿੰਨ ਮਹੀਨਿਆਂ ਦਾ ਸਮਾਂ ਦਿੱਤਾ ਹੈ। 'ਸੇਬੀ' ਨੇ ਇਸ ਮਾਮਲੇ ਦੀ ਜਾਂਚ ਇਸੇ ਵਰ੍ਹੇ ਫ਼ਰਵਰੀ ਮਹੀਨੇ ਸ਼ੁਰੂ ਕੀਤੀ ਸੀ; ਜਦੋਂ 'ਬਲੂਮਬਰਗ' ਨੇ ਆਪਣੀ ਇੱਕ ਰਿਪੋਰਟ ਰਾਹੀਂ ਇਹ ਮੁੱਦਾ ਚੁੱਕਿਆ ਸੀ। ਉੱਧਰ ਸਿੰਘ ਭਰਾਵਾਂ ਦੇ ਬੁਲਾਰੇ ਨੇ ਇਸ ਰੈਗੂਲੇਟਰੀ ਹੁਕਮ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਕਿਸੇ ਵੇਲੇ ਫ਼ੋਰਟਿਸ 'ਤੇ ਦੋਵੇਂ ਸਿੰਘ ਭਰਾਵਾਂ ਦਾ ਕਬਜ਼ਾ ਸੀ ਪਰ ਹੁਣ ਉਨ੍ਹਾਂ ਦੀਆਂ ਦੇਣਦਾਰੀਆਂ ਇੰਨੀਆਂ ਜ਼ਿਆਦਾ ਵਧ ਚੁੱਕੀਆਂ ਹਨ ਕਿ ਉਨ੍ਹਾਂ ਦੀ ਜ਼ਿਆਦਾਤਰ ਜਮ੍ਹਾ-ਪੂੰਜੀ ਖ਼ਤਮ ਹੋ ਚੁੱਕੀ ਹੈ। ਇਸ ਤੋਂ ਪਹਿਲਾਂ ਇੱਕ ਅਦਾਲਤੀ ਕੇਸ ਦਾ ਨਿਬੇੜਾ ਕਰਨ ਲਈ ਉਹ ਜਾਪਾਨੀ ਦਵਾ ਕੰਪਨੀ 'ਦਾਈਚੀ ਸੈਨਕਯੋ ਕੰਪਨੀ ਨੂੰ 50 ਕਰੋੜ ਅਮਰੀਕੀ ਡਾਲਰ ਅਦਾ ਕਰ ਚੁੱਕੇ ਹਨ। ਉਹ ਮਾਮਲਾ ਵੀ ਕਥਿਤ ਧੋਖਾਧੜੀ ਦਾ ਹੀ ਸੀ।

## ਕੈਨੇਡਾ ਵਿੱਚ ਦੁਕਾਨਾਂ 'ਚ ਵਿਕੇਗੀ ਭੰਗ, ਨਿੱਜੀ ਇਸਤੇਮਾਲ ਦੀ ਮਿਲੀ ਇਜਾਜ਼ਤ



ਟੋਰਾਂਟੋ : ਕੈਨੇਡਾ ਵਿੱਚ ਨਿੱਜੀ ਇਸਤੇਮਾਲ ਲਈ ਭੰਗ ਰੱਖਣ ਨੂੰ ਕਾਨੂੰਨੀ ਤੌਰ 'ਤੇ ਇਜਾਜ਼ਤ ਮਿਲ ਗਈ ਹੈ। ਉਰੂਗੋਏ ਤੋਂ ਬਾਅਦ ਕੈਨੇਡਾ ਨਿੱਜੀ ਤੌਰ 'ਤੇ ਭੰਗ ਰੱਖਣ ਅਤੇ ਇਸਤੇਮਾਲ ਕਰਨ ਦੀ ਇਜਾਜ਼ਤ ਦੇਣ ਵਾਲਾ ਦੂਜਾ ਦੇਸ ਹੈ। ਸਰਕਾਰ ਵੱਲੋਂ ਕਰੀਬ 1.5 ਕਰੋੜ ਪਰਿਵਾਰਾਂ ਨੂੰ ਈਮੇਲ ਰਾਹੀਂ ਨਵੇਂ ਕਾਨੂੰਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸਰਕਾਰ ਵੱਲੋਂ ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾਣਗੀਆਂ। ਨਵੇਂ ਕਾਨੂੰਨ ਨਾਲ ਪੁਲਿਸ ਲਈ ਸਭ ਤੋਂ ਵੱਡੀ ਚੁਣੌਤੀ ਹੈ ਡਰੱਗਸ ਲੈ ਕੇ ਗੱਡੀ ਚਲਾਉਣ ਵਾਲਿਆਂ ਨਾਲ ਕਿਵੇਂ ਨਜਿੱਠਿਆ ਜਾਵੇ। ਕੈਨੇਡਾ ਦੇ ਸੂਬੇ ਅਤੇ ਪ੍ਰਸ਼ਾਸਨ ਮਹੀਨਿਆਂ ਤੋਂ ਇਸ ਪਾਬੰਦੀ ਨੂੰ ਖ਼ਤਮ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ।

ਬੁੱਧਵਾਰ ਨੂੰ ਕੈਨੇਡਾ ਦੇ ਸੂਬੇ ਨਿਊਫਾਊਂਡਲੈਂਡ ਵਿੱਚ ਸਭ ਤੋਂ ਪਹਿਲਾਂ ਭੰਗ ਦੀ ਕਾਨੂੰਨੀ ਤੌਰ 'ਤੇ ਵਿਕਰੀ ਸ਼ੁਰੂ ਹੋਈ। ਭੰਗ ਦੀ ਕਾਨੂੰਨੀ ਵਿਕਰੀ ਨੂੰ ਲੈ ਕੇ ਕਈ ਸਵਾਲ ਹਨ ਜਿਨ੍ਹਾਂ ਦੇ ਜਵਾਬ ਦੇਣੇ ਬਾਕੀ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਨਿੱਜੀ ਤੌਰ 'ਤੇ ਭੰਗ ਦੀ ਵਿਕਰੀ ਨੂੰ ਇਜਾਜ਼ਤ ਮਿਲਣ ਨਾਲ ਭੰਗ ਦੀ ਮੰਗ ਵਧੇਗੀ ਜਿਸ ਨੂੰ ਪੂਰਾ ਕਰਨਾ ਇੱਕ ਵੱਡੀ ਚੁਣੌਤੀ ਹੈ। ਓਨਟਾਰਿਓ ਵਿੱਚ ਕੁਝ ਮਹੀਨੇ ਬਾਅਦ ਭੰਗ ਦੀ ਵਿਕਰੀ ਸ਼ੁਰੂ ਹੋਵੇਗੀ। ਹਾਲਾਂਕਿ ਲੋਕ ਆਨਲਾਈਨ ਭੰਗ ਨੂੰ ਆਡਰ ਕਰ ਸਕਦੇ ਹਨ।

ਇਸੇ ਤਰ੍ਹਾਂ ਬ੍ਰਿਟਿਸ਼ ਕੋਲੰਬੀਆ ਜਿੱਥੇ ਵੱਡੀ ਮਾਤਰਾ ਵਿੱਚ ਭੰਗ ਇਸਤੇਮਾਲ ਹੁੰਦੀ ਹੈ, ਉੱਥੇ ਕੇਵਲ ਇੱਕ ਹੀ ਸਟੋਰ ਖੋਲ੍ਹਿਆ ਗਿਆ ਹੈ।

**ਕੈਨੇਡਾ ਵਿੱਚ ਭੰਗ ਦੀ ਵਿਕਰੀ ਨੂੰ ਕਿਉਂ ਮਿਲੀ ਇਜਾਜ਼ਤ ?**

ਭੰਗ ਬਾਰੇ ਇਸ ਫੈਸਲੇ ਨਾਲ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣਾ 2015 ਦੀਆਂ ਚੋਣਾਂ ਵੇਲੇ ਕੀਤਾ ਵਾਅਦਾ ਪੂਰਾ ਕੀਤਾ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਤਰਕ ਹੈ ਕਿ ਕੈਨੇਡਾ ਦੇ ਡਰੱਗਸ ਸਬੰਧੀ ਇੱਕ ਸਦੀ ਪੁਰਾਣੇ ਕਾਨੂੰਨ ਹੁਣ ਬੇਅਸਰ ਹਨ ਤੇ ਕੈਨੇਡਾ ਵਿੱਚ ਅਜੇ ਵੀ ਕਾਫੀ ਲੋਕ ਇਸ ਦਾ ਸੇਵਨ ਕਰਦੇ ਹਨ। ਉਨ੍ਹਾਂ ਕਿਹਾ ਕਿ ਨਵਾਂ ਕਾਨੂੰਨ ਇਸ ਤਰੀਕੇ ਨਾਲ ਬਣਾਇਆ ਗਿਆ ਹੈ ਜਿਸ ਨਾਲ ਡਰੱਗਸ ਬੱਚਿਆਂ ਤੋਂ ਦੂਰ ਰਹਿਣਗੇ ਅਤੇ ਡਰੱਗਸ ਦਾ ਮੁਨਾਫਾ ਅਪਰਾਧੀਆਂ ਤੋਂ ਦੂਰ ਰਹੇਗਾ। ਸਰਕਾਰ ਨੂੰ ਉਮੀਦ ਹੈ ਕਿ ਭੰਗ ਦੀ ਵਿਕਰੀ ਨਾਲ ਉਸ ਨੂੰ ਸਾਲਾਨਾ 400 ਮਿਲੀਅਨ ਡਾਲਰ ਦੀ ਟੈਕਸ ਆਮਦਨ ਹੋਵੇਗੀ।

**ਕੀ ਹੈ ਨਵਾਂ ਕਾਨੂੰਨ ?**

ਕੋਈ ਵੀ ਬਾਲਗ ਲਾਈਸੈਂਸਸ਼ੁਦਾ ਪ੍ਰੋਡਿਊਸਰ ਜਾਂ ਰਿਟੇਲਰ ਤੋਂ ਭੰਗ ਦਾ ਤੇਲ, ਬੀਜ, ਪੌਧੇ ਅਤੇ ਸੁੱਕੀ ਭੰਗ ਖਰੀਦ ਸਕਦਾ ਹੈ। ਕੋਈ ਬਾਲਗ ਵਿਅਕਤੀ ਜਨਤਕ ਥਾਂਵਾਂ 'ਤੇ ਉਹ 30 ਗ੍ਰਾਮ ਭੰਗ ਲੈ ਕੇ ਜਾ ਸਕਦਾ ਹੈ। ਭੰਗ ਨਾਲ ਬਣੇ ਪਦਾਰਥ ਦੀ ਵਿਕਰੀ ਸ਼ੁਰੂ ਹੋਣ ਵਿੱਚ ਇੱਕ ਸਾਲ ਤੱਕ ਲੱਗ ਸਕਦਾ ਹੈ।

**ਭੰਗ ਦੀ ਵਿਕਰੀ ਨੂੰ ਲੈ ਕੇ ਕੀ ਹੈ ਚਿੰਤਾ ?**

ਭੰਗ ਦੀ ਵਿਕਰੀ ਨੂੰ ਲੈ ਕੇ ਮਿਲੀ ਕਾਨੂੰਨੀ ਇਜਾਜ਼ਤ ਨਾਲ ਇਹੀ ਨਹੀਂ ਹੈ ਕਿ ਇਸ ਨਾਲ ਸਿਹਤ ਨੂੰ ਹੁੰਦੇ ਨੁਕਸਾਨ ਬਾਰੇ ਫਿਕਰ ਖ਼ਤਮ ਹੋ ਗਈ ਹੈ।

ਕੈਨੇਡਾ ਦੀ ਮੈਡੀਕਲ ਐਸੋਸੀਏਸ਼ਨ ਨੇ ਇੱਕ ਜਰਨਲ ਵਿੱਚ ਲਿਖੇ ਸੰਪਾਦਕੀ ਵਿੱਚ ਇਸ ਫੈਸਲੇ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਕੌਮੀ ਪੱਧਰ 'ਤੇ ਕੀਤੇ ਜਾ ਰਹੇ ਇਸ ਤਜ਼ਰਬੇ ਨਾਲ ਭੰਗ ਦੇ ਉਤਪਾਦਕਾਂ ਦੇ ਮੁਨਾਫੇ ਤੇ ਟੈਕਸ ਆਮਦਨ ਲਈ ਕੈਨੇਡਾ ਦੇ ਲੋਕਾਂ ਦੀ ਸਿਹਤ ਨੂੰ ਤਾਕ 'ਤੇ ਰੱਖਿਆ ਜਾ ਰਿਹਾ ਹੈ। ਸਰਕਾਰੀ ਅਧਿਕਾਰੀਆਂ ਵੱਲੋਂ ਕਿਹਾ ਜਾ ਰਿਹਾ ਹੈ ਕਿ ਸਰਕਾਰ ਉਨ੍ਹਾਂ ਲੋਕਾਂ ਨੂੰ ਮੁਆਫੀ ਦੇਣ ਬਾਰੇ ਫਾਸਟ ਟ੍ਰੈਕ ਪ੍ਰਕਿਰਿਆ ਬਾਰੇ ਵਿਚਾਰ ਕਰ ਰਹੀ ਹੈ ਜਿਨ੍ਹਾਂ ਕੋਲ ਹੁਣ ਤੈਅ ਕੀਤੀ ਮਾਤਰਾ ਵਿੱਚ ਭੰਗ ਫੜੀ ਗਈ ਸੀ। ਕੈਨੇਡਾ ਵੱਚ ਅਜਿਹੇ ਲੋਕਾਂ ਦੀ ਗਿਣਤੀ 50,000 ਹੈ ਜਿਨ੍ਹਾਂ 'ਤੇ ਭੰਗ ਰੱਖਣ ਦੇ ਇਲਜ਼ਾਮ ਲੱਗੇ ਹੋਏ ਹਨ।

ਘੱਟ ਲਾਗਤ ਬੀਮਾ

× ਵਪਾਰ × ਦੇਣਦਾਰੀ × ਅਪਾਹਜਤਾ × ਵਰਕਰਜ਼ ਕੰਪ × E & O × ਆਟੋ × ਘਰ

Tel :917-612-3158

(See Full Page Advt. on Page 13)

# ਆਪ ਦੇ ਬਾਗ਼ੀ ਸੁਖਪਾਲ ਖਹਿਰਾ ਨੇ ਕੀਤਾ ਨਵਾਂ ਸਿਆਸੀ ਫ਼ਰੰਟ ਬਣਾਉਣ ਦਾ ਫ਼ੈਸਲਾ

ਚੰਡੀਗੜ੍ਹ- 7 ਅਕਤੂਬਰ ਦੇ ਬਰਗਾੜੀ ਮਾਰਚ ਵਿੱਚ ਹੋਏ ਲੋਕਾਂ ਦੇ ਇਕੱਠ ਤੋਂ ਬਾਗੋ-ਬਾਗ ਆਮ ਆਦਮੀ ਪਾਰਟੀ ਦੇ ਬਾਗ਼ੀ ਸੁਖਪਾਲ ਸਿੰਘ ਖਹਿਰਾ ਨੇ ਆਪਣੀ ਨਵੀਂ ਪਾਰਟੀ ਬਣਾਉਣ ਦੀ ਤਿਆਰੀ ਕਰ ਲਈ ਹੈ। ਜਸਟਿਸ ਰਣਜੀਤ ਸਿੰਘ (ਸੇਵਾ ਮੁਕਤ) ਕਮਿਸ਼ਨ ਦੀ ਰਿਪੋਰਟ ਪੇਸ਼ ਹੋਣ ਤੋਂ ਬਾਅਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਸਿੱਖ ਪ੍ਰਦਰਸਨਕਾਰੀਆਂ ਉੱਤੇ ਗੋਲੀਆਂ ਚਲਾਉਣ ਦੇ ਦੋਸ਼ੀਆਂ ਨੂੰ ਸਜ਼ਾ ਦੀ ਮੰਗ ਕਰਨ ਲਈ ਕੋਟਕਪੂਰਾ ਤੋਂ ਬਰਗਾੜੀ ਤੱਕ ਇੱਕ ਰੋਸ ਮਾਰਚ ਦਾ ਪ੍ਰਬੰਧ ਕੀਤਾ ਗਿਆ ਸੀ। ਇਸ ਮਾਰਚ ਨੂੰ ਸਿੱਖਾਂ ਦਾ ਵੱਡਾ ਜਨਤਕ ਸਮਰਥਨ ਮਿਲਿਆ। ਕਈ ਰੈਡੀਕਲ ਸਿੱਖ ਜਥੇਬੰਦੀਆਂ ਨਾਲ ਇਕਜੁੱਟਤਾ ਦਿਖਾਉਂਦੇ ਹੋਏ ਖਹਿਰਾ ਨੇ ਇਸ ਮਾਰਚ ਨੂੰ ਸਫਲ ਬਣਾਉਣ ਲਈ ਪੂਰਾ ਜ਼ੋਰ ਲਾ ਦਿੱਤਾ ਸੀ। ਹੁਣ ਆਪ ਦੇ ਬਾਗ਼ੀ ਨੇਤਾ ਸੁਖਪਾਲ ਖਹਿਰਾ ਨੇ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣਾ ਨਵਾਂ ਮੋਰਚਾ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਕਦਮ ਨਾਲ ਪੰਜਾਬ ਦੀ ਰਾਜਨੀਤੀ ਨੂੰ ਵੱਡਾ ਝਟਕਾ ਲੱਗ ਸਕਦਾ ਹੈ ਕਿਉਂਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਹੁਣ ਖਹਿਰਾ ਅਤੇ ਸੱਤ ਹੋਰ ਵਿਧਾਇਕਾਂ ਨੂੰ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਦਿਖਾਉਣ ਲਈ ਮਜਬੂਰ ਹੋਣਾ ਪਵੇਗਾ। ਇਸ ਨਾਲ ਆਮ ਆਦਮੀ ਪਾਰਟੀ ਹੁਣ ਮੁੱਖ ਵਿਰੋਧੀ ਧਿਰ ਵੀ ਨਹੀਂ ਰਹੇਗੀ। ਸੂਬਾ ਵਿਧਾਨ ਸਭਾ ਵਿੱਚ ਪਾਰਟੀ ਦੇ ਮੌਜੂਦਾ 20 ਵਿਧਾਇਕ ਹਨ ਜਦਕਿ 8 ਵਿਧਾਇਕ ਖਹਿਰਾ ਦੀ ਪਾਰਟੀ ਨਾਲ ਜੁੜ ਜਾਣਗੇ। ਮਤਲਬ ਕਿ ਆਪ ਹੁਣ ਤੀਜੇ ਸਥਾਨ 'ਤੇ ਚਲੀ ਜਾਵੇਗੀ। ਅਕਾਲੀ ਦਲ-ਭਾਜਪਾ ਗੱਠਜੋੜ ਦੇ 17 ਵਿਧਾਇਕ ਹਨ ਜੋ ਨਵੀਂ ਵਿਰੋਧੀ ਧਿਰ ਬਣੇਗੀ।

ਜੂਨ 'ਚ ਵਿਰੋਧੀ ਧਿਰ ਦੇ ਨੇਤਾ ਦੇ ਤੌਰ 'ਤੇ ਹਟਾਏ ਜਾਣ ਤੋਂ ਬਾਅਦ ਖਹਿਰਾ ਖੁੱਲ੍ਹੇਆਮ ਕੇਜਰੀਵਾਲ ਦੇ ਅਧਿਕਾਰ ਨੂੰ ਚੁਣੌਤੀ ਦੇ ਰਹੇ ਹਨ। ਉਹ ਹੁਣ ਅਕਾਲੀਆਂ, ਕਾਂਗਰਸ ਅਤੇ ਆਪ ਦੇ ਪੰਥਕ ਏਜੰਡੇ ਨੂੰ ਚੋਰੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਖਹਿਰਾ ਨੇ ਕਿਹਾ, "ਬਾਦਲਾਂ ਅਤੇ ਉਨ੍ਹਾਂ ਦੇ ਪੰਥਕ ਏਜੰਡੇ ਦਾ ਪਰਦਾਫ਼ਾਸ਼ ਹੋ ਗਿਆ ਹੈ। ਹੁਣ ਕਿਸੇ ਨੂੰ ਸਿੱਖ ਕੌਮ ਲਈ ਇੱਥੇ ਹੋਣਾ ਚਾਹੀਦਾ ਹੈ। ਅਸੀਂ ਉਨ੍ਹਾਂ ਦੀ ਆਵਾਜ਼ ਬਣਾਂਗੇ। ਬਰਗਾੜੀ ਵਿੱਚ ਐਤਵਾਰ ਨੂੰ ਪੰਜਾਬ ਦੇ ਲੋਕਾਂ ਦੇ ਉਭਾਰ ਨੇ ਸਾਬਤ ਕੀਤਾ ਹੈ ਕਿ ਉਹ ਹੁਣ ਰਵਾਇਤੀ ਪਾਰਟੀਆਂ 'ਤੇ ਭਰੋਸਾ ਨਹੀਂ ਕਰਨਗੇ।" 7 ਅਕਤੂਬਰ ਨੂੰ ਹੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਉਸੇ ਦਿਨ ਇਕ ਦੂਜੇ ਦੇ ਗੜ੍ਹ ਵਿੱਚ ਬਰਾਬਰ ਰੈਲੀਆਂ ਕੀਤੀਆਂ ਸਨ ਅਤੇ ਇੱਕ-ਦੂਜੇ 'ਤੇ ਕਈ ਦੋਸ਼ ਲਗਾਏ ਸਨ। ਇਹ ਪੁੱਛੇ ਜਾਣ 'ਤੇ ਕਿ ਉਨ੍ਹਾਂ ਨੇ



'ਆਪ' ਨਾਲ ਗੱਲਬਾਤ ਦੇ ਸਾਰੇ ਦਰਵਾਜ਼ਿਆਂ ਨੂੰ ਕੀ ਹੁਣ ਬੰਦ ਕਰ ਦਿੱਤਾ ਹੈ ਤਾਂ ਖਹਿਰਾ ਨੇ ਕਿਹਾ ਕਿ ਪਾਰਟੀ ਵੱਲੋਂ ਗੱਲਬਾਤ ਕਰਨ ਦੀ ਕੋਈ ਵੀ ਗੰਭੀਰ ਕੋਸ਼ਿਸ਼ ਨਹੀਂ ਕੀਤੀ ਗਈ। "ਲੋਕਾਂ ਨੇ 'ਆਪ' ਨੂੰ ਤੀਸਰਾ ਬਦਲ ਮੰਨਿਆ ਸੀ ਪਰ ਇਹ ਵੀ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ ਹੈ। ਉਹੀ ਆਪ ਨੇਤਾਵਾਂ ਜਿਨ੍ਹਾਂ ਨੇ ਵਿਰੋਧੀ ਧਿਰ ਆਗੂ ਦੇ ਤੌਰ 'ਤੇ ਬਰਗਾੜੀ ਬੈਠਕ ਵਿੱਚ ਮੇਰੇ ਹਿੱਸਾ ਲੈਣ ਦਾ ਵਿਰੋਧ ਕੀਤਾ ਸੀ ਉਹ ਹੁਣ ਮਾਰਚ ਵਿੱਚ ਚਲੇ ਗਏ ਅਤੇ ਉੱਥੇ ਜਾ ਕੇ ਬੈਠੇ। ਪਾਰਟੀ ਦੀ ਕੋਈ ਵੀ ਸਹੀ ਵਿਚਾਰਧਾਰਾ ਨਹੀਂ ਹੈ।"

ਖਹਿਰਾ ਪਹਿਲਾਂ 2022 ਦੀਆਂ ਸੂਬਾ ਵਿਧਾਨ ਸੂਬਾ ਚੋਣਾਂ ਮੌਕੇ ਆਪਣੀ ਪਾਰਟੀ ਬਣਾਉਣ ਦਾ ਫੈਸਲਾ ਕਰ ਚੁੱਕੇ ਸਨ ਤਾਂ ਜੋ ਬਾਗ਼ੀ ਵਿਧਾਇਕਾਂ ਨੂੰ ਤੁਰੰਤ ਦੋਬਾਰਾ ਉਪ-ਚੋਣਾਂ ਦਾ ਸਾਹਮਣਾ ਨਾ ਕਰਨਾ ਪਵੇ। ਪਰ ਬਰਗਾੜੀ ਮਾਰਚ ਨੇ ਸਕ੍ਰਿਪਟ ਨੂੰ ਬਦਲ ਦਿੱਤਾ। ਖਹਿਰਾ ਦੇ ਹਿਮਾਇਤੀ ਬਾਗੀ ਵਿਧਾਇਕਾਂ ਵਿੱਚੋਂ ਇੱਕ ਨੇ ਕਿਹਾ, "ਆਪ 'ਕੇਜਰੀਵਾਲ ਦੀ ਪੰਜਾਬ ਆਧਾਰਤ ਮੰਡਲੀ' ਦੁਆਰਾ ਚਲਾਇਆ ਜਾ ਰਿਹਾ ਹੈ। ਇਹ ਇੱਕੋ ਜਿਹਾ ਸੋਚਣ ਵਾਲੇ ਲੋਕਾਂ ਲਈ ਨਵੇਂ ਮੋਰਚੇ ਨੂੰ ਸ਼ੁਰੂ ਕਰਨ ਦਾ ਸਹੀ ਸਮਾਂ ਹੈ। ਅਸੀਂ ਆਮ ਆਦਮੀ ਪਾਰਟੀ ਦੇ ਹੋਰ ਵਿਧਾਇਕਾਂ ਨਾਲ ਸੰਪਰਕ ਵਿਚ ਹਾਂ। ਅਸੀਂ ਬਸਪਾ ਅਤੇ ਖੱਬੇ ਪੱਖੀ ਪਾਰਟੀਆਂ ਨੂੰ ਵੀ ਸਾਡੇ ਨਾਲ ਸ਼ਾਮਲ ਹੋਣ ਲਈ ਸੱਦਾ ਦੇਵਾਂਗੇ। ਅਸੰਤੁਸ਼ਟ ਅਕਾਲੀ ਅਤੇ ਕਾਂਗਰਸੀ ਨੇਤਾ ਆਪਣੇ-ਆਪ ਆ ਜਾਣਗੇ।"

ਜਦੋਂ ਕਿ ਇਹ ਇੱਕ ਪੰਥਕ ਫਰੰਟ ਹੋਵੇਗਾ, ਖਹਿਰਾ ਇਸ ਨੂੰ ਸਿੱਖ ਕੱਟੜਪੰਥੀਆਂ ਤੇ ਖਾਲਿਸਤਾਨ ਨਾਲ ਝੁਕਾਅ ਰੱਖਣ ਵਾਲੇ ਦਲਾਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ, ਮੁਤਵਜ਼ੀ ਜਥੇਦਾਰਾਂ ਤੇ ਹੋਰ ਸਿੱਖ ਜਥੇਬੰਦੀਆਂ ਨਾਲ ਖੁੱਲ੍ਹ ਕੇ ਰਲੇਵੇਂ ਵਿੱਚ ਸ਼ਾਮਲ ਹੋਣ ਦੀ ਇੱਛਾ ਨਹੀਂ ਰੱਖਦੇ। ਇਸੇ ਬਾਗ਼ੀ ਵਿਧਾਇਕ ਨੇ ਕਿਹਾ ਕਿ ਪੰਥਕ ਵੋਟਾਂ ਆਪਣੇ ਆਪ ਹੀ ਸਾਡੇ ਨਾਲ ਆ ਜਾਣਗੀਆਂ।

ਇਹ ਨਵਾਂ ਮੋਰਚਾ ਅਕਾਲੀਆਂ, ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਚੋਣ ਨਤੀਜਿਆਂ ਨੂੰ ਖਰਾਬ ਕਰ ਸਕਦਾ ਹੈ। ਪਰ ਸੱਤਾਧਾਰੀ ਪਾਰਟੀ ਅਜੇ ਵੀ ਚਿੰਤਤ ਨਹੀਂ ਹੈ।

ਕਾਂਗਰਸ ਪ੍ਰਧਾਨ ਦੇ ਮੁਖੀ ਸੁਨੀਲ ਜਾਖੜ ਨੇ ਕਿਹਾ ਕਿ "ਅਸੀਂ ਅਕਾਲੀਆਂ ਅਤੇ ਆਪ ਵਿੱਚ ਟੁੱਟ ਤੋਂ ਲਾਭ ਪ੍ਰਾਪਤ ਕਰਾਂਗੇ; ਉਨ੍ਹਾਂ ਦੇ ਅਸਲੀ ਰੰਗਾਂ ਦਾ ਖੁਲਾਸਾ ਹੋ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਨੂੰ 'ਢਾਈ ਮਰਦ' ਚਲਾ ਰਹੇ ਸਨ-ਬਾਦਲ, ਉਨ੍ਹਾਂ ਦਾ ਬੇਟਾ ਸੁਖਬੀਰ ਤੇ ਸੁਖਬੀਰ ਦਾ ਸਾਲਾ (ਬਿਕਰਮ ਸਿੰਘ ਮਜੀਠੀਆ)। 'ਸੁਖਬੀਰ ਅਕਾਲੀ ਦਲ' ਖਤਮ ਹੋ ਜਾਵੇਗਾ ਅਤੇ ਇੱਕ ਨਵਾਂ ਸ਼੍ਰੋਮਣੀ ਅਕਾਲੀ ਦਲ ਉਭਰੇਗਾ। ਖਹਿਰਾ ਇਹ ਸੋਚਦੇ ਹਨ ਕਿ ਉਹ ਪੰਥਕ ਏਜੰਡੇ ਨਾਲ ਚਿਪਕ ਕੇ ਆਪਣੀ ਬੇੜੀ ਪਾਰ ਲਾ ਲੈਣਗੇ। ਇਹ ਪੂਛ ਦਾ ਕੁੱਤੇ ਨੂੰ ਕੁਚਲ ਦੇਣ ਵਰਗਾ ਹੋਵੇਗਾ। ਸਾਡੀ ਸਰਕਾਰ ਬੇਅਦਬੀ ਰਿਪੋਰਟ ਉੱਤੇ ਜਲਦੀ ਤੋਂ ਜਲਦੀ ਕਾਰਵਾਈ ਕਰੇਗੀ। ਅਸੀਂ ਲੋਕਾਂ ਦੇ ਜ਼ਖਮਾਂ ਉੱਤੇ ਮੱਲ੍ਹਮ ਲਾਵਾਂਗੇ। ਪਰ ਐਸਆਈਟੀ ਦੇ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਹੀ ਇਹ ਸਭ ਹੋ ਸਕੇਗਾ। ਸਾਰਾ ਕੁਝ ਕਾਨੂੰਨ ਦੇ ਘੇਰੇ ਹੇਠ ਹੋਊ।

# ਦੀਵਾਲੀ ਤੋਂ ਪਹਿਲਾਂ ਬਦਲੇ ਜਾ ਸਕਦੇ ਹਨ ਅਕਾਲ ਤਖਤ ਦੇ ਮੌਜੂਦਾ ਜਥੇਦਾਰ

ਬਠਿੰਡਾ— ਦੀਵਾਲੀ ਤੋਂ ਪਹਿਲਾਂ ਅਕਾਲ ਤਖਤ ਦੇ ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਬਦਲਿਆ ਜਾ ਸਕਦਾ ਹੈ। ਜਾਣਕਾਰੀ ਮੁਤਾਬਕ, ਸ਼੍ਰੋਮਣੀ ਅਕਾਲੀ ਦਲ ਨੇ ਚੁੱਪ-ਚਪੀਤੇ ਨਵੇਂ ਜਥੇਦਾਰ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉੱਥੇ ਹੀ, ਗਿਆਨੀ ਗੁਰਬਚਨ ਸਿੰਘ ਵੀ ਅਹੁਦਾ ਛੱਡਣ ਦੀ ਤਿਆਰੀ 'ਚ ਹਨ ਅਤੇ ਅੰਦਰਖਾਤੇ ਅਹੁਦਾ ਛੱਡਣ ਦੀ ਪੇਸ਼ਕਸ਼ ਵੀ ਲੀਡਰਸ਼ਿਪ ਕੋਲ ਕਰ ਦਿੱਤੀ ਹੈ। ਭਾਵੇਂ ਸ਼੍ਰੋਮਣੀ ਕਮੇਟੀ ਵੱਲੋਂ ਨਵੇਂ ਜਥੇਦਾਰ ਦੀ ਨਿਯੁਕਤੀ ਕੀਤੀ ਜਾਣੀ ਹੈ ਪਰ ਬਾਦਲ ਪਰਿਵਾਰ ਨਵੇਂ ਜਥੇਦਾਰ ਦੀ ਤਲਾਸ਼ 'ਚ ਜੁਟਿਆ ਹੋਇਆ ਹੈ। ਸੂਤਰਾਂ ਮੁਤਾਬਕ, ਸੁਖਬੀਰ ਸਿੰਘ ਬਾਦਲ ਭਰੋਸੇਮੰਦ ਜਥੇਦਾਰ ਨੂੰ ਨਿਯੁਕਤ ਕਰਨਾ ਚਾਹੁੰਦੇ ਹਨ ਅਤੇ ਸੀਨੀਅਰ ਲੀਡਰਸ਼ਿਪ ਵੱਲੋਂ ਕਈ ਨਾਮ ਜਥੇਦਾਰ ਦੇ ਅਹੁਦੇ ਲਈ ਸੁਝਾਏ ਵੀ ਗਏ ਹਨ ਪਰ ਬਾਦਲ ਪਰਿਵਾਰ ਨੂੰ ਕੋਈ ਢੁਕਵਾਂ ਨਾਮ ਨਹੀਂ ਮਿਲ ਰਿਹਾ ਹੈ। ਬਾਦਲ ਪਰਿਵਾਰ ਅਜਿਹੀ ਸ਼ਖਸੀਅਤ ਦੀ ਤਲਾਸ਼ 'ਚ ਹੈ ਜਿਸ ਨਾਲ ਪੁਰਾਣੇ ਦਾਗ ਵੀ ਧੋਤੇ ਜਾ ਸਕਣ ਅਤੇ ਵਿਦੇਸ਼ਾਂ 'ਚ ਵੱਸਦੇ ਸਿੱਖਾਂ 'ਚ ਵੀ ਉਹ ਮਨਜ਼ੂਰ ਹੋਣ। ਰਿਪੋਰਟਾਂ ਮੁਤਾਬਕ, ਜੇਕਰ ਸ਼੍ਰੋਮਣੀ ਅਕਾਲੀ ਦਲ ਨੂੰ ਤਲਾਸ਼ 'ਚ ਕਾਮਯਾਬੀ ਮਿਲੀ ਤਾਂ ਇਸ ਵਾਰ ਬੰਦੀ ਛੋੜ ਦਿਵਸ ਮੌਕੇ ਕੌਮ ਦੇ ਨਾਮ ਸੰਦੇਸ਼ ਨਵਾਂ ਜਥੇਦਾਰ ਦੇਵੇਗਾ। ਜ਼ਿਕਰਯੋਗ ਹੈ ਕਿ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਭ ਤੋਂ ਵੱਧ ਉਦੋਂ ਵਿਵਾਦਾਂ 'ਚ ਆਏ ਸਨ, ਜਦੋਂ ਉਨ੍ਹਾਂ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫੀ ਦੇ ਦਿੱਤੀ ਸੀ। ਉਨ੍ਹਾਂ 'ਤੇ ਸਭ ਤੋਂ ਵੱਧ ਇਲਜ਼ਾਮ ਇਹੋ ਹਨ ਕਿ ਉਨ੍ਹਾਂ ਨੇ ਸਿਆਸੀ ਦਬਾਅ ਹੇਠ ਕੰਮ ਕੀਤਾ ਅਤੇ ਅਕਾਲ ਤਖਤ ਦੀ ਮਰਿਆਦਾ ਦਾ ਵੀ ਖਿਆਲ ਨਹੀਂ ਕੀਤਾ।



ਉੱਥੇ ਹੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੀ ਕੋਈ ਗੱਲ ਸਾਹਮਣੇ ਨਹੀਂ ਆਈ ਹੈ। ਜੇਕਰ ਜਥੇਦਾਰ ਅਸਤੀਫੇ ਸੰਬੰਧੀ ਕੋਈ ਗੱਲ ਰੱਖਣਗੇ ਤਾਂ ਉਸ 'ਤੇ ਵਿਚਾਰ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਲੌਂਗੋਵਾਲ ਨੇ ਬੀਤੇ ਕੱਲ ਹੀ ਜਥੇਦਾਰ ਨੂੰ ਨਾ ਬਦਲਣ ਬਾਰੇ ਕਿਹਾ ਸੀ। ਉਧਰ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਿਹਤ ਹੁਣ ਠੀਕ ਨਹੀਂ ਰਹਿੰਦੀ ਹੈ ਜਿਸ ਕਰਕੇ ਉਹ ਖੁਦ ਹੀ ਜਥੇਦਾਰੀ ਦੀ ਸੇਵਾ ਤੋਂ ਮੁਕਤ ਹੋਣਾ ਚਾਹੁੰਦੇ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਜਥੇਦਾਰ ਗੁਰਬਚਨ ਸਿੰਘ ਨੂੰ ਬਦਲਣ ਤੋਂ ਇਨਕਾਰ



ਅੰਮ੍ਰਿਤਸਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਬਦਲਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਹਾਲਾਂਕਿ, ਲੌਂਗੋਵਾਲ ੧ਨੇ ਮੰਨਿਆ ਕਿ ਰਾਮ ਰਹੀਮ ਨੂੰ ਮੁਆਫ਼ੀ ਨਹੀਂ ਸੀ ਦੇਣੀ ਚਾਹੀਦੀ।

ਐਸਜੀਪੀਸੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਸਪੱਸ਼ਟ ਕੀਤਾ ਹਾਲੇ ਜਥੇਦਾਰ ਨੂੰ ਬਦਲਣ ਦਾ ਕੋਈ ਇਰਾਦਾ ਨਹੀਂ। ਪਿਛਲੇ ਸਮੇਂ ਤੋਂ ਬਾਕੀ ਤਖ਼ਤਾਂ ਦੇ ਜਥੇਦਾਰਾਂ ਨੇ ਗਿਆਨੀ ਗੁਰਬਚਨ ਸਿੰਘ ਨਾਲ ਤਾਲਮੇਲ ਘਟਾਉਣ ਦੀਆਂ ਖ਼ਬਰਾਂ ਆ ਰਹੀਆਂ ਸਨ। ਹਾਲਾਂਕਿ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਪਿਛਲੇ ਦਿਨੀਂ ਡੇਰਾ ਬਾਬਾ ਨਾਨਕ ਵਿਖੇ ਇਸ ਗੱਲ ਦਾ ਖੰਡਨ ਕੀਤਾ ਸੀ। ਉਨ੍ਹਾਂ ਪ੍ਰੈੱਸ ਕਾਨਫ਼ਰੰਸ ਵਿੱਚ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਲਈ ਸੱਦਾ ਦਿੱਤਾ ਸੀ। ਲੌਂਗੋਵਾਲ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਇਸ ਇਤਿਹਾਸਕ ਪ੍ਰਕਾਸ਼ ਪੁਰਬ ਦੇ ਸਮਾਗਮਾਂ ਸਬੰਧੀ ਆਪਣੀਆਂ ਤਿਆਰੀਆਂ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ਼ਾਮਲ ਨਹੀਂ ਸੀ ਕੀਤਾ। ਹਾਲਾਂਕਿ, ਪਿਛਲੇ ਮਹੀਨੇ ਸੁਲਤਾਨਪੁਰ ਲੋਧੀ ਵਿਖੇ ਸੰਤ ਸਮਾਜ ਨਾਲ ਬੈਠਕ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਸੀ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਲਈ ਉਨ੍ਹਾਂ ਐਸਜੀਪੀਸੀ ਨੂੰ ਸੱਦਾ ਦਿੱਤਾ ਹੈ ਪਰ ਉਨ੍ਹਾਂ ਨੇ ਆਪਣਾ ਕੋਈ ਨੁਮਾਇੰਦਾ ਨਹੀਂ ਭੇਜਿਆ।

# ਦਾਖਾ ਤੋਂ ਆਪ ਵਿਧਾਇਕ ਫੂਲਕਾ ਭਲਕੇ ਦੇਣਗੇ ਅਸਤੀਫ਼ਾ

ਚੰਡੀਗੜ੍ਹ- 'ਆਪ' ਵਿਧਾਇਕ ਐਚਐਸ ਫੂਲਕਾ ਨੇ ਵਿਧਾਇਕ ਦੇ ਅਹੁਦੇ ਤੋਂ ਆਪਣਾ ਅਸਤੀਫ਼ਾ ਅਸੰਬਲੀ ਸਪੀਕਰ ਨੂੰ ਸੌਂਪਣਾ ਹੈ। ਫੂਲਕਾ ਦਾ ਦਾਅਵਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਜਸਟਿਸ ਰਣਜੀਤ ਸਿੰਘ ਰਿਪੋਰਟ ਉੱਤੇ ਸੁਣਵਾਈ ਦਾ ਕੇਸ ਲੱਗਿਆ ਹੋਇਆ ਸੀ। ਪਰ ਪੰਜਾਬ ਸਰਕਾਰ ਨੇ ਇਸ ਉੱਤੇ ਗੰਭੀਰਤਾ ਨਹੀਂ ਦਿਖਾਈ। ਫੂਲਕਾ ਨੇ ਕਿਹਾ , "ਮੈਂ ਪੰਜਾਬ ਦੇ 5 ਮੰਤਰੀਆਂ ਨੂੰ ਬਰਗਾੜੀ ਬੇਅਦਬੀ ਤੇ ਬਹਿਬਲ ਗੋਲੀਕਾਂਡ ਮਾਮਲੇ ਵਿਚ ਕਾਰਵਾਈ ਕਰਵਾਉਣ ਲਈ 15 ਦਿਨਾਂ ਦਾ ਅਲਟੀਮੇਟਮ ਦਿੱਤਾ ਸੀ ਅਤੇ ਕਾਰਵਾਈ ਨਾ ਹੋਣ ਦੀ ਸੂਰਤ ਅਸਤੀਫ਼ੇ ਦੇਣ ਦੀ ਮੰਗ ਕੀਤੀ ਸੀ। ਇਹ ਵੀ ਕਿਹਾ ਸੀ ਕਿ ਮੈਂ ਵੀ ਨਾਲ ਹੀ ਅਸਤੀਫ਼ਾ ਦੇਵਾਂਗਾ।" ਮੀਡੀਆ ਨਾਲ ਗੱਲਬਾਤ ਵਿਚ ਫੂਲਕਾ ਨੇ ਕਿਹਾ, 'ਬਾਅਦ ਵਿਚ ਅਦਾਲਤ ਵੱਲੋਂ 4 ਅਫਸਰਾਂ ਨੂੰ ਸਟੇਅ ਦੇ ਦਿੱਤੀ ਅਤੇ ਮੰਤਰੀਆਂ ਨੇ ਕਿਹਾ ਕਿ 15 ਦਿਨ ਕਾਰਵਾਈ ਲਈ ਬਹੁਤ ਘੱਟ ਸਮਾਂ ਹੈ। ਇਸ ਲਈ ਇਸ ਅਲਟੀਮੇਟਮ ਨੂੰ ਵਧਾ ਦਿੱਤਾ ਗਿਆ ਸੀ। ਪਹਿਲਾਂ ਕੀਤੇ ਗਏ ਐਲਾਨ ਸਬੰਧੀ ਪੁੱਛਣ 'ਤੇ ਫੂਲਕਾ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜਾ ਕੇ ਮੱਥਾ ਟੇਕਣ ਤੋਂ ਬਾਅਦ ਚੰਡੀਗੜ੍ਹ 'ਚ ਅਸਤੀਫਾ ਸੌਂਪਣਾ ਫਿਲਹਾਲ ਉਨ੍ਹਾਂ ਲਈ ਸੰਭਵ ਨਹੀਂ ਹੈ ਕਿਉਂਕਿ ਸੱਜਣ ਕੁਮਾਰ ਸਬੰਧੀ ਮਾਮਲੇ ਦੀ ਸੁਣਵਾਈ ਹੈ।



## ਬਰਗਾੜੀ ਮਾਮਲੇ ਵਿੱਚ ਮੁੱਖ ਮੰਤਰੀ ਦਾ ਪ੍ਰਤੀਕਰਮ

ਕੈਪਟਨ ਅਮਰਿੰਦਰ ਸਿੰਘ ਨੇ ਲੰਬੀ ਰੈਲੀ ਵਿਚ ਇਹ ਕਹਿ ਕੇ ਸਭ ਕੁਝ ਸਾਫ਼ ਕਰ ਦਿੱਤਾ ਕਿ ਐਸਆਈਟੀ ਜਿਸ ਦੇ ਖ਼ਿਲਾਫ ਸਿਫ਼ਾਰਿਸ਼ ਕਰੇਗੀ ਉਸ ਖ਼ਿਲਾਫ਼ ਹੀ ਕੇਸ ਦਰਜ ਕੀਤਾ ਜਾਵੇਗਾ। ਅਦਾਲਤ ਵਿਚ ਸਰਕਾਰ ਵੱਲੋਂ ਪੁਲਿਸ ਅਫ਼ਸਰਾਂ ਦੀ ਸਟੇਅ ਖ਼ਿਲਾਫ਼ ਕੋਈ ਸਟੈਂਡ ਨਹੀਂ ਲਿਆ ਗਿਆ ਹੈ। ਫੂਲਕਾ ਨੇ ਕਿਹਾ, "ਹੁਣ ਸਾਬਕਾ ਡੀਜੀਪੀ ਸੁਮੇਧ ਸੈਣੀ ਅਦਾਲਤ ਚਲੇ ਗਏ ਹਨ। ਭਾਵੇਂ ਕਿ ਅਦਾਲਤ ਨੇ ਉਨ੍ਹਾਂ ਖ਼ਿਲਾਫ਼ ਜਾਂਚ ਕਰਨ ਜਾਂ ਗ੍ਰਿਫ਼ਤਾਰ ਕਰਨ ਉੱਤੇ ਪਾਬੰਦੀ ਨਹੀਂ ਲਾਈ ਹੈ।" ਸਿਰਫ਼ ਗ੍ਰਿਫ਼ਤਾਰੀ ਤੋਂ 7 ਦਿਨ ਪਹਿਲਾਂ ਨੋਟਿਸ ਦੇਣ ਲਈ ਕਿਹਾ ਹੈ। ਪਰ ਕੈਪਟਨ ਸਰਕਾਰ ਦੀ ਕਾਰਜਸ਼ੈਲੀ ਤੋਂ ਸਾਫ਼ ਕਿ ਉਹ ਕਾਰਵਾਈ ਕਰਨ ਦੇ ਮੂਡ ਵਿਚ ਨਹੀਂ ਹੈ। ਆਮ ਆਦਮੀ ਪਾਰਟੀ ਵੱਲੋਂ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਇਸ ਮਾਮਲੇ ਉੱਤੇ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਫੂਲਕਾ ਨੂੰ ਅਸਤੀਫ਼ਾ ਨਹੀਂ ਦੇਣਾ ਚਾਹੀਦਾ ਸਗੋਂ ਅਹੁਦੇ ਉੱਤੇ ਰਹਿ ਕੇ ਲੜਾਈ ਲੜਨੀ ਚਾਹੀਦੀ ਹੈ।

# ਜੀ.ਐੱਸ.ਟੀ. ਦਾ ਲਾਹਾ ਸਿਰ.ਫ ਵੱਡੇ ਉਦਯੋਗਾਂ ਨੂੰ ਮਿਲਿਆ, ਛੋਟੇ ਡੁੱਬ ਗਏ : ਮਨਪ੍ਰੀਤ ਬਾਦਲ

ਹੈਦਰਾਬਾਦ - ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਦੇਸ਼ ਦੇ ਕੇਂਦਰ 'ਚ ਐੱਨਡੀਏ ਸਰਕਾਰ ਵੱਲੋਂ ਲਾਗੂ ਕੀਤਾ ਗਿਆ ਮੌਜੂਦਾ 'ਗੁੱਡਜ਼ ਐਂਡ ਸਰਵਿਸੇਜ਼ ਟੈਕਸ' (ਜੀਐੱਸਟੀ - ਮਾਲ ਤੇ ਸੇਵਾਵਾਂ ਟੈਕਸ) ਮਾਡਲ ਦੁਨੀਆ ਦੀਆਂ ਸਭ ਤੋਂ ਵੱਧ ਗੁੰਝਲਦਾਰ ਪ੍ਰਣਾਲੀਆਂ ਵਿੱਚੋਂ ਇੱਕ ਹੈ ਅਤੇ ਇਸ ਨੂੰ ਸਰਲ ਬਣਾਉਣ ਦੀ ਲੋੜ ਹੈ। ਸ੍ਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਦੁਨੀਆ ਦੇ 161 ਦੇਸ਼ਾਂ 'ਚ ਜੀਐੱਸਟੀ ਕਾਨੂੰਨ ਲਾਗੂ ਹੈ ਪਰ ਜਿਸ ਤਰੀਕੇ ਨਾਲ ਇਸ ਨੂੰ ਭਾਰਤ 'ਚ ਲਾਗੂ ਕੀਤਾ ਗਿਆ ਹੈ, ਉਸ ਲਈ ਇਸ ਨੂੰ 10 ਵਿੱਚੋਂ ਸਿਰਫ਼ ਦੋ ਨੰਬਰ ਹੀ ਦਿੱਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਉਹ ਖ਼ੁਦ ਜੀਐੱਸਟੀ ਕੌਂਸਲ ਦਾ ਹਿੱਸਾ ਹਨ ਤੇ ਜਦ ਤੋਂ ਇਸ ਮੁੱਦੇ 'ਤੇ ਵਿਚਾਰ-ਵਟਾਂਦਰਾ ਹੋਇਆ ਹੈ, ਤਦ ਤੋਂ ਹੀ ਉਨ੍ਹਾਂ ਨੂੰ ਇਹ ਦੁਨੀਆ ਦਾ ਸਭ ਤੋਂ ਵੱਧ ਗੁੰਝਲਦਾਰ ਟੈਕਸ-ਢਾਂਚਾ ਲੱਗਦਾ ਰਿਹਾ ਹੈ। ਸ੍ਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਇਸ ਨਵੀਂ ਟੈਕਸ ਪ੍ਰਣਾਲੀ 'ਚ ਕੁਝ ਨਾ ਕੁਝ ਤਾਂ ਗ਼ਲਤ ਹੈ। ਇੱਥੇ ਵਰਨਣਯੋਗ ਹੈ ਕਿ ਪਿਛਲੇ ਵਰ੍ਹੇ ਸਮੁੱਚੇ ਭਾਰਤ 'ਚ ਲਾਗੂ ਕੀਤੀ ਗਈ ਜੀਐੱਸਟੀ ਪ੍ਰਣਾਲੀ ਰਾਹੀਂ ਹਰ ਥਾਂ 'ਤੇ ਇੱਕੋ-ਟੈਕਸ ਲਾਗੂ ਕੀਤਾ ਗਿਆ ਸੀ। ਸ੍ਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਜੇ ਤੁਸੀਂ ਵੱਡੇ ਉਦਯੋਗਾਂ - ਸਟਾਕ ਮਾਰਕਿਟ ਵਿੱਚ ਸੂਚੀਬੱਧ ਕੰਪਨੀਆਂ ਦੀਆਂ ਬੈਲੰਸ-ਸ਼ੀਟਾਂ 'ਤੇ ਝਾਤ ਪਾਓ, ਤਾਂ ਤੁਹਾਨੂੰ ਸਪੱਸ਼ਟ ਦਿਸੇਗਾ ਕਿ ਵੱਡੇ ਉਦਯੋਗਾਂ ਨੂੰ 10 ਫ਼ੀ ਸਦੀ ਲਾਭ ਹੋਇਆ ਪਰ ਦਰਮਿਆਨੇ ਉਦਯੋਗ 30 ਫ਼ੀ ਸਦੀ ਹੇਠਾਂ ਚਲੇ ਗਏ ਤੇ ਲਘੂ ਉਦਯੋਗ 300 ਫ਼ੀ ਸਦੀ ਹੇਠਾਂ ਆ ਗਏ। ਇੰਝ ਇਹ ਨਵੀਂ ਟੈਕਸ ਪ੍ਰਣਾਲੀ ਲਘੂ ਤੇ ਦਰਮਿਆਨੇ ਉਦਯੋਗਾਂ ਲਈ ਬਹੁਤ ਖ਼ਤਰਨਾਕ ਹੈ। ਉਨ੍ਹਾਂ ਕਿਹਾ ਕਿ ਇੱਕ ਵਿੱਤ ਮੰਤਰੀ ਹੋਣ ਦੇ ਨਾਤੇ ਉਹ ਜੀਐੱਸਟੀ ਦੀ ਕਾਮਯਾਬੀ ਚਾਹੁੰਦੇ ਹਨ। ਇਸ ਨੂੰ ਠੀਕ ਕੀਤਾ ਜਾ ਸਕਦਾ ਹੈ ਪਰ ਸ਼ਾਇਦ ਹੁਣ ਅਗਲੀ ਸਰਕਾਰ ਹੀ ਇਸ ਵਿੱਚ ਕੁਝ ਸੁਧਾਰ ਕਰੇਗੀ ਕਿਉਂਕਿ ਐੱਨਡੀਏ ਸਰਕਾਰ ਤਾਂ ਹੁਣ ਚੋਣਾਂ ਦੀਆਂ ਤਿਆਰੀਆਂ 'ਚ ਰੁੱਝ ਗਈ ਹੈ ਤੇ ਹੁਣ ਉਸ ਨੇ ਇਸ ਨੂੰ ਠੀਕ ਕਰਨ ਲਈ ਕੁਝ ਨਹੀਂ ਕਰਨਾ।



# ਬਰਗਾੜੀ ਮੋਰਚੇ ਰਾਹੀਂ ਪੰਜਾਬ ਦੀ ਪੰਥਕ ਸਿਆਸਤ ਕੱਟ ਰਹੀ ਹੈ 30 ਸਾਲ ਪੁਰਾਣਾ ਮੋੜ: ਨਜ਼ਰੀਆ

ਫਰੀਦਕੋਟ ਦੇ ਕੋਟਕਪੂਰਾ ਵਿਖੇ 7 ਅਕਤੂਬਰ ਨੂੰ ਸਿੱਖ ਪ੍ਰਚਾਰਕਾਂ, ਗਰਮ ਖਿਆਲੀ ਜਥੇਬੰਦੀਆਂ ਤੇ ਆਮ ਆਦਮੀ ਪਾਰਟੀ ਦੇ ਬਾਗੀਆਂ ਦਾ ਰੋਸ ਮਾਰਚ ਕਾਫ਼ੀ ਪ੍ਰਭਾਵਸ਼ਾਲੀ ਨਜ਼ਰ ਆਇਆ। ਦਿਨ ਰੈਲੀਆਂ ਦਾ ਸੀ, ਰਵਾਇਤੀ ਪਾਰਟੀਆਂ ਨੇ ਵਿਰੋਧੀ ਕਿਲ੍ਹਿਆਂ 'ਚ ਵੱਡੇ ਇਕੱਠ ਕੀਤੇ ਸਨ, ਪਰ ਕੋਟਕਪੂਰਾ ਤੋਂ ਬਰਗਾੜੀ ਤੱਕ ਦੇ ਇਸ ਮਾਰਚ ਵਿੱਚ ਨਾਅਰੇ ਲਾਉਂਦੇ, ਲੰਗਰ ਵਰਤਾਉਂਦੇ ਨੌਜਵਾਨਾਂ, ਬਜ਼ੁਰਗਾਂ ਅਤੇ ਬੀਬੀਆਂ ਦਾ ਜੋਸ਼ ਉਨ੍ਹਾਂ ਰੈਲੀਆਂ ਨੂੰ ਫਿੱਕਾ ਕਰਦਾ ਨਜ਼ਰ ਆਇਆ। ਮੁਜ਼ਾਹਰਾਕਾਰੀ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਅਤੇ ਬਹਿਬਲ ਕਲਾਂ ਵਿੱਚ ਨਿਆਂ ਦੀ ਮੰਗ ਕਰ ਰਹੇ ਪ੍ਰਦਰਸ਼ਨਕਾਰੀਆਂ ਉੱਤੇ ਗੋਲੀਬਾਰੀ 'ਚ ਦੋ ਸਿੱਖ ਨੌਜਵਾਨਾਂ ਦੀ ਮੌਤ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰ ਰਹੇ ਸਨ। ਸਿਆਸਤ ਦੇ



ਜਾਣਕਾਰਾਂ ਦੀ ਮੰਨੀਏ ਤਾਂ ਇਹ ਪੰਜਾਬ ਵਿੱਚ ਮੁੜ ਤੋਂ ਇੱਕ ਵਾਰ ਫੇਰ 'ਤੀਜੇ ਮੋਰਚੇ' ਨੂੰ ਲਿਆਉਣ ਦੀ ਕਵਾਇਦ ਦਿਖੀ। 2010 ਤੋਂ ਬਾਅਦ ਪੰਜਾਬ ਵਿੱਚ ਤੀਜੀ ਧਿਰ ਨੂੰ ਖੜ੍ਹਾ ਕਰਨ ਲਈ ਦੋ ਵਾਰ ਤਜ਼ਰਬਾ ਕੀਤਾ ਗਿਆ। ਇਹ ਸੀ ਪੀਪਲਜ਼ ਪਾਰਟੀ ਆਫ਼ ਪੰਜਾਬ ਅਤੇ ਆਮ ਆਦਮੀ ਪਾਰਟੀ।ਪੀਪੀਪੀ ਅਤੇ ਸੱਜੇ-ਖੱਬੇ ਪੱਖਾਂ ਦੀ ਮਿਲੀਜੁਲੀ ਵਿਚਾਰਧਾਰਾ ਵਾਲੀ ਆਮ ਆਦਮੀ ਪਾਰਟੀ ਦੇ ਉਲਟ, ਮੰਡ ਤੇ ਖਹਿਰਾ ਦੇ ਇਸ ਗੱਠਜੋੜ ਦਾ ਚਿਹਰਾ-ਮੁਹਾਂਦਰਾ ਸਿੱਖ ਸੱਜੇਪੱਖੀ ਹੈ। ਪੰਜਾਬ ਦੀ ਰਵਾਇਤੀ ਪੰਥਕ ਸਿਆਸਤ ਦੀ ਗੱਲ ਕੀਤੀ ਜਾਵੇ ਤਾਂ ਇਸ 'ਤੇ ਅਕਾਲੀ ਦਲ ਤੇ ਉਸ ਦੀਆਂ ਬਾਗੀ ਧਿਰਾਂ ਦਾ ਕਬਜ਼ਾ ਰਿਹਾ ਹੈ। ਧਾਰਮਿਕ ਮਸਲੇ, ਸਿੱਖਾਂ ਦੀਆਂ ਕੇਂਦਰ ਨਾਲ ਸ਼ਿਕਾਇਤਾਂ, ਪੰਜਾਬ ਲਈ ਖ਼ੁਦਮੁਖਤਿਆਰੀ ਸਣੇ ਵੱਧ ਅਧਿਕਾਰਾਂ ਦੀ ਮੰਗ ਕਰਨਾ ਹੋਵੇ, ਜਾਂ ਕੁਝ ਇਤਿਹਾਸਕ ਮੌਕਿਆ ਜਾਂ ਵੱਖਵਾਦ ਦੀ ਗੱਲ ਕਰਨਾ, ਇਹ ਇਸ ਸੱਜੇ ਪੱਖੀ ਸਿਆਸਤ ਦੇ ਮੁੱਖ ਲੱਛਣ ਹਨ।

## ਕੌਣ ਕਦੋਂ ਰਿਹਾ ਭਾਰੂ

ਸਿੱਖ ਸਿਆਸਤ ਦੀ ਇਕ ਹੋਰ ਖਾਸੀਅਤ ਇਹ ਹੈ ਕਿ ਇਸ ਵਿੱਚ ਬਾਦਲ/ਬਰਨਾਲੇ ਵਰਗੇ ਨਰਮਦਲੀਆਂ ਅਤੇ ਭਿੰਡਰਾਂਵਾਲੇ/ਸਿਮਰਨਜੀਤ ਮਾਨ ਵਰਗੇ ਗਰਮਦਲੀਆਂ ਵਿੱਚ ਲਗਾਤਾਰ ਰੱਸਾਕੱਸ਼ੀ ਚੱਲਦੀ ਰਹਿੰਦੀ ਹੈ। 1980 ਦੇ ਦਹਾਕੇ 'ਚ ਗਰਮ ਦਲ ਭਾਰੂ ਸੀ, ਫਿਰ ਖਾੜਕੂ ਲਹਿਰ ਦੇ ਅੰਤ ਤੋਂ ਬਾਅਦ ਨਰਮਦਲੀਏ, ਖਾਸਕਰ ਪ੍ਰਕਾਸ਼ ਸਿੰਘ ਬਾਦਲ ਦਾ ਪਲੜਾ ਭਾਰੀ ਰਿਹਾ ਹੈ। 1996 ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਪਰਿਵਾਰ ਦੀ ਪਕੜ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਉੱਪਰ ਲਗਾਤਾਰ ਵੱਧਦੀ ਗਈ ਹੈ। ਖਾੜਕੂ ਧਿਰਾਂ ਜਾਂ ਤਾਂ ਬਾਦਲ ਨੇ ਨਾਲ ਰਲਾ ਲਈਆਂ ਹਨ ਜਾਂ ਉਹ ਖਿੰਡ-ਪੁੰਡ ਕੇ ਹਾਸ਼ੀਏ 'ਤੇ ਚਲੀਆਂ ਗਈਆਂ ਹਨ। ਟਕਸਾਲੀ ਪੰਥਕ ਆਗੂ 1997 ਤੋਂ ਬਾਅਦ ਵਾਲੀ ਵਿਹਾਰਕ ਰਾਜਨੀਤੀ ਵਿੱਚ ਨੁਕਰੀਂ ਲੱਗ ਗਏ। ਨਵੀਂ ਸਦੀ 'ਚ ਨਵੀਂ ਪੰਥਕ ਸਿਆਸਤ ਦੇ ਹਾਮੀ ਨੌਜਵਾਨਾਂ ਦੀ ਜਮਾਤ ਉੱਭਰੀ ਹੈ। ਪੰਜਾਬੀ ਭਾਸ਼ਾ ਦੇ ਅਖਬਾਰਾਂ, ਰਸਾਲਿਆਂ ਅਤੇ ਕਿਤਾਬਾਂ ਵਿੱਚ ਖਾਲਿਸਤਾਨੀ ਖਾੜਕੂ ਵਿਚਾਰਾਂ, 1984 ਦਾ ਦਿੱਲੀ ਕਤਲੇਆਮ ਅਤੇ ਭਿੰਡਰਾਂਵਾਲੇ ਵਰਗੇ ਨਾਇਕਾਂ ਦਾ ਬੋਲਬਾਲਾ ਰਿਹਾ ਹੈ। ਪੰਜਾਬ 'ਚ ਕੁਝ ਅਮਨ ਦੀ ਸਥਾਪਤੀ ਤੋਂ ਬਾਅਦ ਅਜਿਹਾ ਸਾਹਿਤ ਆਮ ਵਿਕਣ ਲੱਗਾ। 'ਖਾਲਸਾ ਫਤਿਹਨਾਮਾ' ਵਰਗੇ ਮੈਗਜ਼ੀਨ, 'ਜਾਂਬਾਜ਼ ਰਾਖੇ' ਵਰਗੀਆਂ ਕਿਤਾਬਾਂ ਅਤੇ ਭਿੰਡਰਾਂਵਾਲੇ ਦੇ ਪੋਸਟਰ ਬੱਸ ਸਟਾਲਾਂ ਤੇ ਕਿਤਾਬਾਂ ਦੀਆਂ ਦੁਕਾਨਾਂ ਤੇ ਆਮ ਵਿਕਣ ਲੱਗੇ। ਇਸੇ ਦੌਰਾਨ ਇੰਟਰਨੈੱਟ ਦਾ ਸਹਾਰਾ ਲੈਕੇ ਪਰਵਾਸੀ 1980ਆਂ 'ਚ ਵਾਪਰੇ ਘਟਨਾਕ੍ਰਮ ਬਾਰੇ ਆਪਣਾ ਬਿਰਤਾਂਤ ਸਾਂਝਾ ਕਰਨ ਲੱਗੇ। ਖਾੜਕੂਵਾਦ ਦੇ ਖਾਤਮੇ ਤੋਂ ਬਾਅਦ ਹੋਸ਼ ਸੰਭਾਲਣ ਵਾਲੇ ਨੌਜਵਾਨਾਂ 'ਤੇ ਇਸ ਦਾ ਅਸਰ ਪੈਣ ਲੱਗਾ। ਇੱਧਰ ਪੰਜਾਬ ਦੇ ਪਿੰਡਾਂ ਤੇ ਕਸਬਿਆਂ ਵਿੱਚ ਰਣਜੀਤ ਸਿੰਘ ਢੱਡਰੀਆਂਵਾਲੇ, ਪੰਥਪ੍ਰੀਤ, ਬਲਜੀਤ ਸਿੰਘ ਦਾਦੂਵਾਲ ਵਰਗੇ ਨਵੇਂ ਪ੍ਰਚਾਰਕਾਂ ਦੇ ਅਸਰ ਅਧੀਨ ਵੀ ਧਾਰਮਿਕ ਸ਼ਰਧਾ ਅਤੇ ਖਾੜਕੂ ਵਿਚਾਰ ਸਾਧਾਰਨ ਲੋਕਾਂ ਵਿੱਚ ਲਗਾਤਾਰ ਪਹੁੰਚਣ ਲੱਗੇ। ਇਸੇ ਦੌਰਾਨ ਅਮਰੀਕਾ, ਕੈਨੇਡਾ, ਆਸਟਰੇਲੀਆ ਵਰਗੇ ਮੁਲਕਾਂ 'ਚ ਦੇਸੀ ਰੇਡੀਓ ਅਤੇ ਟੀਵੀ ਸਟੇਸ਼ਨਾਂ ਦਾ ਖਾੜਕੂ ਵਿਚਾਰਾਂ ਦੇ ਪਸਾਰ ਵਿੱਚ ਅਹਿਮ ਰੋਲ ਰਿਹਾ ਹੈ। ਯੂਟਿਊਬ, ਫੇਸਬੁੱਕ, ਵੱਟਸਐਪ ਨੇ ਇਹ ਕੰਮ ਹੋਰ ਵੀ ਸੌਖਾ ਬਣਾ ਦਿੱਤਾ।ਨਵੀਂ ਪੰਥਕ ਸਿਆਸਤ ਦੇ ਹਾਮੀ ਨੌਜਵਾਨਾਂ 'ਚ 1984 ,ਬੇਅਦਬੀ, ਸਿੱਖ ਖਾੜਕੂਆਂ ਦੀ ਰਿਹਾਈ ਅਤੇ ਡੇਰਿਆਂ ਦਾ ਵਿਰੋਧ ਮੁੱਖ ਮੁੱਦੇ ਹਨ।ਕਈ ਖਾਲਿਸਤਾਨ ਤੇ 'ਰੈਫਰੈਂਡਮ 2020' ਦੇ ਹਮਾਇਤੀ ਵੀ ਹਨ। ਜਿਆਦਾਤਰ ਪੇਂਡੂ ਸਿੱਖ ਪਿਛੋਕੜ ਵਾਲੇ ਇਨ੍ਹਾਂ ਨੌਜਵਾਨਾਂ ਵਿੱਚੋਂ ਮੋਨਿਆਂ ਦੀ ਸੰਖਿਆ ਵੀ ਕਾਫ਼ੀ ਹੈ। ਇਨ੍ਹਾਂ ਨੌਜਵਾਨਾਂ ਦਾ ਪ੍ਰਭਾਵ ਉਦੋਂ ਦੇਖਣ ਨੂੰ ਮਿਲਿਆ ਜਦੋਂ ਡੇਰਾ ਸੱਚਾ ਸੌਦਾ ਖ਼ਿਲਾਫ਼ ਪੂਰੇ ਪੰਜਾਬ ਵਿੱਚ 2007 'ਚ ਰੋਸ ਪ੍ਰਦਰਸ਼ਨ ਕੀਤੇ ਗਏ ਸਨ। ਇਹੀ ਨਹੀਂ, ਬਲਵੰਤ ਸਿੰਘ ਰਾਜੋਆਣਾ , ਜੋ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਵਿੱਚ ਦੋਸ਼ੀ ਹੈ , ਦੀ ਮੌਤ ਦੀ ਸਜ਼ਾ ਨੂੰ ਮਾਫ਼ ਕਰਨ ਲਈ ਲੋਕ 2012 ਵਿੱਚ ਸੜਕਾਂ ਉੱਤੇ ਉਤਰੇ। ਇਹ ਨੌਜਵਾਨ ਪਹਿਲੀ ਵਾਰ 2007 'ਚ ਡੇਰਾ ਸੱਚਾ ਸੌਦਾ ਖਿਲਾਫ ਰੋਸ ਮੁਜਾਹਰਿਆਂ ਦੌਰਾਨ ਅਤੇ ਫਿਰ 2012 ਵਿੱਚ ਰਾਜੋਆਣੇ ਦੀ ਫਾਂਸੀ ਦੇ ਖਿਲਾਫ ਰੋਸ ਦੌਰਾਨ ਲਾਮਬੰਦ ਵਿਖਾਈ ਦਿੱਤੇ। ਦੂਜੇ ਪਾਸੇ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਆਪਣੇ ਪਰਿਵਾਰਵਾਦੀ ਅਕਾਲੀ ਦਲ ਨੂੰ ਵਿਹਾਰਕ ਜੋੜ-ਤੋੜ ਵਿੱਚ ਪਰਪੱਕ 'ਪੰਜਾਬੀ' ਪਾਰਟੀ ਬਣਾਉਣ ਵਿੱਚ ਮਸਰੂਫ਼ ਸਨ। ਲੋਕ ਲੁਭਾਵਣੀਆਂ ਸਕੀਮਾਂ, ਹਲਕਾ ਸਿਸਟਮ ਦੀ ਦਹਿਸ਼ਤ, ਸੂਬੇ ਦੇ ਸਰੋਤਾਂ ਉੱਤੇ ਮਾਫੀਆ ਵਰਗੀ ਜਕੜ, ਵਿਕਾਸ ਦੇ ਨਾਅਰੇ , ਇਹ ਸੁਖਬੀਰ ਮਾਡਲ ਦੇ ਲੱਛਣ ਸਨ।



## 'ਆਪ' ਕੌਣ ?



2017 ਤੋਂ ਦੋ ਸਾਲ ਬਾਅਦ ਵੀ ਅਕਾਲੀ ਦਲ ਖਿਲਾਫ਼ ਰੋਹ ਮੱਠਾ ਨਹੀਂ ਪਿਆ ਹੈ। ਬਾਦਲ ਦਲ ਨੂੰ ਲਗਾਤਾਰ ਚੋਣਾਂ ਵਿੱਚ ਹਾਰ, ਬੇਅਦਬੀ ਮਾਮਲੇ 'ਤੇ ਨਮੋਸ਼ੀ ਅਤੇ ਜਥੇਦਾਰਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਵੀਂ ਪੰਥਕ ਸਿਆਸਤ ਦੇ ਹਾਮੀਆਂ ਦਾ ਵੋਟਾਂ ਦੀ ਰਾਜਨੀਤੀ 'ਚ ਪਹਿਲਾ ਦਾਖ਼ਲਾ 2014 ਤੇ 2017 ਦਰਮਿਆਨ ਆਮ ਆਦਮੀ ਪਾਰਟੀ ਰਾਹੀਂ ਹੋਇਆ। 'ਆਪ' ਨੂੰ ਸੱਜੇ ਅਤੇ ਖੱਬੇ ਦੋਵੇਂ ਵਰਗਾਂ ਦਾ ਸਮਰਥਨ ਮਿਲਿਆ। ਫੇਸਬੁੱਕ ਅਤੇ ਵੱਟਸਐਪ ਵਰਤ ਕੇ ਪ੍ਰਵਾਸੀਆਂ ਤੇ ਨੌਜਵਾਨਾਂ ਨੇ ਪੈਸੇ ਤੇ ਵਲੰਟੀਅਰਾਂ ਦਾ ਪ੍ਰਬੰਧ ਕੀਤਾ। ਇਸੇ ਜੋਸ਼-ਖਰੋਸ਼ ਕਾਰਨ ਬਿਲਕੁਲ ਨਵੀਂ ਅਤੇ ਨਾਤਜਰਬੇਕਾਰ ਪਾਰਟੀ ਪੰਜਾਬ ਵਿੱਚ 2014 ਦੀਆਂ ਲੋਕ ਸਭਾ ਚੋਣਾਂ ਵਿੱਚ 4 ਸੀਟਾਂ ਤੇ 25% ਵੋਟਾਂ ਲੈਣ ਵਿੱਚ ਕਾਮਯਾਬ ਹੋਈ। 2015 ਦੀਆਂ ਦਿੱਲੀ ਚੋਣਾਂ ਤੋਂ ਤੁਰੰਤ ਬਾਅਦ ਕੇਜਰੀਵਾਲ ਨੇ ਭੂਸ਼ਨ-ਯਾਦਵ ਵਾਲੇ ਖੱਬੇ ਪੱਖੀ ਧੜ੍ਹੇ ਦੀ ਛਾਂਟੀ ਕਰ ਕੇ ਪੰਜਾਬ ਵਿੱਚ ਸੱਜੇ ਪੱਖੀ ਪੈਂਤੜਾ ਲੈਂਦਿਆਂ 1984, ਬੇਅਦਬੀ ਤੇ ਸਿੱਖ ਕੈਦੀਆਂ ਦੇ ਮਸਲੇ ਚੁੱਕਣੇ ਸ਼ੁਰੂ ਕਰ ਦਿੱਤੇ। ਨਾਲ ਹੀ ਹਰਵਿੰਦਰ ਸਿੰਘ ਫੂਲਕਾ ਤੇ ਜਰਨੈਲ ਸਿੰਘ ਵਰਗੇ ਸਿੱਖ ਚਿਹਰਿਆਂ ਨੂੰ ਅੱਗੇ ਕੀਤਾ। ਜਿਵੇਂ-ਜਿਵੇਂ ਚੋਣਾਂ ਨੇੜੇ ਆਉਣ ਲੱਗੀਆਂ, 'ਆਪ' ਦੀਆਂ ਰੈਲੀਆਂ ਵਿੱਚ ਭਿੰਡਰਾਂਵਾਲਾ- ਸਟਾਈਲ ਗੋਲ ਪੱਗਾਂ ਦੀ ਭਰਮਾਰ ਅਤੇ ਸੋਸ਼ਲ ਮੀਡੀਆ 'ਨਵ-ਖਾੜਕੂਆਂ' ਦਾ ਪ੍ਰਭਾਵ ਵਧਣ ਲੱਗਾ। ਇਸ ਸੰਦਰਭ ਵਿੱਚ ਪੰਜਾਬ ਦੀ ਹਿੰਦੂ ਘੱਟਗਿਣਤੀ ਦੀ ਅਸੁਰੱਖਿਆ ਦੀ ਭਾਵਨਾ ਵਧੀ ਅਤੇ 'ਆਪ' ਉੱਪਰ ਖਾੜਕੂਆਂ ਦੀ ਪਾਰਟੀ ਦਾ ਠੱਪਾ ਲੱਗ ਗਿਆ। 'ਆਪ' ਦੀ ਹੈਰਾਨੀਜਨਕ ਹਾਰ ਦਾ ਇੱਕ ਵੱਡਾ ਕਾਰਨ ਇਹ ਝੁਕਾਅ ਵੀ ਸੀ ।

## ਨਵੀਂ ਪੰਥਕ ਸਿਆਸਤ ਦੀ ਲਹਿਰ

ਇਸ ਸਾਰੇ ਘਟਨਾਕ੍ਰਮ 'ਚ ਨਵੀਂ ਪੰਥਕ ਸਿਆਸਤ ਦੇ ਹਾਮੀ ਤਕੜੇ ਹੋ ਕੇ ਨਿਕਲੇ ਭਾਰਤ ਤੋਂ ਬਾਹਰ ਲਗਾਤਾਰ ਨੌਜਵਾਨਾਂ ਦਾ ਵੱਧਦਾ ਪ੍ਰਵਾਸ ਅਤੇ ਗੁਰਦੁਆਰਿਆਂ, ਫੇਸਬੁੱਕ ਅਤੇ ਰੇਡਿਓ ਚੈਨਲਾਂ ਦੁਆਰਾ ਗਰਮ ਖਿਆਲੀ ਪ੍ਰਭਾਵ, ਪੰਜਾਬ ਵਿਚਲੀ ਬੇਰੁਜਗਾਰੀ, ਨਸ਼ੇ , ਖੁਦਕੁਸ਼ੀਆਂ ਤੇ 'ਗੈਂਗਸਟਰ ਕਲਚਰ' ਲਗਾਤਾਰ ਨੌਜਵਾਨਾਂ ਵਿੱਚ ਖਾੜਕੂਵਾਦ ਦਾ ਪਸਾਰ ਤੇਜ ਕਰ ਰਹੇ ਹਨ। ਆਮ ਆਦਮੀ ਪਾਰਟੀ ਵਾਲੇ ਤਜਰਬੇ ਨੇ ਬਹੁਤ ਸਾਰੇ ਨੌਜਵਾਨਾਂ ਨੂੰ ਸਮਾਜਿਕ ਅਤੇ ਰਾਜਨਿਤਕ ਮੁਹਿੰਮਾਂ ਚਲਾਉਣ ਦੇ ਢੰਗ ਤਰੀਕਿਆਂ ਤੋਂ ਵੀ ਜਾਣੂ ਕਰਾਇਆ ਹੈ। ਨਵੀਂ ਪੰਥਕ ਸਿਆਸਤ ਦੇ ਹਾਮੀਆਂ ਅਤੇ ਪੰਥਕ ਧਿਰਾਂ ਨੇ ਬਰਗਾੜੀ ਅਤੇ ਬਹਿਬਲ ਕਲਾਂ ਦੇ ਬੇਅਦਬੀ ਅਤੇ ਗੋਲੀ ਕਾਂਡ ਤੋਂ ਬਾਅਦ ਅਕਤੂਬਰ 2015 ਵਿੱਚ ਇੱਕ ਵਾਰ ਪੰਜਾਬ ਜਾਮ ਕਰਕੇ ਅਤੇ ਬਰਗਾੜੀ ਅਤੇ ਚੱਬਾ ਵਿੱਚ ਲਾਸਾਨੀ ਇਕੱਠ ਕਰ ਕੇ ਆਪਣੀ ਸ਼ਕਤੀ ਦਾ ਮੁਜਾਹਰਾ ਕੀਤਾ। ਨਾਲ ਹੀ, ਉਦਾਹਰਣ ਵਜੋਂ, 'ਰੈਫਰੈਂਡਮ 20-20' ਦੇ ਮੁੱਦੇ 'ਤੇ ਪੰਜਾਬ ਵਿੱਚ ਧਰਾਤਲ ਤੇ ਸਮਰਥਨ ਨਹੀਂ ਦਿਖਾਈ ਦਿੰਦਾ ਪਰ ਸੋਸ਼ਲ ਮੀਡੀਆ ਅਤੇ ਪ੍ਰਵਾਸੀ ਭਾਈਚਾਰੇ ਵਿੱਚ ਇਸ ਦੇ ਹੱਕ 'ਚ ਲੋਕ ਨਿਤਰੇ ਹਨ। 'ਖਾਲਸਾ ਏਡ' ਵਰਗੀਆਂ ਗੈਰ-ਸਰਕਾਰੀ ਸਿੱਖ ਜੱਥੇਬੰਦੀਆਂ ਨੂੰ ਵੀ ਆਮ ਸਿੱਖ ਭਾਈਚਾਰੇ ਵਿੱਚ ਭਰਪੂਰ ਸਮਰਥਨ ਮਿਲ ਰਿਹਾ ਹੈ। ਕੁਝ ਲੱਖਾ ਸਿਧਾਣਾ ਵਰਗੇ ਵਰਗੇ ਪੁਰਾਣੇ ਗੈਂਗਸਟਰ ਵੀ ਪੰਥਕ ਬੋਲ-ਬਾਣੀ ਵਰਤ ਕੇ ਸਿਆਸੀ ਲਾਹਾ ਲੈਣ ਲਈ ਯਤਨਸ਼ੀਲ ਹਨ।

## 'ਸੁਖਬੀਰ ਮਾਡਲ' ਨੂੰ ਝਟਕਾ

ਇਸ ਮਾਡਲ ਨੂੰ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਣਕਿਆਸੀ ਸਫਲਤਾ ਉਦੋਂ ਮਿਲੀ ਜਦੋਂ ਉਸ ਦੀ ਸਮਾਜਿਕ ਇੰਜੀਨੀਅਰਿੰਗ, ਵਿਰੋਧੀਆਂ ਨੂੰ ਪਾੜਨ ਅਤੇ ਪੰਥਕਾਂ ਤੇ ਡੇਰਿਆਂ ਨੂੰ ਨਾਲ ਜੋੜਨ ਦੀ ਨੀਤੀ ਅਮਰਿੰਦਰ ਸਿੰਘ ਦੀ ਕਾਂਗਰਸ 'ਤੇ ਭਾਰੂ ਸਾਬਤ ਹੋਈ। 25 ਸਾਲ ਰਾਜ ਕਰਨ ਦੇ ਸੁਪਨੇ ਵੇਖਦੇ ਸੁਖਬੀਰ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਸੀ। 20ਵੀਂ ਸਦੀ ਦੇ ਅੰਤ ਤੱਕ ਪੰਜਾਬ ਦੀ ਵਿਕਾਸ ਦਰ ਅਤੇ ਪ੍ਰਤੀ-ਵਿਅਕਤੀ ਆਮਦਨ ਦੇਸ਼ ਦੇ ਹੋਰਨਾਂ ਸੂਬਿਆਂ ਤੋਂ ਵੱਧ ਸੀ। ਪਰ ਨਵੀਂ ਸਦੀ ਵਿੱਚ ਪੰਜਾਬ ਤੇਜੀ ਨਾਮ ਪੱਛੜਣ ਲੱਗਿਆ। ਪੰਜਾਬ ਦੀ ਆਰਥਿਕਤਾ ਦਾ ਧੁਰਾ, ਖੇਤੀਬਾੜੀ ਖੜੋਤ ਦਾ ਸ਼ਿਕਾਰ ਹੋ ਗਈ ਅਤੇ ਕਿਸਾਨ ਕਰਜੇ ਦੀ ਮਾਰ ਅਤੇ ਖੁਦਕੁਸ਼ੀਆਂ ਦੇ ਰਾਹ ਪੈ ਗਏ। ਵਿਸ਼ਵੀਕਰਨ ਦੇ ਦੌਰ ਵਿੱਚ ਸਨਅਤ ਪੰਜਾਬ ਤੋਂ ਬਾਹਰ ਪਲਾਇਨ ਕਰਨ ਲੱਗੀ ਜਾਂ ਬੰਦ ਹੋਣ ਲੱਗ ਪਈ। ਇਨਫਰਮੇਸ਼ਨ ਟੈਕਨੋਲੋਜੀ, ਬਾਇਓਟੈਕਨੋਲੋਜੀ ਵਰਗੀਆਂ ਕਰਾਂਤੀਆਂ ਪੰਜਾਬ ਤੋਂ ਪਾਸੇ ਲੰਘ ਗਈਆਂ। ਬੇਰੁਜਗਾਰ ਨੌਜਵਾਨੀ ਨੇ ਵਿਦੇਸ਼ਾਂ ਵੱਲ ਮੂੰਹ ਕੀਤਾ ਜਾਂ ਨਸ਼ੇ ਤੇ ਗੈਂਗਜ਼ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਈ। ਵਿੱਤੀ ਸੰਕਟਾਂ ਨਾਲ ਜੂਝਦੀ ਰਾਜ ਸਰਕਾਰ ਬੁਨਿਆਦੀ ਸਹੂਲਤਾਂ, ਸਿਹਤ, ਸਿੱਖਿਆ ਅਤੇ ਰੋਜ਼ਗਾਰ ਦੇਣ ਤੋਂ ਵੀ ਕੰਨੀ ਕਤਰਾਉਣ ਲੱਗੀ। ਪੁਲਿਸ, ਪ੍ਰਸ਼ਾਸਨ ਅਤੇ ਹਲਕਾ ਇੰਚਾਰਜ ਦਾ ਗੱਠਜੋੜ ਆਮ ਨਾਗਰਿਕ ਦੀ ਜਿੰਦਗੀ ਵੀ ਦੁਸ਼ਵਾਰ ਕਰਨ ਲੱਗਾ। ਸੁਖਬੀਰ ਮਾਡਲ ਨੂੰ ਪਹਿਲਾ ਝਟਕਾ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਲੱਗਾ। ਨਸ਼ੇ ਅਤੇ ਭ੍ਰਿਸ਼ਟਾਚਾਰ ਦੇ ਮੁੱਦਿਆਂ ਤੇ ਨਵੀਂ-ਨਵੀਂ ਆਮ ਆਦਮੀ ਪਾਰਟੀ ਨੇ ਉਸ ਨੂੰ ਲੋਕਾਂ ਦੀ ਕਚਹਿਰੀ ਵਿੱਚ ਖੜ੍ਹਾ ਕੀਤਾ। ਦੇਸ਼ ਵਿੱਚ ਮੋਦੀ ਲਹਿਰ ਦੇ ਬਾਵਜੂਦ ਅਕਾਲੀ-ਭਾਜਪਾ ਗੱਠਜੋੜ ਨੂੰ 2012 ਦੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ 8 ਫੀਸਦ ਵੋਟਾਂ ਦਾ ਨੁਕਸਾਨ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਵਿਵਾਦਤ ਸੱਚਾ ਸੌਦਾ ਮੁਖੀ ਰਾਮ ਰਹੀਮ ਨਾਲ ਗੱਠਜੋੜ ਵਰਗੇ ਮੁੱਦਿਆਂ ਕਾਰਨ ਅਕਾਲੀ ਦਲ ਦਾ ਸਭ ਤੋਂ ਵਫ਼ਾਦਾਰ ਵੋਟ ਬੈਂਕ , ਪੰਜਾਬ ਦੀ ਪੇਂਡੂ ਸਿੱਖ ਕਿਸਾਨੀ ਉਸ ਦੇ ਵਿਰੋਧ ਵਿੱਚ ਆਣ ਨਿੱਤਰੀ।ਅਕਾਲੀ ਦਲ ਨੂੰ ਇਸ ਦਾ ਵੱਡਾ ਨੁਕਸਾਨ ਹੋਇਆ। 2017 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ-ਬਾਦਲ ਦੀ ਲੱਕ ਤੋੜਵੀਂ ਹਾਰ ਹੋਈ।



## ਮੋਰਚਾ ਤੇ ਮਾਅਨੇ

1 ਜੂਨ 2018 ਨੂੰ ਪੰਥਕਾਂ ਵਿੱਚੋਂ ਇੱਕ ਧਿਰ ਜਿਸ ਦੀ ਅਗਵਾਈ ਧਿਆਨ ਸਿੰਘ ਮੰਡ ਅਤੇ ਬਲਜੀਤ ਸਿੰਘ ਦਾਦੂਵਾਲ ਕਰ ਰਹੇ ਹਨ, ਨੇ ਬੇਅਦਬੀ ਦੇ ਦੋਸ਼ੀਆਂ ਨੂੰ ਫੜਨ ਅਤੇ ਸਜਾ ਦੁਆਉਣ ਦੇ ਮਕਸਦ ਨਾਲ ਬਰਗਾੜੀ ਵਿੱਚ ਮੋਰਚਾ ਲਾ ਦਿੱਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ, ਜੋ ਮਾਰਚ 2017 ਤੋਂ ਬਾਅਦ ਹੋਂਦ ਵਿੱਚ ਆਈ ਸੀ, ਨੇ ਆਉਣ ਵਾਲੀਆਂ ਚੋਣਾਂ 'ਚ ਲਾਹਾ ਲੈਣ ਲਈ ਅਤੇ ਰਵਾਇਤੀ ਵਿਰੋਧੀ ਅਕਾਲੀ ਦਲ ਨੂੰ ਗੁੱਠੇ ਲਾਉਣ ਲਈ ਬਰਗਾੜੀ ਤੇ ਬਹਿਬਲ ਕਾਂਡ ਦੀ ਜਾਂਚ ਲਈ ਬਣਾਏ ਕਮਿਸ਼ਨ ਦੀ ਰਿਪੋਰਟ ਨੂੰ ਵਿਧਾਨ ਸਭਾ ਵਿੱਚ ਰੱਖਣ ਕਰਨ ਦਾ ਐਲਾਨ ਕਰ ਦਿੱਤਾ। 28 ਅਗਸਤ ਨੂੰ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਵਿਧਾਨ ਸਭਾ 'ਚ ਬਹਿਸ ਦਾ ਸਿੱਧਾ ਪ੍ਰਸਾਰਨ ਕੀਤਾ ਗਿਆ, ਜਿਸ ਦਾ ਅਕਾਲੀ ਦਲ ਨੇ ਬਾਈਕਾਟ ਕੀਤਾ।

ਬਹਿਸ ਦੌਰਾਨ ਕਾਂਗਰਸ ਅਤੇ ਪ੍ਰਮੁੱਖ ਵਿਰੋਧੀ ਦਲ ਆਮ ਆਦਮੀ ਪਾਰਟੀ ਦੇ ਮੈਂਬਰਾਂ ਨੇ ਅਕਾਲੀ ਦਲ 'ਤੇ ਰਾਜਨੀਤਕ ਵਾਰ ਕੀਤੇ ਅਤੇ ਦੋਸ਼ੀਆਂ ਨੂੰ ਸਖ਼ਤ ਸਜਾਵਾਂ ਦੇਣ ਦੀ ਮੰਗ ਕੀਤੀ। ਇਸ ਸਾਰੀ ਬਹਿਸ ਨੇ ਬਰਗਾੜੀ ਮੋਰਚੇ ਨੂੰ ਹੋਰ ਵੀ ਮਾਨਤਾ ਦਿੱਤੀ।

## ਕੀ ਹੈ ਫਾਇਦਾ-ਨੁਕਸਾਨ

ਕਾਂਗਰਸ ਭਾਵੇਂ ਆਪਣੇ ਆਪ ਨੂੰ ਇੱਕ "ਧਰਮ ਨਿਰਪੱਖ" ਪਾਰਟੀ ਵੱਜੋਂ ਪੇਸ਼ ਕਰਦੀ ਹੈ ਪਰ ਪੰਜਾਬ ਵਿੱਚ ਧਾਰਮਿਕ ਪੱਤਾ ਖੇਡਣ ਦੀ ਉਸ ਦੀ ਪੁਰਾਣੀ ਰਵਾਇਤ ਹੈ। ਪ੍ਰਤਾਪ ਸਿੰਘ ਕੈਰੋਂ ਦੀ 'ਸਾਧ ਸੰਗਤ ਬੋਰਡ' ਦੀ ਸਿਆਸਤ ਤੋਂ ਲੈ ਕੇ ਗਿਆਨੀ ਜੈਲ ਸਿੰਘ ਦਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਸ਼ੁਰੂਆਤੀ ਦੌਰ 'ਚ ਥਾਪੜਾ ਦੇਣਾ ਇਸੇ ਕੜੀ ਦੇ ਪੁਰਾਣੇ ਹਿੱਸੇ ਹਨ। ਇਹ ਗੱਲ ਹੋਰ ਹੈ ਕਿ ਕਾਂਗਰਸ, ਸਿੱਖਾਂ ਅਤੇ ਪੰਜਾਬ ਦਾ ਇਨ੍ਹਾਂ ਤਜਰਬਿਆਂ ਨੇ ਬਹੁਤ ਨੁਕਸਾਨ ਕੀਤਾ। ਬੇਅਦਬੀ ਦੇ ਮਾਮਲੇ ਤੋਂ ਸਿਮਰਨਜੀਤ ਮਾਨ ਤੇ ਧਿਆਨ ਸਿੰਘ ਮੰਡ ਵਰਗੇ ਪੁਰਾਣੇ ਪੰਥਕਾਂ, ਦਾਦੂਵਾਲ ਵਰਗੇ ਪ੍ਰਚਾਰਕਾਂ ਅਤੇ ਆਮ ਆਦਮੀ ਪਾਰਟੀ ਤੋਂ ਬਾਗੀ ਖਹਿਰਾ ਗਰੁੱਪ ਨੂੰ ਰਾਜਨੀਤਕ ਲਾਹਾ ਮਿਲਣ ਦੀ ਆਸ ਹੈ। ਜਿੱਥੇ ਕਾਂਗਰਸ ਹੁਣ ਅਕਾਲੀ ਦਲ ਨੂੰ ਹਾਸ਼ੀਏ 'ਤੇ ਧੱਕਣ ਲਈ ਪੱਬਾਂ ਭਾਰ ਹੈ, ਦੂਜੇ ਪਾਸੇ ਇਹ ਗੈਰ ਬਾਦਲੀ ਪੰਥਕ ਦਲ ਹੁਣ ਬਾਦਲਾਂ ਤੋਂ ਸਿੱਖੀ ਤੇ ਪੰਜਾਬ ਵਾਲੀ ਗੁਰਜ ਖੋਹਣ ਨੂੰ ਕਾਹਲੇ ਹਨ। ਆਉਣ ਵਾਲੀਆਂ ਲੋਕ ਸਭਾ ਚੋਣਾਂ ਅਤੇ ਫਿਰ ਸ਼੍ਰੋਮਣੀ ਕਮੇਟੀ ਤੋਂ ਬਾਦਲ ਦਲ ਨੂੰ ਲਾਂਭੇ ਕਰਨਾ ਦੋਹਾਂ ਧਿਰਾਂ ਦਾ ਸਾਂਝਾ ਨਿਸ਼ਾਨਾ ਹੈ। ਬਰਗਾੜੀ ਵਿੱਚ ਮਿਲੇ ਭਰਵੇਂ ਹੁੰਗਾਰੇ ਦੇ ਬਾਵਜੂਦ, ਕਿਸੇ ਵੀ ਪੰਥਕ ਧਿਰ ਦੀ ਅਗਵਾਈ ਵਾਲੇ ਤੀਜੇ ਮੋਰਚੇ ਨੂੰ ਪੰਜਾਬ ਦੀ ਸੱਤਾ 'ਤੇ ਕਬਜੇ ਵਾਸਤੇ ਮਸ਼ੱਕਤ ਕਰਨੀ ਪਵੇਗੀ। ਆਪਣੇ ਇਸ ਸਰੂਪ ਵਿੱਚ ਇਸ ਪੰਥਕ ਧਿਰ ਦਾ ਮੁੱਖ ਸਮਰਥਨ ਮਾਲਵਾ ਅਤੇ ਕੁਝ ਹੱਦ ਤੱਕ ਮਾਝਾ ਦੇ ਸਿੱਖ ਵੱਸੋਂ ਵਾਲੇ ਪੇਂਡੂ ਖੇਤਰਾਂ ਵਿੱਚ ਹੀ ਦਿਸਦਾ ਹੈ। ਸ਼ਹਿਰੀ, ਹਿੰਦੂ ਅਤੇ ਦਲਿਤ ਵਰਗਾਂ ਵਿੱਚ ਇਸ ਗੱਠਜੋੜ ਪ੍ਰਤੀ ਹਾਂ-ਪੱਖੀ ਨਜ਼ਰੀਆ ਹੋਣ ਦੀਆਂ ਸੰਭਾਵਨਾਵਾਂ ਘੱਟ ਹੀ ਹੈ। ਜਿੱਥੇ 1980ਵਿਆਂ ਵਿੱਚ ਭਿੰਡਰਾਂਵਾਲੇ ਵਰਗੇ ਆਗੂ ਦੀ ਅਗਵਾਈ ਵਿਚ ਖਾੜਕੂ ਧਿਰਾਂ ਦੀ ਧਾਕ ਸੀ, ਅੱਜ ਦੀ ਸਥਿਤੀ 'ਚ ਉਸ ਤਰ੍ਹਾਂ ਦੀ ਲੀਡਰਸ਼ਿਪ ਦੀ ਘਾਟ ਹੈ। ਨਾਲ ਹੀ, ਪੁਰਾਤਨ ਤਾਨਾਸ਼ਾਹੀ ਸੁਭਾਅ ਵਾਲੀ ਲੀਡਰਸ਼ਿਪ ਅਤੇ ਨਵੀਨ ਸੰਚਾਰ ਸਾਧਨਾਂ ਨਾਲ ਲੈਸ ਨਵੀਂ ਪੰਥਕ ਸਿਆਸਤ ਦੇ ਹਾਮੀਆਂ ਦੇ ਟਕਰਾਅ ਦੀ ਸੰਭਾਵਨਾ ਵੀ ਬਣੀ ਰਹੇਗੀ। ਆਪਣੀਆਂ ਮੌਜੂਦਾ ਦਿੱਕਤਾਂ ਦੇ ਬਾਵਜੂਦ ਅਕਾਲੀ ਦਲ-ਬਾਦਲ ਆਪਣੀ ਜਥੇਬੰਦਕ ਤਾਕਤ, ਸਾਧਨਾਂ ਅਤੇ ਸੁਖਬੀਰ ਅਤੇ ਮਜੀਠਿਆ ਦੀ ਲੀਡਰਸ਼ਿਪ ਕਾਰਨ ਪੰਥਕ ਦਲਾਂ ਨੂੰ ਟੱਕਰ ਦੇ ਸਕਦਾ ਹੈ। ਅਜੇ ਵੀ ਬਹੁਤ ਸਾਰੀਆਂ ਪੰਥਕ ਜੱਥੇਬੰਦੀਆਂ, ਜਿਵੇਂ ਦਮਦਮੀ ਟਕਸਾਲ, ਨਾਨਕਸਰ, ਢੱਡਰੀਆਂਵਾਲਾ, ਪੰਥਪ੍ਰੀਤ, ਇਸ ਮੋਰਚੇ ਤੋਂ ਦੂਰੀ ਰੱਖ ਰਹੇ ਹਨ। ਪੰਜਾਬ ਦੀ ਸਿਆਸਤ ਵਿੱਚ ਧਰਮ ਅਤੇ ਰਾਜਨੀਤੀ ਦੇ ਸਿੱਧੇ ਗੱਠਜੋੜ ਦੇ ਨਤੀਜੇ ਪਹਿਲਾਂ ਵੀ ਵਿਸਫੋਟਕ ਰਹੇ ਹਨ।

# ਹਫਤੇ 'ਚ 40 ਘੰਟੇ ਤੋਂ ਜ਼ਿਆਦਾ ਕੰਮ ਕਰਨ ਵਾਲਿਆਂ ਨੂੰ ਤਣਾਅ ਦਾ ਖਤਰਾ ਦੁੱਗਣਾ





ਵਾਸ਼ਿੰਗਟਨ (ਏਜੰਸੀ)— ਮਨੁੱਖੀ ਸਿਹਤ ਬਾਰੇ ਹਾਲ ਹੀ ਵਿਚ ਇਕ ਅਧਿਐਨ ਕੀਤਾ ਗਿਆ। ਅਧਿਐਨ ਮੁਤਾਬਕ ਜੇ ਤੁਸੀਂ ਹਫਤੇ ਵਿਚ 40 ਘੰਟੇ ਤੋਂ ਵਧੇਰੇ ਕੰਮ ਕਰ ਰਹੇ ਹੋ ਤਾਂ ਤੁਹਾਡੀ ਤਣਾਅ ਵਿਚ ਆਉਣ ਦੀ ਸੰਭਾਵਨਾ 2 ਗੁਣਾ ਵੱਧ ਜਾਂਦੀ ਹੈ। ਇਹ ਅਜਿਹੀ ਸਮੱਸਿਆ ਹੈ ਜਿਸ ਦਾ ਅਸਰ ਜਵਾਨੀ ਵਿਚ ਤਾਂ ਨਹੀਂ ਦਿੱਸਦਾ ਪਰ ਜਿਵੇਂ-ਜਿਵੇਂ ਇਨਸਾਨ 35-40 ਸਾਲ ਦੀ ਉਮਰ ਪਾਰ ਕਰਦਾ ਹੈ ਤਾਂ ਸਰੀਰ ਅਤੇ ਦਿਮਾਗ 'ਤੇ ਇਸ ਓਵਰਲੋਡ ਦੇ ਭਿਆਨਕ ਅਸਰ ਦਿੱਸਣ ਲੱਗਦੇ ਹਨ। ਇਹ ਨਤੀਜਾ ਅਮਰੀਕਾ ਦੇ ਕਿਰਤ ਵਿਭਾਗ ਦੇ ਇਕ ਹਾਲ ਵਿਚ ਹੀ ਅਧਿਐਨ ਤੋਂ ਨਿਕਲਿਆ ਹੈ। ਕਿਰਤ ਵਿਭਾਗ ਦੇ ਅੰਤਰਗਤ ਆਉਣ ਵਾਲੇ ਬਿਊਰੋ ਆਫ ਲੇਬਰ ਸਟੈਟੇਟਿਕਸ ਨੇ ਕਰੀਬ 5 ਹਜ਼ਾਰ ਲੋਕਾਂ 'ਤੇ ਇਹ ਅਧਿਐਨ ਕੀਤਾ ਸੀ। ਉਸ ਦੇ ਆਧਾਰ 'ਤੇ ਹੀ ਇਹ ਨਤੀਜੇ ਕੱਢੇ ਗਏ। ਅਧਿਐਨ ਲਈ ਸਾਰੇ ਲੋਕਾਂ ਨੂੰ ਦੋ ਤਰ੍ਹਾਂ ਦੇ ਗਰੁੱਪਾਂ ਵਿਚ ਵੰਡਿਆ ਗਿਆ। ਪਹਿਲੇ ਗਰੁੱਪ ਵਿਚ ਉਨ੍ਹਾਂ ਲੋਕਾਂ ਨੂੰ ਸ਼ਾਮਲ ਕੀਤਾ ਗਿਆ, ਜੋ ਹਫਤੇ ਵਿਚ 40 ਤੋਂ 45 ਘੰਟੇ ਹੀ ਕੰਮ ਕਰ ਰਹੇ ਸਨ। ਦੂਜੇ ਗਰੁੱਪ ਵਿਚ ਉਨ੍ਹਾਂ ਲੋਕਾਂ ਨੂੰ ਸ਼ਾਮਲ ਕੀਤਾ ਗਿਆ, ਜੋ ਹਫਤੇ ਵਿਚ 50 ਘੰਟੇ ਤੋਂ ਜ਼ਿਆਦਾ ਕੰਮ ਕਰ ਰਹੇ ਸਨ। ਦੋਹਾਂ ਗਰੁੱਪਾਂ ਦੇ ਲੋਕਾਂ ਦੀ ਦਿਮਾਗੀ ਸਿਹਤ ਦਾ ਅਧਿਐਨ ਕੀਤਾ ਗਿਆ। ਅਧਿਐਨ ਵਿਚ ਸ਼ਾਮਲ ਰਹੇ ਨਿਊਯਾਰਕ ਯੂਨੀਵਰਸਿਟੀ ਦੇ ਸਹਾਇਕ ਅਫਸਰ ਅਜ਼ੀਜ਼ੀ ਸੀਸੈਕਸ ਦੱਸਦੇ ਹਨ,"ਅਧਿਐਨ ਵਿਚ ਕੁਝ ਲੋਕ ਤਾਂ ਅਜਿਹੇ ਵੀ ਆਏ ਸਨ ਜੋ ਹਫਤੇ ਵਿਚ 60 ਘੰਟੇ ਤੋਂ ਵੀ ਜ਼ਿਆਦਾ ਕੰਮ ਕਰ ਰਹੇ ਸਨ। ਉਨ੍ਹਾਂ ਦੀ ਸਿਹਤ 'ਤੇ ਅਸੀਂ ਇਸ ਕੰਮ ਦਾ ਗੰਭੀਰ ਅਸਰ ਦੇਖਿਆ।" ਜ਼ਿਆਦਾ ਸਮਾਂ ਕੰਮ ਕਰਨ ਦਾ ਮਾਨਸਿਕ ਤੇ ਸਰੀਰਕ ਸਿਹਤ ਦੇ ਇਲਾਵਾ ਰਿਸ਼ਤਿਆਂ 'ਤੇ ਵੀ ਅਸਰ ਦਿੱਸਦਾ ਹੈ। ਅਜਿਹੇ ਲੋਕ ਅਕਸਰ ਰਾਤ ਵਿਚ ਜਦੋਂ ਸੋਣ ਲਈ ਜਾਂਦੇ ਹਨ ਉਦੋਂ ਬਿਸਤਰ 'ਤੇ ਲੰਮੇ ਪਏ ਹੋਏ ਆਪਣੇ ਕੰਮ ਜਾਂ ਸਮੱਸਿਆਵਾਂ ਦੇ ਬਾਰੇ ਹੀ ਸੋਚਦੇ ਰਹਿੰਦੇ ਹਨ। ਇਹ ਸੋਚ ਸਿਹਤ 'ਤੇ ਸਭ ਤੋਂ ਖਰਾਬ ਅਸਰ ਪਾਉਂਦੀ ਹੈ। ਇਸ ਲਈ ਜ਼ਿਆਦਾ ਕੰਮ ਕਰਨ ਵਾਲੇ 50 ਫੀਸਦੀ ਤੋਂ ਜ਼ਿਆਦਾ ਲੋਕ 5 ਘੰਟੇ ਦੀ ਵੀ ਚੰਗੀ ਨੀਂਦ ਨਹੀਂ ਲੈ ਪਾਉਂਦੇ। ਮਾਹਰਾਂ ਮੁਤਾਬਕ ਚੰਗੀ ਸਿਹਤ ਲਈ ਹਫਤੇ ਵਿਚ 5 ਦਿਨ ਅਤੇ ਰੋਜ਼ਾਨਾ 8 ਘੰਟੇ ਕੰਮ ਕਰਨਾ ਸਹੀ ਰਹਿੰਦਾ ਹੈ।

## ਤਕਨੀਕੀ ਖਰਾਬੀ ਕਾਰਨ ਰੂਸ ਦੇ ਪੁਲਾੜ ਜਹਾਜ਼ ਦੀ ਹੋਈ ਐਮਰਜੈਂਸੀ ਲੈਂਡਿੰਗ



ਵਾਸ਼ਿੰਗਟਨ(ਭਾਸ਼ਾ)— ਕੌਮਾਂਤਰੀ ਪੁਲਾੜ ਸਟੇਸ਼ਨ (ਆਈ. ਐੱਸ. ਐੱਸ.) ਲਈ ਉਡਾਣ ਭਰਨ ਦੇ ਕੁੱਝ ਹੀ ਸਮੇਂ ਬਾਅਦ ਰੂਸ ਦੇ ਬੂਸਟਰ ਰਾਕੇਟ ਸੋਯੂਜ਼ 'ਚ ਤਕਨੀਕੀ ਖਰਾਬੀ ਆ ਗਈ, ਜਿਸ ਕਾਰਨ ਇਸ ਦੀ ਐਮਰਜੈਂਸੀ ਲੈਂਡਿੰਗ ਕਰਵਾਉਣੀ ਪਈ। ਇਸ ਰਾਕੇਟ ਰਾਹੀਂ ਅਮਰੀਕੀ ਯਾਤਰੀ ਨਿਕ ਹੇਗ ਅਤੇ ਰੂਸ ਦੇ ਪੁਲਾੜ ਯਾਤਰੀ ਅਲੈਕਸੀ ਓਵੀਚਿਨ 6 ਮਹੀਨਿਆਂ ਲਈ ਮਿਸ਼ਨ ਤਹਿਤ ਪੁਲਾੜ 'ਤੇ ਜਾ ਰਹੇ ਸਨ।ਇਕ ਰਿਪੋਰਟ ਮੁਤਾਬਕ ਅਮਰੀਕਾ ਦੀ ਸਪੇਸ ਏਜੰਸੀ ਰਾਸ਼ਟਰੀ ਵੈਮਾਨਿਕੀ ਅਤੇ ਪੁਲਾੜ ਪ੍ਰਬੰਧਨ (ਨਾਸਾ) ਨੇ ਦੱਸਿਆ ਕਿ ਰਾਕੇਟ ਸੋਯੂਜ਼ ਦੇ ਉਡਾਣ ਭਰਨ ਦੇ ਲਗਭਗ 90 ਸਕਿੰਟਾਂ ਬਾਅਦ ਪਹਿਲੇ ਅਤੇ ਦੂਜੇ ਪੜਾਅ ਵਿਚਕਾਰ ਬੂਸਟਰ ਰਾਕੇਟ 'ਚ ਸਮੱਸਿਆ ਪੈਦਾ ਹੋ ਗਈ। ਨਾਸਾ ਨੇ ਕਿਹਾ ਕਿ ਤਲਾਸ਼ ਅਤੇ ਬਚਾਅ ਵਿਭਾਗ ਦੇ ਦਲ ਸੋਯੂਜ਼ ਪੁਲਾੜ ਜਹਾਜ਼ ਦੇ ਲੈਂਡਿੰਗ ਵਾਲੇ ਸਥਾਨ 'ਤੇ ਪੁੱਜ ਗਏ ਸਨ ਅਤੇ ਪੁਲਾੜ ਯਾਤਰੀ ਸੁਰੱਖਿਅਤ ਹਨ। ਰੂਸ ਦੇ ਉਪ ਪ੍ਰਧਾਨ ਮੰਤਰੀ ਯੂਰੀ ਬੋਰਿਸੋਵ ਨੇ ਇਸ ਘਟਨਾ 'ਤੇ ਗੱਲਬਾਤ ਕਰਦੇ ਹੋਏ ਕਿਹਾ ਕਿ ਸਾਡਾ ਮੰਨਣਾ ਹੈ ਕਿ ਜਦ ਤਕ ਪੂਰੀ ਸੁਰੱਖਿਆ ਨਿਸ਼ਚਿਤ ਨਹੀਂ ਕਰ ਲਈ ਜਾਂਦੀ ਤਦ ਤਕ ਕੋਈ ਹੋਰ ਮਨੁੱਖੀ ਜਹਾਜ਼ ਪੁਲਾੜ ਲਈ ਰਵਾਨਾ ਨਹੀਂ ਹੋਵੇਗਾ।

## ਟਰੰਪ ਦੀ ਭਾਰਤ ਸਮੇਤ ਦੁਨੀਆ ਨੂੰ ਧਮਕੀ, ਹਿੰਮਤ ਹੈ ਤਾਂ 4 ਨਵੰਬਰ ਦੇ ਬਾਅਦ ਖਰੀਦੋ ਈਰਾਨ ਤੋਂ ਤੇਲ

ਵਾਸ਼ਿੰਗਟਨ (ਬਿਊਰੋ)— ਅਮਰੀਕਾ ਦੀ ਇੱਛਾ ਵਿਰੁੱਧ ਜਿੱਥੇ ਭਾਰਤ ਨੇ ਰੂਸ ਨਾਲ ਐੱਸ-400 ਡਿਫੈਂਸ ਮਿਜ਼ਾਈਲ ਸਿਸਟਮ ਖਰੀਦਣ 'ਤੇ ਸਮਝੌਤਾ ਕੀਤਾ ਹੈ ਉੱਥੇ ਹੁਣ ਈਰਾਨ 'ਤੇ ਅਮਰੀਕੀ ਪਾਬੰਦੀ ਦੇ ਬਾਵਜੂਦ ਲਗਾਤਾਰ ਕੱਚਾ ਤੇਲ ਖਰੀਦਣਾ ਅਮਰੀਕਾ ਨੂੰ ਚੁੱਭ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਪਾਬੰਦੀ ਦੇ ਹਵਾਲੇ ਨਾਲ ਪੂਰੀ ਦੁਨੀਆ ਨੂੰ ਧਮਕਾਉਂਦੇ ਹੋਏ ਕਿਹਾ ਹੈ ਕਿ 4 ਨਵੰਬਰ ਦੇ ਬਾਅਦ ਜੇ ਕਈ ਦੇਸ਼ ਈਰਾਨ ਤੋਂ ਕੱਚਾ ਤੇਲ ਖਰੀਦਦਾ ਹੈ ਤਾਂ ਉਹ ਉਨ੍ਹਾਂ ਵਿਰੁੱਧ ਸਖਤ ਤੋਂ ਸਖਤ ਕਦਮ ਚੁੱਕਣ ਲਈ ਤਿਆਰ ਹੈ।



ਡੋਨਾਲਡ ਟਰੰਪ ਨੇ ਈਰਾਨ ਤੋਂ ਕੱਚੇ ਤੇਲ ਦੀ ਦਰਾਮਦ ਨੂੰ ਲੈ ਕੇ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ 4 ਨਵੰਬਰ ਤੱਕ ਈਰਾਨ ਤੋਂ ਕੱਚੇ ਤੇਲ ਦੀ ਦਰਾਮਦ ਘਟਾ ਕੇ ਜ਼ੀਰੋ ਨਾ ਕਰਨ ਵਾਲੇ ਦੇਸ਼ਾਂ ਵਿਰੁੱਧ ਅਮਰੀਕਾ ਕਾਰਵਾਈ ਕਰੇਗਾ। ਗੌਰਤਲਬ ਹੈ ਕਿ ਭਾਰਤ ਤੇ ਚੀਨ ਜਿਹੇ ਦੇਸ਼ਾਂ ਦੇ ਈਰਾਨ ਤੋਂ ਤੇਲ ਦਰਾਮਦ ਜਾਰੀ ਰੱਖਣ ਦੇ ਬਾਰੇ ਵਿਚ ਪੁੱਛੇ ਜਾਣ 'ਤੇ ਟਰੰਪ ਨੇ ਕਿਹਾ,"ਅਸੀਂ ਉਨ੍ਹਾਂ ਨੂੰ ਵੀ ਦੇਖਾਂਗੇ।" ਟਰੰਪ ਨੇ ਮਈ ਵਿਚ ਅਮਰੀਕਾ ਨੂੰ ਸਾਲ 2015 ਵਿਚ ਹੋਏ ਈਰਾਨ ਪਰਮਾਣੂ ਸਮਝੌਤੇ ਤੋਂ ਵੱਖ ਕਰ ਲਿਆ ਸੀ ਅਤੇ ਉਸ 'ਤੇ ਮੁੜ ਪਾਬੰਦੀਆਂ ਲਗਾਈਆਂ ਸਨ।

ਟਰੰਪ ਨੇ ਈਰਾਨ ਤੋਂ ਤੇਲ ਦਰਾਮਦ ਕਰਨ ਵਾਲੇ ਦੇਸ਼ਾਂ ਨੂੰ 4 ਨਵੰਬਰ ਤੱਕ ਆਪਣੀ ਦਰਾਮਦ ਘਟਾ ਕੇ ਜ਼ੀਰੋ ਕਰਨ ਲਈ ਕਿਹਾ ਹੈ। ਨਾਲ ਹੀ ਉਨ੍ਹਾਂ ਨੇ ਅਜਿਹਾ ਨਾ ਕਰਨ ਵਾਲੇ ਦੇਸ਼ਾਂ 'ਤੇ ਪਾਬੰਦੀ ਲਗਾਉਣ ਦੀ ਵੀ ਚਿਤਾਵਨੀ ਦਿੱਤੀ ਹੈ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਰੂਸ ਤੋਂ 5 ਅਰਬ ਡਾਲਰ ਦੇ ਸੌਦੇ ਵਿਚ ਐੱਸ-400 ਹਵਾਈ ਰੱਖਿਆ ਪ੍ਰਣਾਲੀ ਖਰੀਦਣ 'ਤੇ ਭਾਰਤ ਵਿਰੁੱਧ ਅਮਰੀਕੀ ਕਾਨੂੰਨ ਦੇ ਤਹਿਤ ਦੰਡਕਾਰੀ ਕਾਰਵਾਈ ਹੁੰਦੀ ਹੈ ਜਾਂ ਨਹੀਂ ਇਸ ਦੇ ਬਾਰੇ ਵਿਚ ਜਲਦੀ ਸਥਿਤੀ ਸਪੱਸ਼ਟ ਹੋ ਜਾਵੇਗੀ। 5 ਬਿਲੀਅਨ ਡਾਲਰ ਦੀ ਇਸ ਮੈਗਾ ਡਿਫੈਂਸ ਡੀਲ 'ਤੇ ਅਮਰੀਕਾ ਕਾਟਸਾ (CAATSA) ਪਾਬੰਦੀ ਲਗਾ ਸਕਦਾ ਹੈ। ਬੀਤੇ ਮਹੀਨੇ ਅਮਰੀਕਾ ਨੇ ਚੀਨ 'ਤੇ ਇਹੀ ਪਾਬੰਦੀ ਲਗਾਈ ਸੀ। ਉਦੋਂ ਚੀਨ ਨੇ ਰੂਸ ਤੋਂ ਲੜਾਕੂ ਜਹਾਜ਼ ਅਤੇ ਮਿਜ਼ਾਈਲ ਡਿਫੈਂਸ ਸਿਸਟਮ ਖਰੀਦਿਆ ਸੀ।ਅਮਰੀਕਾ ਨੇ ਆਪਣੇ ਵਿਰੋਧੀਆਂ ਵਿਰੁੱਧ ਪਾਬੰਦੀ ਲਗਾਉਣ ਲਈ Countering American Adventures Through Sanctions (CAATSA) ਕਾਨੂੰਨ ਬਣਾਇਆ ਹੈ। ਇਸ ਦੇ ਤਹਿਤ ਰੂਸ ਨਾਲ ਹਥਿਆਰ ਸੌਦੇ 'ਤੇ ਅਮਰੀਕੀ ਪਾਬੰਦੀਆਂ ਤੋਂ ਭਾਰਤ ਨੂੰ ਛੋਟ ਦੇਣ ਦਾ ਅਧਿਕਾਰ ਸਿਰਫ ਰਾਸ਼ਟਰਪਤੀ ਕੋਲ ਹੀ ਹੈ। ਕਾਟਸਾ ਅਮਰੀਕਾ ਦਾ ਫੈਡਕਲ ਕਾਨੂੰਨ ਹੈ। ਇਸ ਦੇ ਤਹਿਤ ਈਰਾਨ, ਦੱਖਣੀ ਕੋਰੀਆ ਅਤੇ ਰੂਸ 'ਤੇ ਪਾਬੰਦੀ ਲਗਾਈ ਗਈ ਹੈ। ਭਾਰਤ ਅਤੇ ਰੂਸ ਵਿਚਕਾਰ ਹੋਏ ਸੌਦੇ ਦੇ ਬਾਰੇ ਵਿਚ ਪੁੱਛੇ ਜਾਣ 'ਤੇ ਟਰੰਪ ਨੇ ਬੁੱਧਵਾਰ ਨੂੰ ਕਿਹਾ,"ਭਾਰਤ ਨੂੰ ਪਤਾ ਲੱਗ ਜਾਵੇਗਾ।" ਉਨ੍ਹਾਂ ਨੇ ਕਿਹਾ ਕਿ ਭਾਰਤ ਨੂੰ ਜਲਦੀ ਹੀ ਪਤਾ ਲੱਗਣ ਵਾਲਾ ਹੈ। ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਭਾਰਤ ਨੂੰ ਕਦੋਂ ਪਤਾ ਲੱਗੇਗਾ ਤਾਂ ਉਨ੍ਹਾਂ ਨੇ ਕਿਹਾ,"ਤੁਸੀਂ ਦੇਖੋਗੇ, ਤੁਸੀਂ ਜਿੰਨਾ ਸੋਚ ਰਹੇ ਹੋ ਉਸ ਤੋਂ ਪਹਿਲਾਂ।"

## ਪਾਮੇਲਾ ਨੇ ਖੁਦ ਨੂੰ ਕੀਤਾ ਪਿੰਜਰੇ 'ਚ ਬੰਦ



ਵਾਸ਼ਿੰਗਟਨ — ਮਸ਼ਹੂਰ ਅਦਾਕਾਰਾ ਪਾਮੇਲਾ ਐਂਡਰਸਨ ਨੇ ਪੈਰਿਸ 'ਚ ਪਸ਼ੂ ਅਧਿਕਾਰਾਂ ਲਈ ਚਲਾਏ ਜਾ ਰਹੇ ਇਕ ਕੈਂਪੇਨ 'ਚ ਸ਼ਾਮਲ ਹੋ ਕੇ ਯੂਰਪ 'ਚ ਪਸ਼ੂਆਂ ਨੂੰ ਪਿੰਜਰਿਆਂ 'ਚ ਬੰਦ ਕਰਨ ਖਿਲਾਫ ਵਿਰੋਧ ਜਤਾਉਂਦੇ ਹੋਏ ਖੁਦ ਨੂੰ ਪਿੰਜਰੇ ਦੇ ਅੰਦਰ ਕੈਦ ਕਰਕੇ ਤਸਵੀਰਾਂ ਖਿਚਵਾਈਆਂ।

ਸਾਬਕਾ ਬੇਵਾਚ ਸਟਾਰ ਨੇ ਬੁੱਧਵਾਰ ਨੂੰ ਕੰਪੈਸ਼ਨ ਇਨ ਵਰਲਡ ਫਾਰਮਿੰਗ ਦੇ ਇਕ ਅਭਿਆਨ ਦਾ ਸਮਰਥਨ ਕੀਤਾ। ਇਸ ਅਭਿਆਨ ਦਾ ਮਕਸਦ ਇਸ ਪ੍ਰਥਾ ਨੂੰ ਖਤਮ ਕਰਨ ਦੇ ਸਮਰਥਨ 'ਚ ਯੂਰਪੀ ਸੰਘ ਦੇ 7 ਦੇਸ਼ਾਂ 'ਚ 10 ਲੱਖ ਲੋਕਾਂ ਦੇ ਹਸਤਾਖਰ ਹਾਸਲ ਕਰਨਾ ਹੈ। ਉਨ੍ਹਾਂ ਨੇ ਪੱਤਰਕਾਰਾਂ ਨੂੰ ਆਖਿਆ ਕਿ ਮੈਨੂੰ ਨਹੀਂ ਲੱਗਦਾ ਕਿ ਕਿਸੇ ਵੀ ਪਸ਼ੂ ਨੂੰ ਮਨੋਰੰਜਨ ਲਈ ਪਿੰਜਰੇ 'ਚ ਬੰਦ ਕਰਕੇ ਰੱਖਣਾ ਚਾਹੀਦਾ ਹੈ।

ਪਾਮੇਲਾ ਨੇ ਆਖਿਆ ਕਿ ਸਾਡੀ ਸਾਰੀ ਪਸੰਦ ਅਹਿਮ ਹੈ ਅਤੇ ਸਾਨੂੰ ਆਪਣੇ ਫੈਸਲਿਆਂ ਨੂੰ ਲੈ ਕੇ ਜ਼ਿਆਦਾ ਸਾਵਧਾਨ ਹੋਣਾ ਚਾਹੀਦਾ। ਐਨੀਮਲ ਵੇਲਫੇਅਰ ਆਰਗੇਨਾਈਜੇਸ਼ਨ ਨੇ ਲੰਬਾ ਰਸਤਾ ਤੈਅ ਕੀਤਾ ਹੈ ਪਰ ਸਾਨੂੰ ਹੋਰ ਅੱਗੇ ਜਾਣਾ ਹੈ। ਇਹ ਪਟੀਸ਼ਨ ਯੂਰਪੀਅਮ ਸਿਟੀਜਨਸ ਇਨੀਸ਼ਏਟਿਵ ਦਾ ਹਿੱਸਾ ਹੈ ਜਿਸ ਦਾ ਮਤਲਬ ਹੈ ਕਿ ਜੇਕਰ ਉਹ ਇਕ ਸਾਲ ਦੇ ਅੰਦਰ 10 ਲੱਖ ਹਸਤਾਖਰ ਕਰਾ ਲੈਂਦੇ ਹਨ ਤਾਂ ਯੂਰਪੀ ਕਮਿਸ਼ਨ ਇਸ ਮੁੱਦੇ 'ਤੇ ਵਿਚਾਰ ਕਰੇਗਾ

## ਟ੍ਰੇਡ ਵਾਰ ਨੂੰ ਲੈ ਰੁਰਗਾਦ 2 ਤੇ IMF ਨੇ ਚੀਨ, ਅਮਰੀਕਾ ਨੂੰ ਦਿੱਤੀਆਂ ਇਹ ਖਾਸ ਸਲਾਹਾਂ

ਵਾਸ਼ਿੰਗਟਨ/ਬਾਲੀ — ਅੰਤਰਰਾਸ਼ਟਰੀ ਵਿੱਤ ਏਜੰਸੀਆਂ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ (ਆਈ. ਐਮ. ਐਫ.) ਨੇ ਬਾਲੀ 'ਚ ਜਾਰੀ ਇਕ ਅਹਿਮ ਬੈਠਕ ਦੌਰਾਨ ਅਮਰੀਕਾ ਅਤੇ ਚੀਨ ਨੂੰ ਸਲਾਹ ਦਿੱਤੀ ਹੈ ਕਿ ਉਹ ਗਲੋਬਲ ਵਪਾਰ ਸੰਗਠਨ (ਡਬਲਯੂ. ਟੀ. ਓ.) ਦੇ ਨਿਯਮਾਂ ਮੁਤਾਬਕ ਵਪਾਰ ਕਰੇ ਕਿਉਂਕਿ ਇਸ 'ਚ ਦੁਨੀਆ ਦਾ ਭਲਾ ਹੈ।




ਵਿਸ਼ਵ ਬੈਂਕ ਅਤੇ ਆਈ. ਐਮ. ਐਫ. ਦੇ ਪ੍ਰਮੁੱਖਾਂ ਨੇ ਬੁੱਧਵਾਰ ਨੂੰ ਅਮਰੀਕਾ ਅਤੇ ਚੀਨ ਨੂੰ ਸਲਾਹ ਦਿੱਤੀ ਕਿ ਉਹ ਗਲੋਬਲ ਬਾਜ਼ਾਰ 'ਚ ਨਿਯਮਾਂ ਮੁਤਾਬਕ ਵਪਾਰ ਕਰਨ ਅਤੇ ਨਾਲ ਹੀ ਉਨ੍ਹਾਂ ਨੇ ਚੀਨ ਦੀ ਤਕਨਾਲੋਜੀ ਵਿਕਾਸ ਰਣਨੀਤੀ ਨੂੰ ਲੈ ਕੇ ਚੱਲ ਰਹੇ ਵਿਵਾਦ ਨੂੰ ਖਤਮ ਕਰਨ ਨੂੰ ਵੀ ਆਖਿਆ ਹੈ। ਇਸ ਕਾਰਨ ਗਲੋਬਲ ਅਰਥਵਿਵਸਥਾ ਨੂੰ ਲੰਬੇ ਸਮੇਂ ਤੱਕ ਨੁਕਸਾਨ ਹੋਣ ਦਾ ਸ਼ੱਕ ਹੈ। ਆਈ. ਐਮ. ਐਫ. ਦੀ ਪ੍ਰਬੰਧਕ ਡਾਇਰੈਕਟਰ ਕ੍ਰਿਸਟੀਨ ਲੇਗਾਰਡ ਨੇ ਕਿਹਾ ਕਿ ਉਹ ਅਮਰੀਕਾ ਅਤੇ ਚੀਨ ਨੂੰ ਇਹ ਸਲਾਹ ਦੇਵੇਗੀ ਕਿ ਉਹ ਠੰਢੇ ਦਿਮਾਗ ਨਾਲ ਵਿਚਾਰ ਕਰਨ ਅਤੇ ਦੁਨੀਆ ਦੀ ਵਪਾਰ ਪ੍ਰਣਾਲੀ ਨੂੰ ਪਹਿਲਾਂ ਵਾਂਗ ਕਰਨ ਠੀਕ ਕਰਨ'ਚ ਮਦਦ ਕਰਨ ਨਾ ਕੀ ਤੋੜਣ।

ਲੇਗਾਰਡ ਅਤੇ ਗਲੋਬਲ ਬੈਂਕ ਦੇ ਪ੍ਰਧਾਨ ਜਿਮ ਯਾਂਗ ਕਿਮ ਨੇ ਆਈ. ਐਮ. ਐਫ. ਅਤੇ ਗਲੋਬਲ ਬੈਂਕ ਦੀ ਸਾਲਾਨਾ ਬੈਠਕ ਦੇ ਮੌਕੇ 'ਤੇ ਵੱਖ-ਵੱਖ ਗੱਲਬਾਤ 'ਚ ਆਪਣੇ ਵਿਚਾਰ ਰੱਖੇ। ਇਹ ਬੈਠਕ ਇੰਡੋਨੇਸ਼ੀਆ ਦੇ ਬਾਲੀ ਟਾਪੂ 'ਚ ਹੋ ਰਹੀ ਹੈ। ਇਸ ਆਯੋਜਨ 'ਚ ਦੁਨੀਆ ਦੇ ਕਈ ਦੇਸ਼ਾਂ ਦੇ ਵਿੱਤ ਮੰਤਰੀ ਅਤੇ ਕੇਂਦਰੀ ਬੈਂਕ ਹਿੱਸਾ ਲੈ ਰਹੇ ਹਨ। ਅਮਰੀਕਾ ਅਤੇ ਚੀਨ ਵਿਚਾਲੇ ਵਧਦੇ ਵਿਵਾਦ ਦੇ ਬਾਰੇ 'ਚ ਪੁੱਛੇ ਜਾਣ 'ਤੇ ਲੇਗਾਰਡ ਨੇ ਆਖਿਆ ਕਿ ਦੋਹਾਂ ਦੇਸ਼ਾਂ ਨੇ ਇਕ ਦੂਜੇ ਦੇ ਬਰਾਮਦ 'ਤੇ ਜੋ ਹੋਰ ਸ਼ੁਲਕ ਲਾਇਆ ਹੈ ਉਸ ਨਾਲ ਅਜੇ ਜ਼ਿਆਦਾ ਨੁਕਸਾਨ ਨਹੀਂ ਹੋਇਆ ਹੈ ਪਰ ਇਸ ਗੱਲ ਦਾ ਡਰ ਬਣਿਆ ਹੋਇਆ ਹੈ ਕਿ ਇਸ ਨਾਲ ਹੋਰ ਦੇਸ਼ਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ।

ਲੇਗਾਰਡ ਨੇ ਡੋਨਾਲਡ ਟਰੰਪ ਅਤੇ ਸ਼ੀ ਜਿਨਪਿੰਗ ਨੂੰ 3 ਸਲਾਹਾਂ ਦਿੱਤੀਆਂ ਹਨ। ਵਿਵਾਦ ਨੂੰ ਠੰਢਾ ਕਰੋ, ਪ੍ਰਣਾਲੀ ਨੂੰ ਪਹਿਲਾਂ ਵਾਂਗ ਠੀਕ ਕਰੋ ਅਤੇ ਇਸ ਨੂੰ ਤੋੜੋ ਨਾ। ਉਨ੍ਹਾਂ ਆਖਿਆ ਕਿ ਸਥਿਤ ਨਿਯਮ ਬਣਾਉਣ ਵਾਲੇ ਗਲੋਬਲ ਵਪਾਰ ਸੰਗਠਨ (ਡਬਲਯੂ. ਟੀ. ਯੂ.) ਕੋਲ ਅਮਰੀਕਾ ਦੀ ਸ਼ਿਕਾਇਤ ਨੂੰ ਹੱਲ ਕਰਨ ਦੇ ਤਰੀਕੇ ਹਨ। ਅਮਰੀਕਾ ਦੀ ਸ਼ਿਕਾਇਤ ਹੈ ਕਿ ਚੀਨ ਦੀਆਂ ਨੀਤੀਆਂ ਗਲਤ ਤਰੀਕੇ ਨਾਲ ਆਧੁਨਿਕ ਤਕਨਾਲੋਜੀ ਜੁਟਾਉਣ ਦੀ ਹੈ ਜਿਸ ਨਾਲ ਵਿਦੇਸ਼ ਕੰਪਨੀਆਂ ਨੂੰ ਨੁਕਸਾਨ ਹੁੰਦਾ ਹੈ। ਹਾਲਾਂਕਿ ਇਸ ਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਡਬਲਯੂ. ਟੀ. ਓ. ਨੂੰ ਸਬਸਿਡੀ ਜਿਹੇ ਮੁੱਦਿਆਂ ਨੂੰ ਹੱਲ ਕਰਨ ਲਈ ਕੰਮ ਕਰਨ ਦੀ ਜ਼ਰੂਰਤ ਹੈ।

# ਕਈਂ ਨਵੇਂ ਵਰਤਾਰਿਆਂ ਨੂੰ ਜਨਮ ਦੇ ਰਿਹੈ 'ਆਈਲਟਸ'

(IELTS) ਯਾਨੀ ਇੰਟਰਨੈਸ਼ਨਲ ਇੰਗਲਿਸ਼ ਲੈਂਗੁਏਜ ਟੈਸਟਿੰਗ ਸਿਸਟਮ ਉਹ ਪਰੀਖਿਆ ਹੈ ਜਿਸਦੇ ਜ਼ਰੀਏ ਅੰਗਰੇਜ਼ੀ ਭਾਸ਼ਾ ਵਿੱਚ ਕਿਸੇ ਦੀ ਮੁਹਾਰਤ ਪਰਖੀ ਜਾਂਦੀ ਹੈ। ਜੇ ਤੁਸੀਂ ਵਿਦੇਸ਼ ਵਿੱਚ ਜਾਣਾ ਚਾਹੁੰਦੇ ਹੋ ਅਤੇ ਜਾ ਕੇ ਵਧੀਆ ਕਾਰੋਬਾਰ ਜਾਂ ਵਧੀਆ ਕਮਾਈ ਕਰਨਾ ਚਾਹੁੰਦੇ ਹੋ ਤਾਂ ਆਈਲਟਸ ਵਿੱਚ ਵਧੀਆ ਬੈਂਡ ਹੋਣੇ ਜਰੂਰੀ ਹਨ। ਇਨ੍ਹਾਂ ਦੇ ਅਧਾਰ 'ਤੇ ਹੀ ਤੁਹਾਨੂੰ ਵਿਦੇਸ਼ਾਂ ਵਿੱਚ ਇੰਟਰੀ ਮਿਲਦੀ ਹੈ ਅਤੇ ਉੱਥੇ ਚੰਗਾ ਕੰਮ-ਕਾਰ ਵੀ। ਇਹੀ ਕਾਰਨ ਹੈ ਕਿ ਅੱਜ ਪੰਜਾਬ ਦੇ ਛੋਟੇ ਤੋਂ ਛੋਟੇ ਕਸਬੇ ਵਿੱਚ ਤੁਹਾਨੂੰ ਬੇਸ਼ੱਕ ਹਸਪਤਾਲ ਨਾ ਮਿਲੇ ਪਰ ਆਈਲਟਸ ਵਿੱਚ ਮੁਹਾਰਤ ਹਾਸਿਲ ਕਰਵਾਉਣ ਵਾਲੇ ਸੈਂਟਰ ਵੱਡੀ ਤਦਾਦ ਵਿੱਚ ਮਿਲ ਜਾਣਗੇ, ਦਿਨੋਂ ਦਿਨ ਇਨ੍ਹਾਂ ਸੈਂਟਰਾ ਦੇ ਵਿੱਚ ਭੀੜ ਵੱਧ ਰਹੀ ਹੈ ਅਤੇ ਇਹ ਕੰਮ ਹੁਣ ਬਹੁ-ਕਰੋੜੀ ਧੰਦਾ ਬਣ ਚੁੱਕਿਆ ਹੈ। ਵਿਦੇਸ਼ਾਂ ਦੀ ਚਕਾਚੌਂਧ ਵਾਲੀ ਜਿੰਦਗੀ ਨੇ ਪੰਜਾਬੀ ਨੌਜਵਾਨ ਮੁੰਡੇ ਕੁੜੀਆਂ ਨੂੰ ਬੁਰੀ ਤਰਾਂ ਠੱਗਿਆ ਹੋਇਆ ਹੈ, ਜਦੋਂ ਕੋਈ ਨੌਜਵਾਨ ਆਈਲਟਸ ਕਰਕੇ ਵਿਦੇਸ਼ ਚਲਾ ਜਾਂਦਾ ਹੈ ਤਾਂ ਪਿੱਛੇ ਉਸ ਦੇ ਨੇੜੇ-ਤੇੜੇ ਵਾਲੇ ਲੋਕਾਂ ਨੂੰ ਫਿਕਰ ਲੱਗ ਜਾਂਦਾ ਹੈ ਕਿ ਸਾਡੇ ਬੱਚੇ ਕਦੋਂ ਵਿਦੇਸ਼ ਜਾਣਗੇ, ਬੇਸ਼ੱਕ ਬਾਹਰ ਗਿਆ ਮੁੰਡਾ ਬਾਹਰ ਔਖਾ ਹੀ ਹੋ ਰਿਹਾ ਹੋਵੇ। ਇੱਕ ਦੂਜੇ ਦੀ ਦੇਖਾ-ਦੇਖੀ ਅਸੀਂ ਲੋਕ ਬਾਹਰ ਨੂੰ ਭੱਜ ਰਹੇ ਹਾਂ।

ਕਬੀਲਦਾਰੀ ਦੀਆਂ ਮਜਬੂਰੀਆਂ ਨੂੰ ਜ਼ਾਹਿਰ ਕਰਨ ਦਾ ਸਬੱਬ 'ਆਈਲਟਸ'

ਆਈਲਟਸ ਨੇ ਅੱਜ ਸਾਡੇ ਜੀਵਨ ਦੇ ਹਰ ਪੱਖ ਨੂੰ ਸਿੱਧੇ ਜਾਂ ਅਸਿੱਧੇ ਰੂਪ 'ਚ ਪ੍ਰਵਾਭਿਤ ਕੀਤਾ ਹੈ। ਜਿਨ੍ਹਾਂ ਦੇ ਬੱਚੇ ਸਕੂਲੀ ਪੜਾਈ ਖਤਮ ਕਰ ਚੁੱਕੇ ਨੇ ਉਨ੍ਹਾਂ ਨੇ ਆਈਲਟਸ ਵੱਲ ਨੂੰ ਮੂੰਹ ਮੋੜ ਲਿਆ ਹੈ ਅਤੇ ਜਿਨ੍ਹਾਂ ਦੇ ਬੱਚੇ ਅਜੇ ਸਕੂਲਾਂ 'ਚ ਪੜ ਰਹੇ ਨੇ ਉਹ ਉਨ੍ਹਾਂ ਦੀ ਪੜਾਈ ਨੂੰ ਇਸ ਪੱਧਰ ਤੱਕ ਹੀ ਸਮਿਤ ਕਰ ਰਹੇ ਹਨ ਜਿਸ ਨਾਲ ਕਿ ਸਹਜੇ ਹੀ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੇ ਬੱਚੇ ਆਈਲਟਸ ਟੈਸਟ ਪਾਸ ਕਰ ਸਕਣ। ਅੰਗਰੇਜੀ ਭਾਸ਼ਾ ਵਿੱਚ ਮੁਹਾਰਤ ਹਾਸਿਲ ਕਰਨ ਦੀ ਦੌੜ ਨੇ ਹੀ ਕੌਨਵੈਂਟ ਸਕੂਲਾਂ ਦੀਆਂ ਅਸਮਾਨ ਛੂੰਹਦੀਆਂ ਬਿਲਡਿੰਗਾਂ ਨੂੰ ਸਾਡੇ ਘਰਾਂ ਦੇ ਇਰਧ-ਗਿਰਦ ਹੀ ਖੜਾ ਕਰ ਦਿਤਾ ਹੈ। ਕੋਈ ਵਕਤ ਹੁੰਦਾ ਸੀ ਜਦੋਂ ਸ਼ਹਿਰਾਂ ਵਿੱਚ ਵੀ ਗਿਣਵੇਂ-ਚੁਣਵੇ ਸਕੂਲ ਹੁੰਦੇ ਸਨ, ਪਰ ਹੁਣ ਪਿੰਡਾਂ ਦੇ ਨੇੜੇ ਤੇੜੇ ਹੀ ਸਕੂਲਾਂ ਦੀ ਭਰਮਾਰ ਹੈ, ਸਵੇਰੇ ਅੱਧ-ਸੁੱਤੇ ਹੀ ਬੱਚਿਆ ਨੂੰ ਕੈਦੀਆਂ ਵਾਂਗ ਇਨ੍ਹਾਂ ਦੀਆਂ ਗੱਡੀਆਂ 'ਚ ਚਾੜ ਕੇ ਮਾਪੇ ਸੁਰਖਰੂ ਹੋ ਜਾਂਦੇ ਨੇ, ਸਕੂਲਾਂ ਵਾਲਿਆਂ ਨੇ ਵੀ ਸਕੂਲਾਂ ਵਿੱਚ ਥਾਂ-ਥਾਂ ਫਲੈਕਸਾਂ-ਬੋਰਡ ਲਗਾ ਕੇ ਲਿਖਿਆ ਹੁੰਦਾ ਹੈ ਕਿ ਉਨ੍ਹਾਂ ਦੇ ਸਕੂਲਾਂ ਵਿੱਚੋਂ ਪੜਨ ਵਾਲੇ ਕਿੰਨੇ ਬੱਚੇ ਕਿਹੜੇ-ਕਿਹੜੇ ਮੁਲਕਾਂ 'ਚ ਪਹੁੰਚ ਗਏ ਹਨ।

ਉਸ ਤੋ ਅੱਗੇ ਆਈਲਟਸ ਦੇ ਧੰਦੇ ਨੇ ਸਾਡੇ ਸਿੱਧੇ-ਸਾਦੇ ਲੋਕਾਂ ਨੂੰ ਬਹੁਤ ਬੁਰੀ ਤਰਾਂ ਜਾਲ ਵਿੱਚ ਫਸਾ ਰੱਖਿਆ ਹੈ, ਵਿਕਣ ਦੀ ਕਗਾਰ ਤੇ ਖੜੇ ਪੰਜਾਬ ਵਿੱਚ ਅੱਜ ਜੇ ਸੈਂਕੜੇ ਏਕੜ ਜਮੀਨ ਵਿਕਣ ਨੂੰ ਤਿਆਰ ਹੈ ਤਾਂ ਇਸ ਵਿੱਚ ਆਈਲਟਸ ਦਾ ਵੱਡਾ ਯੋਗਦਾਨ ਹੈ,ਭਾਰੀਆਂ ਫੀਸਾਂ ਭਰਨ ਲਈ ਕਿਸਾਨ ਆਪਣੀ ਉਸ ਜਮੀਨ ਨੂੰ ਵੇਚਣ ਨੂੰ ਤਿਆਰ ਹੋ ਜਾਂਦੇ ਨੇ ਜਿਸ ਨੂੰ ਕਦੇ ਸਾਡੇ ਵਡੇਰੇ ਮਾਂ ਦਾ ਦਰਜਾ ਦਿੰਦੇ ਸਨ। ਵਿਦੇਸ਼ ਦੇ ਸੁਫਨੇ ਜਦੋਂ ਬੰਦੇ ਦੇ ਮਨ 'ਤੇ ਭਾਰੂ ਹੋ ਜਾਂਦੇ ਨੇ, ਉਦੋਂ ਬੰਦਾ ਇਨਾਂ ਦੀ ਪੂਰਤੀ ਲਈ ਆਪਣੀ ਜਮੀਨ ਤੱਕ ਵੇਚ ਦਿੰਦਾ ਹੈ। ਆਈਲਟਸ ਦੇ ਇਸ ਗੋਰਖ ਧੰਦੇ ਵਿੱਚ ਵੀ ਸੈਂਕੜੇ ਘਰ ਬਰਬਾਦ ਹੋ ਚੁੱਕੇ ਨੇ, ਜਮੀਨ ਵੇਚ ਕੇ ਵੀ ਜਦੋਂ ਆਈਲਟਸ ਦਾ ਟੈਸਟ ਪਾਸ ਨਾ ਹੋਇਆ ਤਾਂ ਨਾ ਘਰ ਦੇ ਰਹੇ ਨਾ ਘਾਟ ਦੇ, ਬਹੁਤੀ ਖਾਣ ਦੇ ਚੱਕਰ 'ਚ ਥੋੜੀ ਤੋਂ ਵੀ ਜਾਂਦੇ ਰਹੇ। ਕਈਂ ਤਾਂ ਅਜਿਹੇ ਵੀ ਹਨ ਜਿਨ੍ਹਾਂ ਨੇ ਆਈਲਟਸ ਦੀ ਛਾਲ ਵੀ ਲੰਮੀ ਮਾਰ ਦਿੱਤੀ ਸੀ ਵਿਦੇਸ਼ ਵੀ ਜਾ ਪਹੁੰਚੇ ਪਰ ਵਿਹਲੇ ਰਹਿਣ ਦੀ ਆਦਤ ਅਤੇ ਕੰਮ ਤੋਂ ਭੱਜਣ ਦਾ ਖੂਨ ਵਿੱਚ ਰਚਿਆ ਅਸਰ ਉਹ ਨਾਲ ਹੀ ਲੈ ਕੇ ਗਏ ਅਤੇ ਨਾ ਉੱਤੇ ਹੀ ਸੈੱਟ ਹੋ ਸਕੇ ਤੇ ਨਾਲ ਇੱਧਰ ਤੋਂ ਵੀ ਉੱਜੜਣ ਵਰਗੀ ਹਾਲਤ ਹੋ ਗਈ। ਸਾਡੇ ਸਮਾਜਿਕ ਤਾਣੇ-ਬਾਣੇ ਨੂੰ ਆਈਲਟਸ ਨੇ ਇੰਨਾਂ ਪ੍ਰਭਾਵਿਤ ਕੀਤਾ ਹੈ ਕਿ ਕਈਂ ਘਟਨਾਵਾਂ ਤਾਂ ਹੈਰਾਨ ਕਰਨ ਵਾਲੀਆ ਸਾਹਮਣੇ ਆਈਆਂ ਹਨ, ਇੱਕ ਕੁੜੀ ਨੇ ਆਈਲਟਸ ਦਾ ਟੈਸਟ ਚੰਗੇ ਨੰਬਰਾਂ ਨਾਲ ਪਾਸ ਕੀਤਾ ਸੀ ਰਿਸ਼ਤਾ ਵੀ ਅਮਰੀਕਾ ਤੋਂ ਆਏ ਮੁੰਡੇ ਨਾਲ ਹੋਇਆ ਪਰ ਮੰਗਣੀ ਦੀ ਰਸਮ ਵੇਲੇ ਮੁੰਡੇ ਨੇ ਸ਼ਰਤ ਰੱਖੀ ਕਿ ਮੰਗਣੀ ਦੀ ਰਸਮ ਵੇਲੇ ਸਿਰਫ ਲੜਕੀ ਦਾ ਪਰਿਵਾਰ ਹੀ ਸ਼ਾਮਲ ਹੋਵੇ, ਉਸਦੇ ਸਾਕ ਸਬੰਧੀਆਂ ਨੂੰ ਨਾ ਬੁਲਾਇਆ ਜਾਵੇ, ਕੁੜੀ ਦੇ ਘਰਦਿਆਂ ਨੇ ਸੋਚਿਆ ਕਿ ਸਾਕ ਸਬੰਧੀਆਂ ਦਾ ਕੀ ਹੈ ਕੁੜੀ ਬਾਹਰ ਪਹੁੰਚਣੀ ਚਾਹੀਦੀ ਹੈ, ਚੁੱਪ-ਚਪੀਤੇ ਹੀ ਕੁੜੀ ਦੀ ਮੰਗਣੀ ਹੋ ਗਈ, ਜਦੋਂ ਹੌਲੀ-ਹੌਲੀ ਇਸ ਦਾ ਪਤਾ ਕੁੜੀ ਦੇ ਮਾਮੇ,ਚਾਚਿਆਂ ਅਤੇ ਹੋਰ ਸਬੰਧੀਆਂ ਨੂੰ ਲੱਗਿਆ ਤਾਂ ਸਭ ਨੇ ਮੂੰਹ ਚਾੜ ਲਿਆ! ਵਿਆਹ ਤੋਂ ਕੁੱਝ ਦਿਨਾਂ ਬਾਅਦ ਪਤਾ ਲੱਗਿਆ ਕਿ ਮੁੰਡਾ ਤਾਂ ਪਹਿਲਾਂ ਹੀ ਵਿਆਹਿਆ ਹੋਇਆ ਹੈ ਅਤੇ ਉਸ ਦਾ ਕੇਸ ਚੱਲ ਰਿਹਾ ਹੈ। ਕੋਈ ਵਕਤ ਸੀ ਕਿ ਲੋਕ ਕਿਹਾ ਕਰਦੇ ਸਨ ਕਿ ਵਿਆਹ ਲਈ ਜੋੜੀਆਂ ਉਪਰੋਂ ਬਣਕੇ ਆਉਂਦੀਆਂ ਹਨ, ਪਰ ਹੁਣ ਅਜਿਹਾ ਨਹੀਂ ਹੁੰਦਾ, ਆਈਲਟਸ ਦੇ ਬੈਂਡ ਹੀ ਜੋੜੀਆਂ ਜੋੜਦੇ ਨੇ। ਜਦੋਂ ਕੁੜੀ ਵਾਲਿਆ ਨੂੰ ਬਾਹਰ ਦਾ ਮੁੰਡਾ ਲੱਭ ਜਾਂਦਾ ਹੈ ਤਾਂ ਉਹ ਅੱਗੇ ਪਿੱਛੇ ਕੁੱਝ ਨਹੀਂ ਦੇਖਦੇ, ਨਾ ਹੀ ਕਿਸੇ ਰਿਸ਼ਤੇਦਾਰ ਨਾਲ ਸਲਾਹ ਕਰਦੇ ਨੇ, ਜਦ ਕਿ ਪਹਿਲਾਂ ਰਿਸ਼ਤੇ ਕਰਨ ਵੇਲੇ ਨਾਨਕਿਆ, ਦਾਦਕਿਆਂ ਬਾਰੇ ਸੌ ਪੁੱਛ ਪੜਤਾਲ ਕੀਤੀ ਜਾਂਦੀ ਸੀ, ਹੁਣ ਤਾਂ ਬਸ ਆਈਲਟਸ ਦੀ ਸਟੈਂਪ ਚਾਹੀਦੀ ਹੈ ਬਾਕੀ ਸਭ ਠੀਕ ਹੈ।

ਕੁੱਝ ਸਮੇਂ ਪਹਿਲਾਂ ਤੱਕ ਬਾਹਰਲੇ ਮੁਲਕਾਂ ਵਿੱਚ ਪਹੁੰਚਣ ਲਈ ਵਿਆਹ ਸਭ ਤੋਂ ਸੌਖਾ ਅਤੇ ਪੱਕਾ ਢੰਗ ਮੰਨਿਆ ਜਾਂਦਾ ਸੀ। ਹੋਰਨਾਂ ਮੁਲਕਾਂ ਦੇ ਮੁਕਾਬਲੇ ਕੈਨੇਡਾ ਵਧੇਰੇ ਪਸੰਦੀਦਾ ਸੀ ਕਿਉਂਕਿ ਟੱਬਰ ਦੇ ਵਿਦੇਸ਼ ਪਹੁੰਚਣ ਦਾ ਰਾਹ ਖੁੱਲ੍ਹ ਜਾਂਦਾ ਸੀ। ਇਸ ਲਈ ਵਿਦੇਸ਼ ਤੋਂ ਪਹਿਲਾਂ ਹੀ ਦੋ ਜਾਂ ਵੱਧ ਵਿਆਹ ਕਰਵਾ ਚੁੱਕੇ ਵੱਡੀ ਉਮਰ ਦੇ 'ਬੰਦੇ' ਦੇ ਲੜ ਛੋਟੀ ਉਮਰ ਦੀ ਪੜ੍ਹੀ-ਲਿਖੀ ਸੋਹਣੀ ਕੁੜੀ ਲਾਉਣ ਵਿੱਚ ਵੀ ਦੇਰੀ ਨਹੀਂ ਸੀ ਕੀਤੀ ਜਾਂਦੀ ਸੀ। ਅਜਿਹੇ ਵਿਆਹ ਉੱਤੇ 20 ਲੱਖ ਤੋਂ ਸ਼ੁਰੂ ਹੋਇਆ ਖ਼ਰਚ 40 ਲੱਖ ਨੂੰ ਟੱਪ ਗਿਆ। ਪੰਜਾਬੀ ਪਰਿਵਾਰ ਇਸ ਰਕਮ ਨੂੰ 'ਨਿਵੇਸ਼' ਮੰਨ ਕੇ ਚੱਲਣ ਲੱਗੇ ਕਿਉਂਕਿ ਵਿਦੇਸ਼ ਜਾਣ ਵਾਲੇ ਮੁੰਡੇ ਜਾਂ ਕੁੜੀ ਮਗਰ ਉਸ ਦੇ ਬਾਕੀ ਭੈਣ-ਭਰਾ ਅਤੇ ਮਾਂ-ਪਿਉ ਵੀ ਸਹਿਜੇ ਹੀ ਜਾ ਸਕਦੇ ਹਨ।

ਅਖੀਰ ਕਾਨੂੰਨ ਬਦਲੇ ਹੀ ਨਹੀਂ ਸਗੋਂ ਸਖਤ ਵੀ ਹੋ ਗਏ ਅਤੇ ਇਹ ਗੱਲ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ ਹੈ ਕਿ ਕਾਨੂੰਨਾਂ ਨੂੰ ਸਖਤ ਕਰਵਾਉਣ ਵਿੱਚ ਕਿਸ ਦਾ ਯੋਗਦਾਨ ਰਿਹਾ ਹੈ। ਉਦੋਂ ਤਾਂ ਪੰਜਾਬੀਆਂ ਨੇ ਹੱਦ ਹੀ ਮੁਕਾ ਦਿੱਤੀ ਸੀ, ਮੁੰਡਾ ਬਾਹਰ ਤੋਂ ਆਇਆ ਹੋਣਾ ਚਾਹੀਦਾ ਸੀ ਬਸ ਨਾ ਅੱਗੇ ਦੇਖਿਆ ਨਾ ਪਿੱਛੇ, ਕਈਂ ਤਾਂ ਭੈਣ-ਭਰਾ ਹੀ ਝੂਠੇ ਵਿਆਹ ਕਰਵਾ ਕੇ ਜਾਂਦੇ ਰਹੇ, ਉਹ ਕਿਹੜਾ ਰਸਤਾ ਨਹੀਂ ਜਿਹੜਾ ਪੰਜਾਬੀਆਂ ਨੇ ਨਾ ਅਪਣਾਇਆ ਹੋਵੇ। ਪਰ ਹੁਣ ਵਿਆਹ ਵਾਲੇ ਕੇਸ ਵੀ ਇਮੀਗਰੇਸ਼ਨ ਅਧਿਕਾਰੀ ਚੰਗੀ ਤਰ੍ਹਾਂ ਘੋਖਣ ਲੱਗੇ ਹਨ। ਅਤੇ ਉਹ ਇਹ ਸਵਾਲ ਵੀ ਕਰਦੇ ਹਨ ਕਿ ਉਮਰਾਂ ਵਿੱਚ ਇੰਨਾਂ ਫਰਕ ਕਿਉਂ ਹੈ, ਹੁਣ ਇਹ ਵਿਆਹਾ ਵਾਲਾ ਸਿਲਸਲਾ ਕੁੱਝ ਘੱਟ ਗਿਆ ਹੈ। ਅਜਿਹੇ ਜੁਗਾੜੂ ਵਿਆਹਾਂ ਦਾ ਰੁਝਾਨ ਪੂਰੀ ਤਰ੍ਹਾਂ ਬਦਲ ਗਿਆ ਅਤੇ ਨਿਵੇਸ਼ ਦੇ ਢੰਗ-ਤਰੀਕੇ ਵੀ ਬਦਲ ਗਏ। ਅਖ਼ਬਾਰਾਂ ਵਿੱਚ ਆਉਂਦੇ ਇਸ਼ਤਿਹਾਰ ਗਹੁ ਨਾਲ ਦੇਖਣ ਉੱਤੇ ਹੀ ਵਿਆਹਾਂ ਦੇ 'ਗੋਰਖਧੰਦੇ' ਵੱਲ ਵਧਣ ਦੀ ਗੱਲ ਸਪੱਸ਼ਟ ਹੋ ਜਾਂਦੀ ਹੈ। ਕਿਸੇ ਇਸ਼ਤਿਹਾਰ ਵਿੱਚ ਲੋੜੀਂਦੇ ਬੈਂਡ ਦੀ ਸ਼ਰਤ ਨਾਲ ਸਾਰਾ ਖ਼ਰਚ ਚੁੱਕਣ, ਵਿਆਹ ਕੱਚਾ, ਕੋਰਟ ਮੈਰਿਜ ਦੀ ਗੱਲ ਲਿਖੀ ਹੋਵੇਗੀ। ਪੀ.ਆਰ. ਤੱਕ ਖ਼ਰਚ ਚੁੱਕਣ ਦੀ ਹਾਮੀ ਭਰੀ ਜਾਂਦੀ ਹੈ। ਵਿਦੇਸ਼ੀ ਲੜਕੇ ਬਦਲੇ ਉਸ ਦੀ ਇਧਰਲੀ ਭੈਣ ਜਾਂ ਵਿਦੇਸ਼ੀ ਸਿਟੀਜ਼ਨ ਲੜਕੀ ਲਈ ਉਸ ਦੇ ਪੰਜਾਬ ਰਹਿੰਦੇ ਭਰਾ ਨੂੰ ਵਿਦੇਸ਼ੀ ਰਿਸ਼ਤਾ ਕਰਵਾ ਸਕਣ ਵਾਲੇ ਹੀ ਸੰਪਰਕ ਕਰਨ ਲਈ ਇਸ਼ਤਿਹਾਰ ਦੇਣ ਦਾ ਰੁਝਾਨ ਪੁਰਾਣਾ ਚੱਲਿਆ ਆ ਰਿਹਾ ਹੈ।

ਅਜਿਹੇ ਵਿਆਹਾਂ ਦੇ ਟੁੱਟਣ, ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਝਗੜੇ ਦੀ ਸੰਭਾਵਨਾ ਪਹਿਲੇ ਦਿਨ 'ਰਿਸ਼ਤਾ ਬੱਝਣ' ਮੌਕੇ ਹੀ ਬਣ ਜਾਂਦੀ ਹੈ।ਬਾਅਦ ਵਿੱਚ ਦੋਵੇਂ ਧਿਰਾਂ ਦੁਸ਼ਣਬਾਜ਼ੀ ਕਰਦੀਆਂ ਹਨ ਅਤੇ ਜਿਸ ਦਾ ਜ਼ੋਰ ਚੱਲ ਜਾਂਦਾ ਹੈ ਉਹ ਪਰਚਾ ਵੀ ਦਰਜ ਕਰਵਾ ਜਾਂਦਾ ਹੈ, ਅਤੇ ਜੇ ਮਾੜੀ ਮੋਟੀ ਇੱਧਰ ਸਰਕਾਰ 'ਚ ਪੁੱਛ ਪ੍ਰਤੀਤ ਹੋਵੇ ਤਾਂ ਚਾਰ ਪੈਸੇ ਵੀ ਲੈ ਜਾਂਦਾ ਹੈ। ਕਹਿਣ ਤੋਂ ਭਾਵ ਹੁਣ ਵਿਆਹ ਨਹੀਂ ਸੌਦੇ ਹੁੰਦੇ ਨੇ। ਆਈਲਟਸ ਦਾ ਟੈਸਟ ਬਾਹਰ ਇਸ ਲਈ ਜਰੂਰੀ ਕੀਤਾ ਗਿਆ ਸੀ ਤਾਂ ਕਿ ਉੱਧਰ ਜਾ ਕੇ ਸਾਡੇ ਲੋਕ ਅਸਾਨੀ ਨਾਲ ਉੱਥੋਂ ਦੇ ਲੋਕਾਂ ਨਾਲ ਗੱਲਬਾਤ ਕਰ ਸਕਣ, ਪਰ ਪੰਜਾਬੀਆਂ ਦੇ ਜੀਵਨ ਦੇ ਹਰ ਪਹਿਲੂ ਨੂੰ ਆਈਲਟਸ ਇੰਨੀ ਬੁਰੀ ਤਰਾਂ ਪ੍ਰਭਾਵਿਤ ਕਰੇਗਾ ਇਹ ਸ਼ਾਇਦ ਕਿਸੇ ਨੇ ਸੋਚਿਆ ਨਹੀਂ ਹੋਵੇਗਾ। ਕੁੱਝ ਦਿਨ ਪਹਿਲਾਂ ਪੰਜਾਬ ਸਰਕਾਰ ਦੇ ਤਕਨੀਕੀ ਸਿੱਖਿਆ ਮੰਤਰੀ ਦਾ ਬਿਆਨ ਵੀ ਆਇਆ ਸੀ ਜਿਨ੍ਹਾਂ ਨੇ ਆਈਲਟਸ ਨੂੰ ਸਰਕਾਰੀ ਦਾਇਰੇ ਵਿੱਚ ਲਿਆਉਣ ਦੀ ਗੱਲ ਕਹੀ ਸੀ, ਉਨ੍ਹਾਂ ਦੇ ਅਨੁਸਾਰ ਵੀ ਪੰਜਾਬ ਵਿੱਚ ਇਸ ਧੰਦੇ ਰਾਹੀਂ ਲੁੱਟ ਨਹੀਂ ਡਕੈਤੀ ਕੀਤੀ ਜਾ ਰਹੀ ਹੈ, ਥਾਂ-ਥਾਂ ਅਣ-ਅਧਿਕਾਰਤ ਸੈਂਟਰਾਂ ਦੀ ਭਰਮਾਰ ਹੈ, ਦੀਵਾਰਾਂ 'ਤੇ ਕੀਤੀ ਲੱਖਾਂ ਰੁਪਏ ਦੀ ਇਸ਼ਤਿਹਾਰਬਾਜੀ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਇਸ ਵਪਾਰ ਵਿੱਚ ਪੰਜਾਬੀਆਂ ਦਾ ਕਿੰਨੀ ਜਮਾਂ ਪੂੰਜੀ ਜਾ ਰਹੀ ਹੈ। ਇਹਨਾਂ ਸੈਂਟਰਾ ਵਿੱਚ ਲੋਕਾਂ ਨੂੰ ਇਸ ਤਰਾਂ ਦਾ ਕਰ ਦਿੱਤਾ ਜਾਂਦਾ ਹੈ ਕਿ ਜਿਵੇਂ ਪੰਜਾਬ 'ਚ ਕੁੱਝ ਬਚਿਆ ਹੀ ਨਹੀਂ, ਉਨ੍ਹਾਂ ਦਾ ਸਭ ਕੁੱਝ ਉਜੜ ਗਿਆ ਹੈ ਅਤੇ ਉਨ੍ਹਾਂ ਨੂੰ ਸਿਰਫ ਆਈਲਟਸ ਹੀ ਬਚਾ ਸਕਦਾ ਹੈ।

ਆਈਲਟਸ ਕੋਈ ਬੁਰੀ ਚੀਜ ਨਹੀਂ ਸੀ, ਪਰ ਜਿਸ ਤਰਕੇ ਨਾਲ ਅਸੀਂ ਇਸ ਨੂੰ ਆਪਣੇ ਜੀਵਨ 'ਤੇ ਭਾਰੂ ਕਰ ਲਿਆ ਹੈ ਉਹ ਜਰੂਰ ਮਾੜਾ ਹੈ। ਸਾਡੇ ਹਰ ਕਾਰਜ ਵਿੱਚ ਇਸ ਦਾ ਸ਼ੁਮਾਰ ਵੱਧ ਗਿਆ ਹੈ, ਵਿਆਹ ਵਰਗੇ ਪਵਿੱਤਰ ਅਤੇ ਨਾਜੁਕ ਬੰਧਨਾਂ ਨੂੰ ਵੀ ਅਸੀਂ ਆਈਲਟਸ ਦੇ ਬੈਂਡਾ ਤੱਕ ਹੀ ਸੀਮਿਤ ਕਰ ਦਿੱਤਾ ਹੈ, ਇਸ ਗੱਲ ਦੀ ਗਰੰਟੀ ਕੀ ਹੈ ਕਿ ਜਿਸ ਕੁੜੀ ਜਾਂ ਮੁੰਡੇ ਨੇ ਆਈਲਟਸ ਵਿੱਚ ਚੰਗੇ ਬੈਂਡ ਲਏ ਨੇ ਉਹ ਕਿਰਦਾਰ ਪੱਖੋਂ ਵੀ ਵਧੀਆ ਬੈਂਡ ਰੱਖਦਾ ਹੋਵੇਗਾ, ਭਾਵ ਕਿ ਉਸ ਆਚਰਣ ਵੀ ਚੰਗਾ ਹੋਵੇਗਾ, ਅਸੀਂ ਕਦੇ ਨਹੀਂ ਸੋਚਦੇ ਕਿ ਬਾਹਰ ਜਾ ਕੇ ਪੈਸਾ ਕਮਾਉਣਾ ਹੀ ਜਿੰਦਗੀ ਹੈ, ਜਿਹੜੇ ਲੱਖਾਂ ਰੁਪਏ ਭਰਕੇ ਅਸੀਂ ਜਹਾਜਾਂ ਦੀਆਂ ਟਿਕਟਾਂ ਲੈ ਰਹੇ ਹਾਂ ਉਨ੍ਹਾਂ ਨਾਲ ਇੱਥੇ ਵੀ ਬਥੇਰੇ ਕੰਮ ਕੀਤੇ ਜਾ ਸਕਦੇ ਨੇ, ਅਕਸਰ ਲੋਕ ਇੱਥੇ ਇਹ ਵੀ ਕਹਿੰਦੇ ਨੇ ਕਿ ਇੱਥੇ ਮਿਹਨਤ ਦਾ ਮੁੱਲ ਨਹੀਂ ਪੈਂਦਾ ਕੁੱਝ ਹੱਦ ਤੱਕ ਇਹ ਗੱਲ ਠੀਕ ਆਖੀ ਜਾ ਸਕਦੀ ਹੈ, ਪਰ ਪੂਰੀ ਤਰਾਂ ਨਾਲ ਸਹੀ ਨਹੀਂ ਹੈ, ਸਾਡੇ ਪੰਜਾਬ 'ਚ ਯੂ ਪੀ, ਬਿਹਾਰ ਤੋਂ ਆ ਕੇ ਲੋਕ ਤਰੱਕੀਆਂ ਕਰ ਰਹੇ ਨੇ ਅਤੇ ਅਸੀਂ ਬਾਹਰ ਨੂੰ ਭੱਜ ਰਹੇ ਹਾਂ, ਬਾਹਰ ਜਾ ਕੇ ਅਸੀਂ ਪੰਦਰਾਂ-ਅਠਾਰਾਂ ਘੰਟੇ ਵੀ ਕੰਮ ਕਰਦੇ ਹਾਂ, ਪਰ ਇੱਥੇ ਕੌਣ ਕਰਦਾ ਹੈ ਇੰਨੇ ਘੰਟੇ ਕੰਮ? ਜੇ ਇੱਥੇ ਵੀ ਬਾਹਰ ਵਾਂਗੂੰ ਕੰਮ ਕੀਤਾ ਜਾਵੇ ਤਾਂ ਕੁੱਝ ਨਾ ਕੁੱਝ ਹਾਸਿਲ ਕੀਤਾ ਜਾ ਸਕਦਾ ਹੈ।

ਅੰਤ ਵਿੱਚ ਇਹੀ ਕਹਾਂਗੇ ਕਿ ਪਰਵਾਸ ਨੂੰ ਰੋਕਿਆ ਨਹੀਂ ਜਾ ਸਕਦਾ ਇਹ ਹੁੰਦਾ ਰਹਿਣਾ ਹੈ, ਪਰ ਲੋੜਵੰਦ ਲਈ ਪਰਵਾਸ ਠੀਕ ਹੈ, ਪਰ ਜੇ ਸਾਡੇ ਕੋਲ ਇੱਥੇ ਸਭ ਕੁੱਝ ਹੈ ਤਾਂ ਫਿਰ ਇੱਥੇ ਵੀ ਸਕੂਨਦਾਇਕ ਜਿੰਦਗੀ ਬਸਰ ਕੀਤੀ ਜਾ ਸਕਦੀ ਹੈ। ਆਪਣੇ ਰਿਸ਼ਤਿਆਂ ਨੂੰ ਦਾਅ 'ਤੇ ਲਾ ਕੇ ਜੇ ਅਸੀਂ ਬਾਹਰ ਜਾ ਰਹੇ ਹਾਂ ਤਾਂ ਹੋ ਸਕਦਾ ਅਸੀਂ ਪੈਸਾ ਤਾਂ ਕਮਾ ਲਈਏ ਪਰ ਰਿਸਤੇ ਨਹੀਂ ਬਚਾ ਪਾਵਾਂਗੇ।

# ਬਦਲ ਚੁੱਕਾ ਹੈ ਪਰਵਾਸ ਦਾ ਸਮੱਸਿਆਵੀ ਯਥਾਰਥ

ਪਰਵਾਸ ਦੇ ਯਥਾਰਥ ਬਾਰੇ ਗੱਲ ਕਰਦਿਆਂ ਇੱਕ ਗੱਲ ਸਪਸ਼ਟ ਹੈ ਕਿ ਅਜੋਕੇ ਸਮੇਂ ਦਾ ਪਰਵਾਸ ਪਹਿਲਾਂ ਨਾਲੋਂ ਕੁਝ ਸੁਖਾਵੇਂ ਰੌਂਅ 'ਚ ਹੈ। ਬਹੁਤ ਸਾਰੇ ਕਾਰਨਾਂ ਨੇ ਮਿਲ ਕੇ ਪਰਵਾਸ ਨਾਲ ਜੁੜੇ ਅਰਥ-ਘੇਰੇ ਨੂੰ ਸਿਰਫ਼ ਤਿੜਕਾਇਆ ਹੀ ਨਹੀਂ ਸਗੋਂ ਬਦਲ ਵੀ ਦਿੱਤਾ ਹੈ। ਭਾਰਤੀਆਂ ਅਤੇ ਖ਼ਾਸਕਰ ਪੰਜਾਬੀਆਂ ਨੇ ਉਨ੍ਹੀਵੀਂ ਸਦੀ ਦੇ ਪਹਿਲੇ ਦਹਾਕਿਆਂ ਵਿੱਚ ਆਪਣੀ ਆਰਥਿਕ ਗੁਰਬਤ ਦਾ ਘੇਰਾ ਤੋੜਨ ਲਈ ਪਰਵਾਸ ਕਰਨ ਨੂੰ ਹੋਰਨਾਂ ਉਪਰਾਲਿਆਂ ਨਾਲੋਂ ਵੱਧ ਤਰਜੀਹ ਦਿੱਤੀ। ਉਨ੍ਹਾਂ ਸਾਹਮਣੇ ਇੱਕੋ-ਇੱਕ ਵਿਚਾਰ ਸੀ ਕਿ ਉਹ ਪਰਾਏ ਮੁਲਕ ਦੀ ਧਰਤੀ 'ਤੇ ਜਾ ਕੇ ਪੈਸੇ ਕਮਾਉਣ ਤੋਂ ਬਾਅਦ ਆਪਣੇ ਦੇਸ਼ ਪਰਤਣਗੇ ਅਤੇ ਰਹਿੰਦੀ ਜ਼ਿੰਦਗੀ ਆਰਥਿਕ ਮੰਦਹਾਲੀ ਤੋਂ ਸੁਰਖ਼ੁਰੂ ਹੋ ਕੇ ਗੁਜ਼ਾਰਨਗੇ। ਹਕੀਕਤ ਉਨ੍ਹਾਂ ਦੀ ਇਸ ਸਮਝ ਤੋਂ ਵਿਪਰੀਤ ਸੀ। ਦਰਅਸਲ, ਅਨਪੜ੍ਹਤਾ ਵੱਸ ਜਾਂ ਘੱਟ ਪੜ੍ਹੇ ਹੋਣ ਕਾਰਨ ਉਹ ਪਰਵਾਸ ਦੀ ਹਕੀਕਤ, ਸਿੱਟਿਆਂ ਅਤੇ ਬੰਦਿਸ਼ਾਂ ਤੋਂ ਨਾਵਾਕਿਫ਼ ਸਨ। ਪੰਜਾਬ ਦੇ ਪਹਿਲੇ ਪਰਵਾਸੀ ਗੁਰਮੁਖ ਸਿੰਘ ਤੋਂ ਬਾਅਦ ਪਰਵਾਸ ਦਾ ਸਿਲਸਿਲਾ ਅੱਜ ਤਕ ਜਾਰੀ ਹੈ। ਜਿੱਥੋਂ ਤਕ ਪਰਵਾਸ ਨਾਲ ਸਬੰਧਿਤ ਸਮੱਸਿਆਵੀ ਯਥਾਰਥ ਦਾ ਸਵਾਲ ਹੈ ਉਹ ਸਮੇਂ-ਸਮੇਂ ਬਦਲਦਾ ਰਿਹਾ ਹੈ। ਪਰਵਾਸ ਨੇ ਪਹਿਲੀ ਪੀੜ੍ਹੀ ਦੇ ਪਰਵਾਸੀਆਂ ਨੂੰ ਇੰਨਾ ਨਹੀਂ ਸਤਾਇਆ ਜਿੰਨਾ ਦੂਜੀ ਪੀੜ੍ਹੀ ਨੂੰ। ਪਹਿਲੀ ਪੀੜ੍ਹੀ ਦੀ ਅਨਪੜ੍ਹਤਾ ਅਤੇ ਵਾਪਸੀ ਦੇ ਵਿਚਾਰ ਨੇ ਅਸਹਿ ਤਲਖ਼ੀਆਂ ਨੂੰ ਆਪਣੇ ਮਨ ਅਤੇ ਮਾਨਸਿਕਤਾ 'ਤੇ ਭਾਰੂ ਨਹੀਂ ਸੀ ਹੋਣ ਦਿੱਤਾ। ਇਸ ਸਬੰਧੀ ਇਹ ਵੀ ਕਹਿ ਸਕਦੇ ਹਾਂ ਕਿ ਸ਼ਾਇਦ ਅਸੀਂ ਉਸ ਤੋਂ ਜਾਣੂੰ ਹੀ ਨਾ ਹੋਈਏ ਕਿਉਂਕਿ ਇਸ ਪਹਿਲੀ ਪੀੜ੍ਹੀ ਵੱਲੋਂ ਸਾਹਿਤਕ ਗਤੀਵਿਧੀ ਨਹੀਂ ਕੀਤੀ ਗਈ ਜਿਸ ਜ਼ਰੀਏ ਉਨ੍ਹਾਂ ਦੀ ਮਾਨਸਿਕਤਾ ਦਾ ਪਤਾ ਲੱਗ ਸਕੇ। ਹਕੀਕਤ ਇਹ ਸੀ ਕਿ ਕਮਾਈ ਤੋਂ ਬਾਅਦ ਵਾਪਸੀ ਵਾਲਾ ਵਿਚਾਰ ਉਨ੍ਹਾਂ ਨੂੰ ਤਿਆਗਣਾ ਪਿਆ। ਇਸ ਪਿੱਛੋਂ ਪਰਵਾਸੀਆਂ ਦੀ ਦੂਜੀ ਪੀੜ੍ਹੀ ਆਉਂਦੀ ਹੈ ਜਿਹੜੇ ਵਧੇਰੇ ਪੜ੍ਹੀ-ਲਿਖੀ ਅਤੇ ਹੁਨਰ ਵਾਲੀ ਸੀ। ਇਸ ਪੀੜ੍ਹੀ ਨੂੰ ਵੀ ਆਰਥਿਕ ਮੰਦਹਾਲੀ ਵਿੱਚੋਂ ਬਾਹਰ ਨਿਕਲਣ ਦੇ ਵਿਚਾਰ ਨੇ ਪਰਵਾਸ ਲਈ ਪ੍ਰੇਰਿਤ ਕੀਤਾ ਸੀ। ਪਰਾਏ ਮੁਲਕਾਂ ਵਿੱਚ ਹੱਡ-ਭੰਨ੍ਹਵੀਂ ਮਿਹਨਤ ਅਤੇ ਲੰਮੀਆਂ ਸ਼ਿਫਟਾਂ ਲਾ-ਲਾ ਕੇ ਇਨ੍ਹਾਂ ਨੇ ਸਿਰਫ਼ ਮਾਇਕ ਹਾਲਤ ਹੀ ਨਹੀਂ ਸੁਧਾਰੀ ਸਗੋਂ ਵਧੇਰੇ ਆਰਥਿਕ ਵਸੀਲੇ ਜੁਟਾਉਣ ਵਿੱਚ ਵੀ ਕਾਮਯਾਬ ਹੋ ਗਏ। ਪਰਵਾਸ ਦੀ ਹਕੀਕਤ ਦਾ ਇਹ ਇੱਕ ਪਾਸਾ ਹੈ। ਜਿੱਥੇ ਇਨ੍ਹਾਂ ਨੇ ਆਪਣੀ ਜ਼ਿੰਦਗੀ ਸੁਧਾਰੀ, ਉੱਥੇ ਇਨ੍ਹਾਂ ਨੂੰ (ਇਨ੍ਹਾਂ ਦੇ ਆਪਣੇ ਕਹਿਣ ਅਨੁਸਾਰ) ਬਹੁਤ ਕੁਝ ਗੁਆਉਣਾ ਵੀ ਪਿਆ। ਇਨ੍ਹਾਂ ਦੀਆਂ ਲਿਖਤਾਂ ਵਿੱਚੋਂ ਭਾਵਨਾਤਮਿਕ ਸੰਸਾਰ ਦੀ ਟੁੱਟ-ਭੱਜ ਅਤੇ ਨਾਤਾ-ਪ੍ਰਣਾਲੀ ਵਿੱਚ ਦੁਖਦਾਇਕ ਨਵੀਆਂ ਸਮੀਕਰਨਾਂ ਦੀ ਵਿਥਿਆ ਥਾਂ ਥਾਂ ਮਿਲਦੀ ਹੈ। ਇਸ ਸਮੁੱਚੇ ਸੰਦਰਭ ਨੇ ਇੱਕ ਖਲਾਅ ਪੈਦਾ ਕੀਤਾ ਜਿਸ ਵਿੱਚੋਂ ਇਨ੍ਹਾਂ ਨੂੰ ਲੰਘਣਾ ਪਿਆ ਅਤੇ ਇੱਕ ਅਜਿਹੀ ਸਪੇਸ ਵੀ ਪੈਦਾ ਕੀਤੀ ਜੋ ਸਾਹਿਤ ਸਿਰਜਨਾ ਲਈ ਜ਼ਰਖੇਜ਼ ਸੀ। ਸਾਹਿਤ, ਭਾਵ ਵਿਰੇਚਣ ਦਾ ਇੱਕ ਸੰਦ ਵੀ ਸੀ ਅਤੇ ਦੂਜਿਆਂ ਤਕ ਪਹੁੰਚਣ ਦਾ ਜ਼ਰੀਆ ਵੀ। ਇਸ ਰਚਨਾਤਮਿਕ ਪ੍ਰਕਿਰਿਆ ਨੇ ਪੰਜਾਬੀ ਦੇ ਸਾਹਿਤਕ ਖ਼ਜ਼ਾਨੇ ਨੂੰ ਵਡੇਰਾ ਕੀਤਾ ਅਤੇ ਨਵੇਂ ਵਿਸ਼ਿਆਂ ਨਾਲ ਵਾਕਫ਼ੀਅਤ ਕਰਵਾਈ। ਵਿਸ਼ੈਗਤ ਵੱਖਰਤਾ ਕਾਰਨ ਇਸ ਨੂੰ ਪਰਵਾਸੀ ਪੰਜਾਬੀ ਸਾਹਿਤ ਦੇ ਨਾਮ ਨਾਲ ਜਾਣਿਆ ਜਾਣ ਲੱਗਿਆ।

ਪੰਜਾਬੀ ਦੁਨੀਆ

ISSN No. 1554 06X

ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੇਸਪੌਂਡੈਂਸ : ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ

**Published by Punjabi Duniya.com LLC**
(A Division of Media Partners Capital , Inc.)

**Address :**
**P.O Box 7005 Hicksville New York 11801**

Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਐਰਿਕਸਨ ਦੇ 550 ਕਰੋੜ ਚੁਕਾਉਣ ਲਈ ਆਰਕਾਮ ਨੇ ਮੰਗੇ ਹੋਰ 60 ਦਿਨ



ਨਵੀਂ ਦਿੱਲੀ : ਸਵੀਡਨ ਦੀ ਟੈਲਿਕਾਮ ਸਮੱਗਰੀ ਨਿਰਮਾਤਾ ਕੰਪਨੀ ਐਰਿਕਸਨ ਅਤੇ ਅਨਿਲ ਅੰਬਾਨੀ ਦੀ ਕੰਪਨੀ ਆਰਕਾਮ ਦੇ ਵਿਚ ਚੱਲ ਰਹੀ ਕਾਨੂੰਨੀ ਲੜਾਈ ਵੱਧਦੀ ਜਾ ਰਹੀ ਹੈ। ਹੁਣ ਐਰਿਕਸਨ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਰਜ ਕਰ ਕਿਹਾ ਹੈ ਕਿ ਉਹ ਅਨਿਲ ਅੰਬਾਨੀ ਅਤੇ ਉਨ੍ਹਾਂ ਦੇ ਦੋ ਸੀਨੀਅਰ ਅਧਿਕਾਰੀਆਂ ਨੂੰ ਬਿਨਾਂ ਇਜਾਜ਼ਤ ਦੇਸ਼ ਛੱਡ ਕੇ ਨਾ ਜਾਣ ਦੇਣ। ਇਸ ਤੋਂ ਪਹਿਲਾਂ ਐਰਿਕਸਨ ਇਹ ਇਲਜ਼ਾਮ ਲਗਾ ਚੁੱਕੀ ਹੈ ਕਿ ਆਰਕਾਮ ਜਾਣ ਬੁੱਝ ਕੇ ਉਨ੍ਹਾਂ ਦੀ ਪਹਿਲਾਂ ਤੋਂ ਰੁਕਿਆ 550 ਕਰੋੜ ਰੁਪਏ ਦੀ ਪੇਮੈਂਟ ਨਹੀਂ ਦੇ ਰਹੀ। ਐਰਿਕਸਨ ਨੇ ਆਰਕਾਮ ਦੇ ਆਲ ਇੰਡੀਆ ਟੈਲੀਕਾਮ ਨੈਟਵਰਕ ਨੂੰ ਆਪਰੇਟ ਅਤੇ ਮੈਨੇਜ ਕਰਨ ਲਈ 2014 ਵਿਚ ਸੱਤ ਸਾਲ ਦੀ ਡੀਲ ਕੀਤੀ ਸੀ। ਉਹ ਹੁਣ ਅਪਣਾ 1000 ਕਰੋੜ ਰੁਪਏ ਤੋਂ ਜ਼ਿਆਦਾ ਦਾ ਬਾਕੀ ਰਿਕਵਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਦੱਸ ਦਈਏ ਕਿ ਇਸ ਸਮੇਂ ਆਰਕਾਮ ਲਗਭਗ 46 ਹਜ਼ਾਰ ਕਰੋੜ ਦੇ ਕਰਜ ਵਿਚ ਹੈ। ਪਹਿਲਾਂ ਆਰਕਾਮ ਨੇ 30 ਸਤੰਬਰ ਤੱਕ ਪੈਸਾ ਚੁਕਾਉਣ ਦਾ ਵਾਅਦਾ ਕੀਤਾ ਸੀ ਪਰ ਅਜਿਹਾ ਨਹੀਂ ਹੋਇਆ। ਇਸ ਉਤੇ ਐਰਿਕਸਨ ਨੇ ਫਿਰ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਰਜ ਕੀਤੀ।

ਇਸ ਵਿਚ ਕਿਹਾ ਗਿਆ ਹੈ ਕਿ ਆਰਕਾਮ ਦੇਸ਼ ਦੇ ਕਾਨੂੰਨ ਦਾ ਬਿਲਕੁੱਲ ਇੱਜ਼ਤ ਨਹੀਂ ਕਰਦੀ ਅਤੇ ਦਿੱਤੇ ਆਦੇਸ਼ ਨੂੰ ਹਲਕੇ ਵਿਚ ਲੈਂਦੀ ਹੈ। ਪਟੀਸ਼ਨ ਵਿਚ ਅੱਗੇ ਲਿਖਿਆ ਹੈ, ਕਿਰਪਾ ਕੋਰਟ ਦੇ ਆਰਡਰ ਤੋਂ ਬਿਨਾਂ ਇਨ੍ਹਾਂ ਦੇ ਦੇਸ਼ ਤੋਂ ਬਾਹਰ ਜਾਣ 'ਤੇ ਰੋਕ ਲਗਣੀ ਚਾਹੀਦੀ ਹੈ। ਨੀਆਂ ਦੇ ਨਾਲ ਮਾਮਲੇ ਦਾ ਅੰਤ ਕਰਨ ਲਈ ਇਹ ਜ਼ਰੂਰੀ ਵੀ ਹੈ। ਦੂਜੇ ਪਾਸੇ ਦੂਰਸੰਚਾਰ ਕੰਪਨੀ ਰਿਲਾਇੰਸ ਕੰਮਿਉਨਿਕੇਸ਼ਨਸ (ਆਰਕਾਮ) ਨੇ ਐਰਿਕਸਨ ਦਾ 550 ਕਰੋੜ ਰੁਪਏ ਦਾ ਬਕਾਇਆ ਚੁਕਾਉਣ ਲਈ 60 ਦਿਨ ਦਾ ਸਮਾਂ ਹੋਰ ਮੰਗਿਆ ਹੈ। ਉਨ੍ਹਾਂ ਨੇ ਸਪੈਕਟਰਮ ਵਿਕਰੀ ਪੂਰੀ ਨਾ ਹੋਣ ਦੇ ਕਾਰਨ ਇਹ ਸਮਾਂ ਮੰਗਿਆ ਹੈ।ਦੱਸ ਦਈਏ ਕਿ ਮੁਸ਼ਕਲ ਸਮੇਂ ਵਿਚ ਅਨਿਲ ਅੰਬਾਨੀ ਨੂੰ ਉਨ੍ਹਾਂ ਦੇ ਭਰਾ ਮੁਕੇਸ਼ ਅੰਬਾਨੀ ਦੀ ਕੰਪਨੀ ਦਾ ਸਾਥ ਮਿਲਿਆ ਹੈ। ਦੋਹਾਂ 'ਚ ਹੋਈ ਡੀਲ ਵਿਚ ਅਨਿਲ ਸਪੈਕਟਰਮ, ਟਾਵਰ, ਫਾਇਬਰ ਆਦਿ ਵੇਚਣਗੇ, ਜਿਸ ਦੇ ਨਾਲ ਉਨ੍ਹਾਂ ਨੂੰ ਲਗਭੱਗ 25 ਹਜ਼ਾਰ ਕਰੋੜ ਰੁਪਏ ਮਿਲ ਸਕਦੇ ਹਨ। ਹਾਲਾਂਕਿ, ਹੁਣੇ ਡੀਲ ਵਿਚ ਕੁੱਝ ਦਿੱਕਤਾਂ ਹਨ, ਜਿਨ੍ਹਾਂ ਤੋਂ ਨਿੱਬੜਿਆ ਜਾ ਰਿਹਾ ਹੈ।

# #MeToo ਮੂਵਮੈਂਟ ਨੂੰ ਲੈ ਕੇ ਕੰਪਨੀਆਂ 'ਚ ਵਧੀ ਹਲਚਲ




ਮੁੰਬਈ : - #MeToo ਮੂਵਮੈਂਟ ਦੇ ਤਹਿਤ ਬਾਲੀਵੁਡ, ਰਾਜਨੀਤੀ ਅਤੇ ਮੀਡੀਆ ਦੇ ਕਈ ਦਿੱਗਜਾਂ ਉਤੇ ਸੈਕਸ਼ੁਅਲ ਹਰਾਸਮੈਂਟ ਦੇ ਇਲਜ਼ਾਮ ਲੱਗੇ ਹਨ। ਜ਼ਿਆਦਾਤਰ ਮਾਮਲੇ ਨਾਲ ਕੰਮ ਕਰਨ ਵਾਲੇ ਲੋਕਾਂ ਨਾਲ ਜੁੜੇ ਹਨ। ਇਸ ਵਿਚ ਕੰਪਨੀਆਂ ਅਤੇ ਸੰਗਠਨਾਂ ਵਿਚ ਵੀ ਹਲਚਲ ਵੱਧ ਗਈ ਹੈ। ਘਟਨਾ ਥਾਂ 'ਤੇ ਪ੍ਰਿਵੈਂਸ਼ਨ ਆਫ਼ ਸੈਕਸ਼ੁਅਲ ਹਰਸਮੈਂਟ (POSH) ਕਾਨੂੰਨ ਨੂੰ ਪੂਰੀ ਤਰ੍ਹਾਂ ਨਾਲ ਲਾਗੂ ਕਰਨ ਲਈ ਕਰਮਚਾਰੀਆਂ ਅਤੇ ਅੰਦਰੂਨੀ ਸ਼ਿਕਾਇਤ ਕਮੇਟੀ (933) ਦੇ ਮੈਬਰਾਂ ਨੂੰ ਟ੍ਰੇਨਿੰਗ ਦੇਣ ਵਾਲੀ ਕੰਪਨੀਆਂ ਦੀ ਡਿ੧ਮਾਂਡ ਵੱਧ ਗਈ ਹੈ।ਕੰਪਨੀਆਂ ਪਿਛਲੇ ਕੁੱਝ ਦਿਨਾਂ ਤੋਂ ਕਾਨੂੰਨ ਅਤੇ ਟ੍ਰੇਨਿੰਗ ਮਾਡਿਊਲ ਨਾਲ ਸਬੰਧਤ ਸਮੱਗਰੀ ਤੇਜੀ ਨਾਲ ਡਾਉਨਲੋਡ ਕਰ ਰਹੀਆਂ ਹਨ। ਆਲਮ ਇਹ ਹੈ ਕਿ ਟ੍ਰੇਨਿੰਗ ਸੋਲਿਊਸ਼ਨ ਪ੍ਰੋਡਿਊਸਰ ਰੇਨਮੇਕਰ ਦੀ ਵੈਬਸਾਈਟ ਕਰੈਸ਼ ਹੋ ਗਈ ਹੈ। ਰੇਨਮੇਕਰ ਦੇ ਸੀਈਓ ਐਂਟੋਨੀ ਐਲੈਕਸ ਨੇ ਕਿਹਾ ਕਿ ਸਾਡੀ ਵੈਬਸਾਈਟ ਵੱਡੇ ਟ੍ਰੈਫਿਕ ਨੂੰ ਹੈਂਡਲ ਕਰਨ ਵਿਚ ਸਮਰਥਾਵਾਨ ਹੈ, ਹਾਲਾਂਕਿ ਪਿਛਲੇ ਕੁੱਝ ਦਿਨਾਂ ਵਿਚ ਟ੍ਰੈਫਿਕ ਬਹੁਤ ਤੇਜੀ ਨਾਲ ਵਧਿਆ। ਹਜ਼ਾਰਾਂ ਲੋਕ POSH 'ਤੇ ਫ੍ਰੀ ਮੈਟੀਰੀਅਲ ਅਤੇ ਪੋਸਟਰ ਡਾਊਨਲੋਡ ਕਰਨ ਲਈ ਆ ਰਹੇ ਹਨ।ਵੈਬਸਾਈਟ ਲੋਡ ਨੂੰ ਹੈਂਡਲ ਨਹੀਂ ਕਰ ਪਾਈ ਅਤੇ ਪਹਿਲੀ ਵਾਰ ਕਰੈਸ਼ ਹੋ ਗਈ। ਇਸ ਨੂੰ ਫਿਰ ਤੋਂ ਸ਼ੁਰੂ ਕਰਨ ਲਈ ਆਈਟੀ ਟੀਮ ਨੇ ਰਾਤ ਭਰ ਕੰਮ ਕੀਤਾ। 4 ਸਾਲ ਪੁਰਾਣੀ ਕੰਪਨੀ, ਰੇਨਮੇਕਰ ਕੋਲ ਆਉਣ ਵਾਲੇ ਸਵਾਲ - ਜਵਾਬ ਵਿਚ ਪਿਛਲੇ ਇਕ ਹ਼ਫ਼ਤੇ ਵਿਚ 200 ਫ਼ੀ ਸਦੀ ਦਾ ਵਾਧਾ ਹੋਇਆ ਹੈ।

# 10 ਤੋਂ ਵੱਧ ਦੇਸ਼ਾਂ ਨੂੰ ਜੋੜਨ ਵਾਲਾ ਨੈਸ਼ਨਲ ਹਾਈਵੇਅ-9 ਬਣਿਆ ਹੁਣ ਏਸ਼ੀਅਨ ਹਾਈਵੇਅ-2



ਨਵੀਂ ਦਿੱਲੀ, (ਪੀਟੀਆਈ ): ਦਿੱਲੀ-ਲਖਨਊ ਰਾਸ਼ਟਰੀ ਹਾਈਵੇਅ-9 ਅਤੇ 24 ਰਾਸ਼ਟਰੀ ਨਹੀਂ ਸਗੋਂ ਏਸ਼ੀਅਨ ਹਾਈਵੇਅ ਹੋ ਗਿਆ ਹੈ। ਇਸ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਵਿਸ਼ਵ ਬੈਂਕ ਹਾਈਵੇਅ ਦੀ ਚੌੜਾਈ ਵਧਾ ਰਿਹਾ ਹੈ। ਏਸ਼ੀਆ ਦੇ 10 ਤੋਂ ਵੱਧ ਦੇਸ਼ਾਂ ਨੂੰ ਜੋੜਨ ਤੇ ਦਿੱਲੀ ਤੋਂ ਰਾਮਪੁਰ ਜਨਪਦ ਦੇ ਵਿਚ ਏਸ਼ੀਅਨ ਹਾਈਵੇਅ -2 ਹੋ ਗਿਆ ਹੈ ਜੋ ਕਿ ਦੇਸ਼ ਦਾ ਦੂਜਾ ਏਸ਼ੀਅਨ ਹਾਈਵੇਅ ਬਣਾਇਆ ਗਿਆ ਹੈ। ਇਸਦੇ ਅਧੀਨ ਜਿਥੇ ਦਿੱਲੀ ਤੋਂ ਪਿਲਖੁਵਾ ਤੱਕ ਨਿਰਮਾਣ ਕੰਮ ਚਲ ਰਿਹਾ ਹੈ, ਉਥੇ ਹੀ ਹਾਪੁੜ ਤੋਂ ਮੁਰਾਦਾਬਾਦ ਦੇ ਵਿਚ 6 ਲੇਨ ਦਾ ਨਿਰਮਾਣ ਦਸੰਬਰ ਤੋਂ ਸ਼ੁਰੂ ਕਰ ਦਿਤਾ ਜਾਵੇਗਾ।ਦੇਸ਼ ਦੀ ਰਾਜਧਾਨੀ ਨੂੰ ਪ੍ਰਦੇਸ਼ ਦੀ ਰਾਜਧਾਨੀ ਨਾਲ ਜੋੜਨ ਵਾਲੇ ਹਾਈਵੇ-24 ਦਾ ਨਾਮ ਪਿਛਲੇ ਦੋ ਸਾਲ ਤੋਂ ਵਾਰ-ਵਾਰ ਬਦਲਿਆ ਜਾ ਰਿਹਾ ਹੈ। ਇਸ ਦੌਰਾਨ ਇਸਦਾ ਨਾਮ ਕਦੇ ਐਚਐਚ-9 ਕੀਤਾ ਗਿਆ ਤਾਂ ਕਿਤੇ 24 ਹੀ ਹੈ। ਪਰ ਦੋ ਰਾਜਧਾਨੀਆਂ ਨੂੰ ਜੋੜਨ ਵਾਲਾ ਹਾਈਵੇਅ ਹੁਣ ਦੇਸ਼ ਦਾ ਦੂਜਾ ਏਸ਼ੀਅਨ ਹਾਈਵੇਅ ਬਣ ਗਿਆ ਹੈ। ਇਸ ਲਈ ਦਿੱਲੀ ਤੋਂ ਰਾਮਪੁਰ ਵਿਚਕਾਰ ਹੁਣ ਐਨਐਚ ਨਹੀਂ, ਸਗੋਂ ਏਐਚ (ਏਸ਼ੀਅਨ ਹਾਈਵੇਅ ) ਦੇ ਸੂਚਕ ਦਿਖਾਈ ਦੇਣਗੇ। ਏਸ਼ੀਅਨ ਹਾਈਵੇਅ-2 ਦੀ ਵੈਬਸਾਈਟ ਦੀ ਜਾਣਕਾਰੀ ਮੁਤਾਬਕ ਇੰਡੋਨੇਸ਼ੀਆ ਦੇ ਦੇਨਪਸਾਰ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ,ਦੇਸ਼ ਦੀ ਰਾਜਧਾਨੀ ਨੂੰ ਪ੍ਰਦੇਸ਼ ਦੀ ਰਾਜਧਾਨੀ ਨਾਲ ਜੋੜਨ ਵਾਲੇ ਹਾਈਵੇ-24 ਦਾ ਨਾਮ ਪਿਛਲੇ ਦੋ ਸਾਲ ਤੋਂ ਵਾਰ-ਵਾਰ ਬਦਲਿਆ ਜਾ ਰਿਹਾ ਹੈ। ਇਸ ਦੌਰਾਨ ਇਸਦਾ ਨਾਮ ਕਦੇ ਐਚਐਚ-9 ਕੀਤਾ ਗਿਆ ਤਾਂ ਕਿਤੇ 24 ਹੀ ਹੈ। ਪਰ ਦੋ ਰਾਜਧਾਨੀਆਂ ਨੂੰ ਜੋੜਨ ਵਾਲਾ ਹਾਈਵੇਅ ਹੁਣ ਦੇਸ਼ ਦਾ ਦੂਜਾ ਏਸ਼ੀਅਨ ਹਾਈਵੇਅ ਬਣ ਗਿਆ ਹੈ। ਇਸ ਲਈ ਦਿੱਲੀ ਤੋਂ ਰਾਮਪੁਰ ਵਿਚਕਾਰ ਹੁਣ ਐਨਐਚ ਨਹੀਂ, ਸਗੋਂ ਏਐਚ (ਏਸ਼ੀਅਨ ਹਾਈਵੇਅ ) ਦੇ ਸੂਚਕ ਦਿਖਾਈ ਦੇਣਗੇ। ਏਸ਼ੀਅਨ ਹਾਈਵੇਅ-2 ਦੀ ਵੈਬਸਾਈਟ ਦੀ ਜਾਣਕਾਰੀ ਮੁਤਾਬਕ ਇੰਡੋਨੇਸ਼ੀਆ ਦੇ ਦੇਨਪਸਾਰ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ,10 ਤੋਂ ਵੱਧ ਦੇਸ਼ਾਂ ਨੂੰ ਜੋੜਨ ਵਾਲਾ ਇਹ ਦੇਸ਼ ਦਾ ਦੂਜਾ ਏਸ਼ੀਅਨ ਹਾਈਵੇਅ-2 ਬਣਿਆ ਹੈ, ਜੋ ਭਾਰਤ ਨੂੰ ਤਿੰਨ ਦਿਸ਼ਾਵਾਂ ਤੋਂ ਵੱਖ-ਵੱਖ ਰਾਜਾਂ ਨੂੰ ਇਸ ਹਾਈਵੇਅ ਨਾਲ ਜੋੜ ਰਿਹਾ ਹੈ। ਕਿਉਂਕਿ ਨੇਪਾਲ ਤੋਂ ਆਉਣ ਵਾਲਾ ਹਾਈਵੇ ਖਟੀਮਾ, ਸਿਤਾਰਗੰਜ ਤੋਂ ਬਾਅਦ ਰਾਮਪੁਰ ਤੋਂ ਮੁਰਾਦਾਬਾਦ, ਅਮਰੋਹਾ, ਗਜਰੌਲਾ, ਗੜ੍ਹ , ਹਾਪੁੜ ਅਤੇ ਗਾਜ਼ਿਆਬਾਦ ਤੋਂ ਬਾਅਦ ਦਿੱਲੀ ਪਹੁੰਚ ਜਾਵੇਗਾ। ਇਸ ਤੋਂ ਇਲਾਵਾ ਪੂਰਵੀ ਭਾਰਤ ਵਿਚ ਸਿਲੀਗੁੜੀ ਅਤੇ ਫੁਲਬਾੜੀ ਵਿਚ ਐਨਐਚ ਨੂੰ ਜੋੜਿਆ ਹੈ ਤਾਂ ਦਿੱਲੀ ਤੋਂ ਸੋਨੀਪਤ, ਕੁਰੁਕਸ਼ੇਤਰ ਆਦਿ ਨੂੰ ਜੋੜਦਾ ਹੋਇਆ ਜਲੰਧਰ, ਲੁਧਿਆਣਾ, ਅੰਮ੍ਰਿਤਸਰ ਅਤੇ ਪਾਕਿਸਤਾਨ ਨੂੰ ਜੋੜ ਦਵੇਗਾ। ਇਸ ਤੋਂ ਇਲਾਵਾ ਉਤਰ ਪੂਰਬ ਤੋਂ ਇਹ ਬੰਗਲਾਦੇਸ਼ ਨਾਲ ਜੁੜ ਰਿਹਾ ਹੈ।

# ਦਿੱਲੀ ਨੂੰ ਧੂੰਏਂ ਦਾ ਘੇਰਾ, ਪਰਾਲੀ ਸਾੜਨ ਦਾ ਹਵਾ 'ਤੇ ਅਸਰ



ਨਵੀਂ ਦਿੱਲੀ: ਕੌਮੀ ਰਾਜਧਾਨੀ ਦਿੱਲੀ ਵਿੱਚ ਹਵਾ ਦੀ ਰਫ਼ਤਾਰ ਘਟਣ ਦੇ ਨਾਲ-ਨਾਲ ਸ਼ਨੀਵਾਰ ਨੂੰ ਹਵਾ ਦੀ ਗੁਣਵੱਤਾ ਵਿੱਚ ਵੀ ਗਿਰਾਵਟ ਵੇਖੀ ਗਈ। ਅਧਿਕਾਰੀਆਂ ਨੇ ਦਿੱਲੀ ਵਿੱਚ ਏਅਰ ਇੰਡੈਕਸ ਕੁਆਲਟੀ (ਏਕਿਊਆਈ, ਹਵਾ ਦੀ ਗੁਣਵੱਤਾ ਦਾ ਸੂਚਕ ਅੰਕ) ਵਿੱਚ ਗਿਰਾਵਟ ਦਾ ਅਨੁਮਾਨ ਲਾਇਆ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਹਵਾ ਦੀ ਗੁਣਵੱਤਾ ਵਿੱਚ ਹੋਰ ਕਮੀ ਆਉਣ ਦਾ ਖ਼ਦਸ਼ਾ ਜਤਾਇਆ ਹੈ। ਨਾਸਾ ਨੇ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਕਿਹਾ ਹੈ ਕਿ ਬੀਤੇ 10 ਦਿਨਾਂ ਵਿੱਚ ਅੰਮ੍ਰਿਤਸਰ, ਅੰਬਾਲਾ, ਕਰਨਾਲ, ਸਿਰਸਾ ਤੇ ਹਿਸਾਰ ਦੇ ਆਸਪਾਸ ਪਰਾਲੀ ਸਾੜਨ ਦੀਆਂ ਘਟਨਾਵਾਂ ਕਾਫੀ ਵਧ ਗਈਆਂ ਹਨ। ਸਿਸਟਮ ਆਫ ਏਅਰ ਕੁਆਲਟੀ ਐਂਡ ਵੈਦਰ ਫੋਰਕਾਸਟਿੰਗ ਤੇ ਰਿਸਰਚ (ਐਸਏਐਫਏਆਰ) ਮੁਤਾਬਕ ਸ਼ਨੀਵਾਰ ਸ਼ਾਮ 4 ਵੇ ਸੂਚਕ ਅੰਕ 300 ਸੀ ਜੋ ਕਾਫੀ ਖਰਾਬ ਸ਼੍ਰੇਣੀ ਵਿੱਚ ਆਉਂਦਾ ਹੈ।ਸ਼ੁੱਕਰਵਾਰ ਨੂੰ ਇਹ ਅੰਕ 154 ਸੀ। ਜ਼ਿਕਰਯੋਗ ਹੈ ਕਿ ਹਵਾ ਦੀ ਗੁਣਵੱਤਾ ਉਦੋਂ ਚੰਗੀ ਮੰਨੀ ਜਾਂਦੀ ਹੈ ਜਦੋਂ ਇਸ ਦਾ ਏਕਿਊਆਈ 0 ਤੋਂ 50 ਦੇ ਵਿਚਕਾਰ ਹੁੰਦਾ ਹੈ। ਏਕਿਊਆਈ ਦੇ 51-100 ਵਿਚਾਲੇ ਰਹਿਣ 'ਤੇ ਹਵਾ ਦੀ ਕਵਾਲਟੀ ਤਸੱਲੀਬਖਸ਼ ਮੰਨੀ ਜਾਂਦੀ ਹੈ। 101-200 ਵਿਚਾਲੇ ਮੱਧਮ, 201-300 ਵਿਚਾਲੇ ਖਰਾਬ, 301-400 ਵਿਚਾਲੇ ਬੇਹੱਦ ਖਰਾਬ ਤੇ 401-500 ਵਿਚਾਲੇ ਹਵਾ ਦੀ ਗੁਣਵੱਤਾ ਨੂੰ ਗੰਭੀਰ ਮੰਨਿਆ ਜਾਂਦਾ ਹੈ

# ਇਨਕਾਉਂਟਰ ਦੌਰਾਨ ਨਹੀਂ ਚਲੀ ਪਿਸਤੌਲ, ਯੂਪੀ ਪੁਲਿਸ ਨੇ ਮੂੰਹ ਨਾਲ ਹੀ ਕੀਤੀ ਠਾਹ-ਠਾਹ

ਉਤਰ ਪ੍ਰਦੇਸ਼, ( ਪੀਟੀਆਈ ) : ਉਤਰ ਪ੍ਰਦੇਸ਼ ਦੇ ਸੰਭਲ ਵਿਚ ਪੁਲਿਸ ਅਤੇ ਬਦਮਾਸ਼ਾਂ ਦੀ ਮੁਠਭੇੜ ਦੌਰਾਨ ਰਾਜ ਦੀ ਪੁਲਿਸ ਦਾ ਇਕ ਅਨੋਖਾ ਕਾਰਨਾਮਾ ਸਾਹਮਣੇ ਆਇਆ ਹੈ। ਦਰਅਸਲ ਇਥੇ ਖੇਤਾਂ ਵਿਚ ਲੁਕੇ ਹੋਏ ਬਦਮਾਸ਼ਾਂ ਤੇ ਜਦ ਪੁਲਿਸ ਕਾਰਵਾਈ ਕਰ ਰਹੀ ਸੀ ਤਾਂ ਥਾਣੇਦਾਰ ਦੀ ਬੰਦੂਕ ਨੇ ਅਚਾਨਕ ਧੋਖਾ ਦੇ ਦਿਤਾ। ਖ਼ਬਰਾਂ ਮੁਤਾਬਕ ਮੁਠਭੇੜ ਦੌਰਾਨ ਬੰਦੂਕ ਵਿਚ ਤਕਨੀਕੀ ਖਰਾਬੀ ਆ ਜਾਣ ਕਾਰਨ ਬੰਦੂਕ ਜਾਮ ਹੋ ਗਈ ਸੀ। ਇਸ ਤੋਂ ਬਾਅਦ ਪੁਲਿਸ ਜਾਮ ਹੋਈ ਬੰਦੂਕ ਨਾਲ ਠਾਹ-ਠਾਹ ਕਰਦੀ ਹੋਈ ਬਦਮਾਸ਼ਾਂ ਨੂੰ ਕਾਬੂ ਕਰਨ ਲਈ ਖੇਤਾਂ ਵਿਚ ਚਲੀ ਗਈ।ਹਾਲਾਂਕਿ ਇਸ ਦੌਰਾਨ ਪੁਲਿਸ ਦੀ ਦੂਜੀ ਟੀਮ ਨੇ ਇੱਕ ਬਦਮਾਸ਼ ਦੇ ਪੈਰ ਤੇ ਗੋਲੀ ਮਾਰ ਕੇ ਉਸ ਨੂੰ ਫੜ੍ਹ ਲਿਆ। ਦਸ ਦਈਏ ਕਿ ਪੁਲਿਸ ਮੁਠਭੇੜ ਦਾ ਜੋ ਵੀਡੀਓ ਸਾਹਮਣੇ ਆਇਆ ਹੈ ਉਹ ਸੋਸ਼ਲ ਮੀਡੀਆ ਵਿਚ ਵਾਇਰਲ ਹੋ ਰਿਹਾ ਹੈ। ਲੋਕ ਇਸ ਦਾ ਬਹੁਤ ਮਜ਼ਾਕ ਬਣਾ ਰਹੇ ਹਨ। ਵੀਡੀਓ ਵਿਚ ਇਕ ਪੁਲਿਸ ਕਰਮਚਾਰੀ ਜ਼ੋਰ ਨਾਲ ਚੀਕ ਰਿਹਾ ਹੈ, ਘੇਰ ਲਵੋ, ਠਾਹ-ਠਾਹ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਭਲ ਦੇ ਐਸਪੀ ਜਮੁਨਾ ਪ੍ਰਸਾਦ ਨੇ ਦਸਿਆ ਕਿ ਪਿਸਤੌਲ ਜਾਮ ਹੋ ਗਈ ਸੀ ਜਿਸ ਕਾਰਣ ਅਸਲ੍ਹੇ ਰਾਹੀ ਫਾਇਰ ਨਹੀਂ ਹੋ ਪਾਉਂਦਾ।ਪੁਲਿਸ ਕੋਲ ਮੌਜੂਦ ਸਾਰੇ ਹੱਥਿਆਰਾਂ ਨੂੰ ਚਲਾਕੇ ਓਨ੍ਹਾਂ ਦੀ ਜਾਂਚ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਸੰਭਲ ਦੇ ਅਸਮੌਲੀ ਵਿਚ ਪੁਲਿਸ ਵਾਹਨਾਂ ਦੀ ਜਾਂਚ ਕਰ ਰਹੀ ਸੀ। ਇਸੇ ਦੌਰਾਨ ਉਥੇ ਦੋ ਬਾਈਕ ਸਵਾਰ ਆਏ। ਪੁਲਿਸ ਮੁਤਾਬਕ ਦੋਨੋਂ ਬਾਈਕ ਸਵਾਰ ਬੈਰੀਅਰ ਤੋੜਕੇ ਭੱਜਣ ਲਗੇ। ਬਾਅਦ ਵਿਚ ਪੁਲਿਸ ਨੇ ਦੋਹਾਂ ਦਾ ਪਿੱਛਾ ਕੀਤਾ ਤਾਂ ਉਹ ਗੰਨੇ ਦੇ ਖੇਤ ਵਿਚ ਲੁਕ ਗਏ। ਅਜਿਹੇ ਵਿਚ ਪੁਲਿਸ ਨੇ ਵਾਧੂ ਦਸਤਾ ਬੁਲਾ ਕੇ ਘੇਰਾਬੰਦੀ ਕਰਨੀ ਸ਼ੁਰੂ ਕਰ ਦਿਤੀ। ਖੇਤ ਦੇ ਇਕ ਪਾਸੇ ਤੋਂ ਦਰੋਗਾ ਮਨੋਜ ਕੁਮਾਰ



ਅਤੇ ਸਿਪਾਹੀ ਬਲਰਾਮ ਨੇ ਮੋਰਚਾ ਸੰਭਾਲਿਆ।ਮਾਮਲੇ ਸਬੰਧੀ ਪੁਲਿਸ ਦਾ ਕਹਿਣਾ ਹੈ ਕਿ ਬਦਮਾਸ਼ਾਂ ਵੱਲੋਂ ਫਾਇਰਿੰਗ ਕਰਨ ਤੇ ਮਨੋਜ ਕੁਮਾਰ ਨੇ ਪਿਸਤੌਲ ਕੱਢੀ ਤਾਂ ਉਹ ਚੱਲੀ ਹੀ ਨਹੀਂ। ਇਸ ਤੇ ਥਾਣੇਦਾਰ ਅਤੇ ਸਿਪਾਹੀ ਨੇ ਮੂੰਹ ਤੋਂ ਠਾਹ-ਠਾਹ ਬੋਲਦਿਆਂ ਅੱਗੇ ਵਧਣਾ ਸ਼ੁਰੂ ਕੀਤਾ। ਖੇਤ ਦੇ ਦੂਜੇ ਪਾਸੇ ਮੌਜੂਦ ਪੁਲਿਸ ਦੀ ਟੀਮ ਨੇ ਇਕ ਬਦਮਾਸ਼ ਦੇ ਪੈਰ ਵਿਚ ਗੋਲੀ ਮਾਰਕੇ ਉਸਨੂੰ ਫੜ੍ਹ ਲਿਆ। ਜਦਕਿ ਦੂਜਾ ਭੱਜਣ ਵਿਚ ਕਾਮਯਾਬ ਹੋ ਗਿਆ। ਖ਼ਬਰ ਹੈ ਕਿ ਜਿਸ ਬਦਮਾਸ਼ ਨੂੰ ਫੜ੍ਹਿਆ ਗਿਆ ਹੈ ਉਸ ਤੇ 25,000 ਰੁਪਏ ਦਾ ਇਨਾਮ ਸੀ

# ਕੇਜਰੀਵਾਲ ਦਾ ਇੱਕ ਹੋਰ ਮੰਤਰੀ ਫਸਿਆ, 100 ਕਰੋੜ ਦੀ ਟੈਕਸ ਚੋਰੀ ਦਾ ਇਲਜ਼ਾਮ

ਨਵੀਂ ਦਿੱਲੀ: ਦਿੱਲੀ ਦੀ ਕੇਜਰੀਵਾਲ ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਕੈਲਾਸ਼ ਗਹਿਲੋਤ ਨੂੰ ਆਉਣ ਵਾਲੇ ਦਿਨਾਂ ਵਿੱਚ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਮਦਨ ਕਰ ਵਿਭਾਗ ਨੇ ਛਾਪਾ ਮਾਰ ਕੇ ਗਹਿਲੋਤ ਤੇ ਉਨ੍ਹਾਂ ਦੇ ਸਾਥੀਆਂ ਦੀ ਲੱਖਾਂ ਦੀ ਜਾਇਦਾਦ ਜ਼ਬਤ ਕਰਨ ਦਾ ਦਾਅਵਾ ਕੀਤਾ ਹੈ। ਛਾਪੇ ਦੌਰਾਨ 100 ਕਰੋੜ ਰੁਪਏ ਤੋਂ ਵੱਧ ਦੀ ਟੈਕਸ ਚੋਰੀ ਦਾ ਮਾਮਲਾ ਸਾਹਮਣੇ ਆਉਣ ਦਾ ਦਾਅਵਾ ਕੀਤਾ ਗਿਆ ਹੈ। ਇਨਕਮ ਟੈਕਸ ਵਿਭਾਗ ਦੇ ਸੂਤਰਾਂ ਅਨੁਸਾਰ ਜਾਂਚ ਦੌਰਾਨ ਹਸਤਾਖ਼ਰ ਕੀਤੇ ਹੋਏ ਖਾਲੀ ਸੈਨਿਕ ਸ਼ੇਅਰ ਫਾਰਮ ਮਿਲੇ ਸਨ। ਆਮਦਨ ਕਰ ਵਿਭਾਗ ਦਾ ਦਾਅਵਾ ਕੀਤਾ ਹੈ ਉਕਤ ਤੋਂ ਇਲਾਵਾ ਵਿਭਾਗ ਨੂੰ ਮੰਤਰੀ ਦੇ ਨਾਂ ਅਨੇਕ ਬੇਨਾਮੀ ਜਾਇਦਾਦ ਬਾਰੇ ਵੀ ਪਤਾ ਲੱਗਾ ਹੈ। ਇਹ ਜਾਇਦਾਦ ਕੰਪਨੀ ਦੇ ਵਰਕਰਾਂ ਦੇ ਨਾਂ 'ਤੇ ਵੀ ਹੋ ਸਕਦੀ ਹੈ। ਆਮਦਨ ਕਰ ਵਿਭਾਗ ਨੇ ਕਰੀਬ ਸਵਾ ਦੋ ਕਰੋੜ ਰੁਪਏ ਤੋਂ ਵੱਧ ਰਕਮ ਦੇ ਗਹਿਣੇ ਵੀ ਬਰਾਮਦ ਕੀਤੇ ਹਨ। ਗਹਿਲੋਤ 'ਤੇ ਇਲਜ਼ਾਮ ਹੈ ਕਿ ਸ਼ੈੱਲ ਕੰਪਨੀਆਂ ਜ਼ਰੀਏ ਵੀ ਪੈਸਾ ਤੇ ਜਾਇਦਾਦ ਖਰੀਦੀ ਗਈ ਹੈ। ਵਿਭਾਗ ਦੀ ਜਾਂਚ ਪਿੱਛੋਂ 54 ਤੇ 329 ਵੀ ਕੇਸ ਦਰਜ ਕਰ ਸਕਦੀ ਹੈ। ਆਮਦਨ ਕਰ ਵਿਭਾਗ ਨੇ ਦਿੱਲੀ ਦੇ ਕੈਬਨਿਟ ਮੰਤਰੀ ਕੈਲਾਸ਼ ਗਹਿਲੋਤ ਤੇ ਉਸ ਦੇ ਪਰਿਵਾਰਕ ਮੈਂਬਰਾਂ ਦੇ ਦਿੱਲੀ ਤੇ ਗੁਰਗ੍ਰਾਮ ਵਿੱਚ 16 ਘਰ ਤੇ ਹੋਰ ਟਿਕਾਣਿਆਂ 'ਤੇ ਛਾਪੇ ਮਾਰੇ। ਗਹਿਲੋਤ ਦਿੱਲੀ ਸਰਕਾਰ ਵਿੱਚ ਟ੍ਰਾਂਸਪੋਰਟ, ਕਾਨੂੰਨ, ਮਾਲੀਆ, ਸੂਚਨਾ ਤਕਨਾਲੋਜੀ ਤੇ ਪ੍ਰਸ਼ਾਸਕੀ ਸੁਧਾਰ ਵਿਭਾਗ ਸੰਭਾਲਦੇ ਹਨ।ਆਮਦਨ ਕਰ ਵਿਭਾਗ ਵੱਲੋਂ ਛਾਪੇਮਾਰੀ ਤੋਂ ਬਾਅਦ ਜਾਇਦਾਦ ਦਾ ਖ਼ੁਲਾਸਾ ਹੋਣ ਪਿੱਛੋਂ ਆਮ



ਆਦਮੀ ਪਾਰਟੀ ਦੇ ਸਾਬਕਾ ਆਗੂ ਕਪਿਲ ਮਿਸ਼ਰਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਸਾਧਿਆ ਹੈ। ਉੱਧਰ ਬੀਜੇਪੀ ਨੇ ਵੀ ਚੁਟਕੀ ਲੈਂਦਿਆਂ ਟਵੀਟ ਕੀਤਾ ਕਿ ਆਪਣੇ ਹੀ ਕਾਰਨਾਮੇ ਲੁਕਾਉਣ ਲਈ ਸੀਐਮ ਕੇਜਰੀਵਾਲ ਤੇ ਉਨ੍ਹਾਂ ਦੀ ਪਾਰਟੀ ਦੇ ਲੀਡਰ ਰੇਡ ਦਾ ਵਿਰੋਧ ਕਰ ਰਹੇ ਹਨ। ਕੇਜਰੀਵਾਲ ਦੀ ਈਮਾਨਦਾਰੀ ਵਾਲਾ ਮਖੌਟਾ ਉੱਤਰ ਗਿਆ ਹੈ ਤੇ ਅਸਲੀ ਚਿਹਰਾ ਸਭ ਦੇ ਸਾਹਮਣੇ ਆ ਗਿਆ ਹੈ।

# ਬੁਆਏਫਰੈਂਡ 'ਤੇ ਕੰਟਰੋਲ ਰੱਖਣ ਲਈ ਕੁੜੀ ਨੇ ਬਣਾਈ ਨਿਯਮਾਂ ਦੀ ਅਜੀਬੋ-ਗਰੀਬ ਲਿਸਟ



ਇੰਟਰਨੈਸ਼ਨਲ ਡੈਸਕ (ਏਜੰਸੀ)— ਇਸ ਦੁਨੀਆ ਵਿਚ ਹਰ ਸ਼ਖਸ ਦੀ ਆਪਣੀ ਵੱਖਰੀ ਸੋਚ ਹੈ। ਰਿਲੇਸ਼ਨਸ਼ਿਪ ਵਿਚ ਆਜ਼ਾਦੀ ਦੇਣਾ ਜੋੜੇ ਦੀ ਸੋਚ 'ਤੇ ਨਿਰਭਰ ਕਰਦਾ ਹੈ ਪਰ ਸੋਸ਼ਲ ਮੀਡੀਆ 'ਤੇ ਇਨੀਂ ਦਿਨੀਂ ਇਕ ਅਜਿਹੀ ਲੜਕੀ ਚਰਚਾ ਵਿਚ ਹੈ ਜਿਸ ਨੂੰ ਆਪਣੇ ਬੁਆਏਫਰੈਂਡ ਨੂੰ ਆਜ਼ਾਦੀ ਦੇਣਾ ਬਿਲਕੁੱਲ ਪਸੰਦ ਨਹੀਂ ਹੈ। ਇਸ ਲੜਕੀ ਦੇ ਨਾਮ ਦਾ ਖੁਲਾਸਾ ਨਹੀਂ ਕੀਤਾ ਗਿਆ ਪਰ ਇਸ ਨੇ ਆਪਣੇ ਬੁਆਏਫਰੈਂਡ ਲਈ ਨਿਯਮਾਂ ਦੀ ਚੰਗੀ ਖਾਸੀ ਲਿਸਟ ਬਣਾਈ ਹੈ। ਬੁਆਏਫਰੈਂਡ ਲਈ ਉਸ ਨੇ ਇਕ-ਦੋ ਨਹੀਂ ਸਗੋਂ 22 ਨਿਯਮ ਸੈੱਟ ਕੀਤੇ ਹਨ ਤਾਂ ਜੋ ਉਹ ਉਸ ਨੂੰ ਕੰਟਰੋਲ ਵਿਚ ਰੱਖ ਸਕੇ। ਅਸਲ ਵਿਚ ਬੀਤੇ ਦਿਨੀਂ 22 ਨਿਯਮਾਂ ਦੀ ਇਹ ਲਿਸਟ ਇਕ ਟਵਿੱਟਰ ਯੂਜ਼ਰ ਨੂੰ ਮਿਲੀ, ਜਿਸ ਨੂੰ ਉਸ ਨੂੰ ਆਨਲਾਈਨ ਪੋਸਟ ਕਰ ਦਿੱਤਾ। ਬਸ ਫਿਰ ਕੀ ਸੀ ਇਸ ਨੂੰ ਪੜ੍ਹਦੇ ਹੀ ਸੋਸ਼ਲ ਮੀਡੀਆ ਯੂਜ਼ਰਸ ਵਿਚ ਇਸ ਨੂੰ ਲੈ ਕੇ ਕਾਫੀ ਚਰਚਾ ਛਿੜ ਗਈ।ਲਿਸਟ ਦੀ ਤਸਵੀਰ ਟਵਿੱਟਰ 'ਤੇ ਸ਼ੇਅਰ ਕਰਦਿਆਂ ਯੂਜ਼ਰ ਨੇ ਲਿਖਿਆ,''ਮੇਰੀ ਗੱਡੀ ਵਿਚ ਕੁਝ ਲੜਕਿਆਂ ਨੇ ਲਿਫਟ ਲਈ ਸੀ ਅਤੇ ਉਨ੍ਹਾਂ ਦੇ ਉਤਰਣ ਤੋਂ ਬਾਅਦ ਗੱਡੀ ਵਿਚ ਇਹ ਲਿਸਟ ਮਿਲੀ, ਜੋ ਸ਼ਾਇਦ ਉਨ੍ਹਾਂ ਵਿਚੋਂ ਕਿਸੇ ਇਕ ਦੀ ਪ੍ਰੇਮਿਕਾ ਨੇ ਦਿੱਤੀ ਹੋਵੇਗੀ। ਇਹ ਲਿਸਟ ਅਸਲ ਵਿਚ ਕਮਾਲ ਹੈ ਕਿਉਂਕਿ ਇਸ ਵਿਚ ਪ੍ਰੇਮਿਕਾ ਨੇ ਆਪਣੇ ਬੁਆਏਫਰੈਂਡ ਲਈ ਅਨੋਖੇ ਨਿਯਮ ਸੈੱਟ ਕਰ ਰੱਖੇ ਹਨ।'' ਇਨ੍ਹਾਂ ਵਿਚੋਂ ਇਕ ਨਿਯਮ ਅਜਿਹਾ ਸੀ ਜਿਸ ਮੁਤਾਬਕ,''ਜਦੋਂ ਤੱਕ ਮੈਂ ਤੇਰੇ ਨਾਲ ਹਾਂ। ਜਦੋਂ ਵੀ ਮੇਰਾ ਮਨ ਕਰੇ ਮੈਂ ਤੁਹਾਡਾ ਫੋਨ ਚੈੱਕ ਕਰ ਸਕਾਂਗੀ।'' ਇਹ ਨਿਯਮ ਪੜ੍ਹਨ ਦੇ ਬਾਅਦ ਸੋਸ਼ਲ ਮੀਡੀਆ ਯੂਜ਼ਰਸ ਹੈਰਾਨ ਰਹਿ ਗਏ ਅਤੇ ਉਸ ਲੜਕੀ ਨੂੰ ਦੁਨੀਆ ਦੀ ਸਭ ਤੋਂ ਖਤਰਨਾਕ ਪ੍ਰੇਮਿਕਾ ਕਰਾਰ ਦਿੱਤਾ।ਭਾਵੇਂਕਿ ਕਈਆਂ ਨੇ ਇਸ ਯੂਜ਼ਰ ਨੂੰ ਕਹਿ ਦਿੱਤਾ ਕਿ ਉਸ ਨੇ ਕਿਸੇ ਹੋਰ ਦੀ ਨਹੀਂ ਸਗੋਂ ਆਪਣੀ ਰੂਲ ਲਿਸਟ ਸ਼ੇਅਰ ਕੀਤੀ ਹੈ। ਕੁਝ ਨੇ ਤਾਂ ਨਵੀਂ ਪ੍ਰੇਮਿਕਾ ਬਣਾਉਣ ਦੀ ਸਲਾਹ ਤੱਕ ਦੇ ਦਿੱਤੀ। ਇਕ ਯੂਜ਼ਰ ਨੇ ਲਿਖਿਆ ਅਜਿਹਾ ਲੱਗਦਾ ਹੈ ਕਿ ਮੁੰਡੇ ਨੇ ਲੜਕੀ ਨੂੰ ਧੋਖਾ ਦਿੱਤਾ ਹੋਵੇਗਾ ਇਸ ਲਈ ਹੁਣ ਲੜਕੀ ਨੇ ਉਸ ਲਈ 'ਰੂਲ ਬੁੱਕ' ਬਣਾ ਦਿੱਤੀ ਹੈ ਤਾਂ ਜੋ ਉਹ ਦੁਬਾਰਾ ਧੋਖਾ ਨਾ ਦੇ ਸਕੇ। ਫਿਲਹਾਲ ਅਜਿਹੇ ਕੁਮੈਂਟਸ ਅਤੇ ਸਲਾਹਾਂ ਦੇ ਬਾਅਦ ਇਸ ਯੂਜ਼ਰ ਨੇ ਇਹ ਰੂਲ ਲਿਸਟ ਡਿਲੀਟ ਕਰ ਦਿੱਤੀ।

## ਨਿਯਮਾਂ ਦੀ ਲਿਸਟ

1. ਤੁਹਾਨੂੰ ਕਿਸੇ ਸਿੰਗਲ ਲੜਕੀ ਦਾ ਫੋਨ ਨੰਬਰ ਆਪਣੇ ਕੋਲ ਰੱਖਣ ਦੀ ਇਜਾਜ਼ਤ ਨਹੀਂ ਹੈ।
2. ਤੁਸੀਂ ਕਿਸੇ ਵੀ ਲੜਕੀ ਨੂੰ ਸੋਸ਼ਲ ਮੀਡੀਆ 'ਤੇ ਫੌਲੋ ਨਹੀਂ ਕਰੋਗੇ।
3. ਤੁਸੀਂ ਹਫਤੇ ਵਿਚ ਦੋ ਵਾਰ ਤੋਂ ਜ਼ਿਆਦਾ ਆਪਣੇ ਦੋਸਤਾਂ ਨਾਲ ਘੁੰਮਣ ਨਹੀਂ ਜਾ ਸਕਦੇ ਹੋ।
4. ਤੁਸੀਂ ਕਿਸੇ ਸਿੰਗਲ ਲੜਕੀ ਵੱਲ ਨਹੀਂ ਦੇਖੋਗੇ।
5. ਜੇ ਕੋਈ ਲੜਕੀ ਆ ਕੇ ਤੁਹਾਡੇ ਨਾਲ ਗੱਲ ਵੀ ਕਰੇ ਤਾਂ ਤੁਸੀਂ ਉੱਥੋ ਚਲੇ ਜਾਓਗੇ।
6. ਮੈਂ ਜਦੋਂ ਚਾਹਾਂ ਤੁਹਾਡਾ ਫੋਨ ਚੈੱਕ ਕਰ ਸਕਦੀ ਹਾਂ।
7. ਜੇ ਮੈਂ ਤੁਹਾਨੂੰ ਲੜਕੀਆਂ ਨਾਲ ਦੇਖਿਆ ਤਾਂ ਮੈਂ ਤੁਹਾਨੂੰ ਮਾਰ ਦੇਵਾਂਗੀ।
8. ਜੇ ਮੈਂ ਕਹਾਂ ਕਿ ਛਾਲ ਮਾਰੋ ਤਾਂ ਤੁਸੀਂ ਪੁੱਛੋਗੇ ਕਿ ਕਿੰਨੀ ਉੱਚਾਈ ਤੋਂ ਪ੍ਰਿੰਸੈੱਸ।
9. ਤੁਸੀਂ ਮੇਰੇ ਮੈਸੇਜ ਦਾ ਜਵਾਬ ਦੇਣ ਵਿਚ ਕਦੇ ਵੀ 10 ਮਿੰਟ ਤੋਂ ਜ਼ਿਆਦਾ ਸਮਾਂ ਨਹੀਂ ਲਗਾਓਗੇ।
10. ਤੁਸੀਂ ਦਿਨ ਵਿਚ ਇਕ ਵਾਰੀ ਮੈਨੂੰ ਆਈ ਲਵ ਯੂ ਕਹੋਗੇ ਤਾਂ ਜੋ ਮੈਨੂੰ ਯਕੀਨ ਹੋ ਜਾਵੇ ਕਿ ਤੁਹਾਡਾ ਧਿਆਨ ਨਹੀਂ ਭਟਕ ਰਿਹਾ।
11. ਤੁਸੀਂ ਮੇਰੇ ਬਿਨਾਂ ਹੋਂਡਾ 'ਤੇ ਨਹੀਂ ਜਾ ਸਕਦੇ।
12. ਤੁਸੀਂ ਮੇਰੀ ਗੈਰ ਮੌਜੂਦਗੀ ਵਿਚ ਡਰਿੰਕ ਨਹੀਂ ਕਰ ਸਕਦੇ।
13. ਜਦੋਂ ਅਸੀਂ ਇਕੱਠੇ ਘੁੰਮਣ ਜਾਵਾਂਗੇ ਤਾਂ ਤੁਹਾਡੇ ਦੋਸਤਾਂ ਨੂੰ ਨਾਲ ਆਉਣ ਦੀ ਇਜਾਜ਼ਤ ਨਹੀਂ ਹੋਵੇਗੀ।
14. ਅਸੀਂ ਦੋ ਹਫਤੇ ਵਿਚ ਇਕ ਵਾਰ ਡੇਟ 'ਤੇ ਜਾਵਾਂਗੇ।
15. ਤੁਸੀਂ ਆਪਣੇ ਦੋਸਤਾਂ ਨਾਲ ਮੇਰੀ ਤੁਲਨਾ ਨਹੀਂ ਕਰੋਗੇ।

# ਓਂਨਟਾਰੀਓ 'ਚ ਸਿੱਖ ਦੋ-ਪਹੀਆ ਚਾਲਕਾਂ ਨੂੰ 18 ਤੋਂ ਮਿਲੇਗੀ ਹੈਲਮਟ ਤੋਂ ਛੋਟ

## ਸਲਾਮਤੀ ਦੀ ਜ਼ਿੰਮੇਵਾਰੀ ਚਾਲਕਾਂ ਤੇ ਸਵਾਰੀਆਂ ਦੀ ਆਪਣੀ ਹੋਵੇਗੀ: ਪ੍ਰੀਮੀਅਰ ਡੂਗ ਫ਼ੋਰਡ



ਟੋਰਾਂਟੋ (ਕੈਨੇਡਾ)- ਕੈਨੇਡੀਅਨ ਸੂਬੇ ਓਨਟਾਰੀਓ 'ਚ ਦਸਤਾਰਧਾਰੀ ਸਿੱਖ ਦੋ-ਪਹੀਆ ਚਾਲਕਾਂ ਤੇ ਸਵਾਰੀਆਂ ਨੂੰ ਹੁਣ ਆਉਂਦੀ 18 ਅਕਤੂਬਰ ਤੋਂ ਹੈਲਮੈਟ ਤੋਂ ਛੋਟ ਮਿਲ ਜਾਵੇਗੀ। ਪ੍ਰੋਗਰੈਸਿਵ ਕਨਜ਼ਰਵੇਟਿਵ ਸਰਕਾਰ ਨੇ ਬੁੱਧਵਾਰ ਨੂੰ ਬਾਕਾਇਦਾ ਇਸ ਗੱਲ ਦੀ ਪੁਸ਼ਟੀ ਕਰ ਦਿੱਤੀ ਕਿ ਅਗਲੇ ਵੀਰਵਾਰ (18 ਅਕਤੂਬਰ) ਨੂੰ ਇਸ ਸਬੰਧੀ ਕਾਨੂੰਨ ਲਾਗੂ ਹੋ ਜਾਵੇਗਾ। ਇੱਥੇ ਵਰਨਣਯੋਗ ਹੈ ਕਿ ਸੂਬੇ ਦੇ ਸਿੱਖ ਕੈਨੇਡੀਅਨ ਸਿੱਖ ਐਸੋਸੀਏਸ਼ਨ ਤੇ ਕੁਝ ਹੋਰਨਾਂ ਜੱਥੇਬੰਦੀਆਂ ਤੇ ਵਿਅਕਤੀਆਂ ਦੀ ਅਗਵਾਈ ਹੇਠ ਪਿਛਲੇ ਲੰਮੇ ਸਮੇਂ ਤੋਂ ਹੈਲਮੇਟ ਤੋਂ ਛੋਟ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰਦੇਆ ਰਹੇ ਸਨ। ਓਨਟਾਰੀਓ ਦੀ ਪ੍ਰੋਗਰੈਸਿਵ ਕਨਜ਼ਰਵੇਟਿਵ ਸਰਕਾਰ ਦੇ ਪ੍ਰੀਮੀਅਰ ਸ੍ਰੀ ਡੂਗ ਫ਼ੋਰਡ ਨੇ ਕਿਹਾ ਕਿ ਸੜਕਾਂ ਦੀ ਸੁਰੱਖਿਆ ਉਨ੍ਹਾਂ ਦੀ ਤਰਜੀਹ ਰਹੇਗੀ। 'ਪਰ ਸਾਡੀ ਸਰਕਾਰ ਦਾ ਇਹ ਵੀ ਮੰਨਣਾ ਹੈ ਕਿ ਦਸਤਾਰਧਾਰੀ ਸਿੱਖ ਦੋ-ਪਹੀਆ ਚਾਲਕਾਂ ਤੇ ਸਵਾਰੀਆਂ ਦੀ ਸਲਾਮਤੀ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਆਪਣੀ ਹੋਵੇਗੀ।' ਦਰਅਸਲ, ਸ੍ਰੀ ਫ਼ੋਰਡ ਨੇ ਚੋਣਾਂ ਵੇਲੇ ਵਾਅਦਾ ਕੀਤਾ ਸੀ ਕਿ ਜੇ ਸੂਬੇ 'ਚ ਉਨ੍ਹਾਂ ਦੀ ਸਰਕਾਰ ਕਾਇਮ ਹੋਣ 'ਤੇ ਉਹ ਦਸਤਾਰਧਾਰੀ ਸਿੱਖ ਦੋ-ਪਹੀਆ ਚਾਲਕਾਂ ਤੇ ਸਵਾਰੀਆਂ ਨੂੰ ਹੈਲਮੈਟ ਤੋਂ ਛੋਟ ਦੇ ਦੇਣਗੇ। ਬ੍ਰਿਟਿਸ਼ ਕੋਲੰਬੀਆ, ਮੈਨੀਟੋਬਾ ਤੇ ਅਲਬਰਟਾ 'ਚ ਪਹਿਲਾਂ ਹੀ ਦਸਤਾਰਧਾਰੀ ਸਿੰਘਾਂ ਤੇ ਸਿੰਘਣੀਆਂ ਨੂੰ ਅਜਿਹੀ ਛੋਟ ਮਿਲੀ ਹੋਈ ਹੈ। ਇੰਗਲੈਂਡ ਵਿੱਚ ਵੀ ਸਿੱਖਾਂ ਨੂੰ ਇਹ ਕਾਨੂੰਨੀ ਛੋਟ 1976 ਤੋਂ ਹਾਸਲ ਹੈ। ਪਿਛਲੇ ਹਫ਼ਤੇ ਕਨਜ਼ਰਵੇਟਿਵ ਵਿਧਾਇਕ ਪ੍ਰਭਮੀਤ ਸਰਕਾਰੀਆ ਨੇ ਹਾਈਵੇਅ ਟ੍ਰੈਫ਼ਿਕ ਐਕਟ ਵਿੱਚ ਸੋਧ ਬਾਰੇ ਇੱਕ ਬਿਲ ਪੇਸ਼ ਕੀਤਾ ਸੀ; ਸਿੱਖਾਂ ਨੂੰ ਹੈਲਮੈਟ ਤੋਂ ਛੋਟ ਉਸੇ ਕਾਨੂੰਨ ਦੇ ਆਧਾਰ 'ਤੇ ਮਿਲਣੀ ਹੈ। 'ਸੀਟੀਵੀ' ਵੱਲੋਂ ਪ੍ਰਕਾਸ਼ਿਤ ਸ਼ਾਅਨ ਜੈਫ਼ਰਡਜ਼ ਦੀ ਰਿਪੋਰਟ ਅਨੁਸਾਰ ਓਨਟਾਰੀਓ ਦੇ ਸਿੱਖ ਮੋਟਰਸਾਇਕਲ ਕਲੱਬ ਨੇ ਸਰਕਾਰ ਦੇ ਇਸ ਐਲਾਨ ਦਾ ਸੁਆਗਤ ਕੀਤਾ ਹੈ। ਇੱਥੇ ਵਰਨਣਯੋਗ ਹੈ ਕਿ ਸੁਰੱਖਿਆ ਖ਼ਤਰਿਆਂ ਦੇ ਡਰ ਤੋਂ ਪਿਛਲੀ ਲਿਬਰਲ ਸਰਕਾਰ ਨੇ ਸਿੱਖਾਂ ਨੂੰ ਅਜਿਹੀ ਛੋਟ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ। ਉੱਧਰ ਕੈਨੇਡਾ ਸੇਫ਼ਟੀ ਕੌਂਸਲ ਦੇ ਜਨਰਲ ਮੈਨੇਜਰ ਰੇਅਨਾਲਡ ਮਾਰਚੈਂਡ ਨੇ ਕਿਹਾ ਹੈ ਕਿ 'ਹੈਲਮੈਟ ਤੋਂ ਛੋਟ ਦੇਣ ਦਾ ਫ਼ੈਸਲਾ ਨਿਰਾਸ਼ਾਜਨਕ ਹੈ ਪਰ ਹੈਰਾਨੀਜਨਕ ਵੀ ਨਹੀਂ ਕਿਉਂਕਿ ਪ੍ਰੀਮੀਅਰ ਪਿਛਲੇ ਕਈ ਮਹੀਨਿਆਂ ਤੋਂ ਅਜਿਹੇ ਸੰਕੇਤ ਦਿੰਦੇ ਆ ਰਹੇ ਸਨ। ਹੁਣ ਮੁੱਖ ਗੁੰਝਲ ਇਹ ਹੋਣੀ ਹੈ ਕਿ ਲੋਕ ਜ਼ਖ਼ਮੀ ਹੋਣਗੇ। ਅਜਿਹਾ ਕੋਈ ਸੁਆਲ ਹੁਣ ਨਹੀਂ ਉਠਾਇਆ ਜਾ ਰਿਹਾ ਕਿ ਜੇ ਕੋਈ ਡਿੱਗਦਾ ਹੈ, ਤਾਂ ਦਸਤਾਰ ਉਸ ਤਰ੍ਹਾਂ ਦੀ ਸੁਰੱਖਿਆ ਮੁਹੱਈਆ ਨਹੀਂ ਕਰਵਾਏਗੀ, ਜਿਸ ਤਰ੍ਹਾਂ ਹੈਲਮੈਟ ਦੇ ਸਕਦੀ ਹੈ। ਹੈਲਮੈਟ ਤੋਂ ਛੋਟ ਸਿਰਫ਼ ਉਨ੍ਹਾਂ ਹੀ ਦਸਤਾਰਧਾਰੀ ਸਿੱਖਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ, ਜਿਨ੍ਹਾਂ ਕੋਲ ਮੁਕੰਮਲ (ਫੁਲ) ਲਾਇਸੈਂਸ ਹੋਣ, ਟਰੇਨਿੰਗ ਦੌਰਾਨ ਅਜਿਹੀ ਛੋਟ ਨਹੀਂ ਦਿੱਤੀ ਜਾਣੀ ਚਾਹੀਦੀ। ਸਿੱਖਣ ਦੇ ਪੜਾਅ 'ਤੇ ਸੱਟ-ਫੇਟ ਲੱਗਣ ਦਾ ਖ਼ਤਰਾ ਵਧੇਰੇ ਰਹਿੰਦਾ ਹੈ।'

# ਕੈਲੀਫ਼ੋਰਨੀਆ 'ਚ ਭਾਰਤੀ ਸ਼ੈਫ਼ ਦਾ ਕਤਲ

ਫ਼ਰੀਮੌਂਟ (ਕੈਲੀਫ਼ੋਰਨੀਆ, ਅਮਰੀਕਾ), 12 ਅਕਤੂਬਰ (ਚ.ਨ.ਸ.): ਭਾਰਤੀ ਮੂਲ ਦੇ ਉੱਘੇ ਸ਼ੈਫ਼ ਅਤੇ ਰੰਗੋਲੀ ਰੈਸਟੋਰੈਂਟ ਦੇ ਐਗਜ਼ੀਕਿਊਟਿਵ ਸ਼ੈਫ਼ ਡੋਮਿਨਿਕ ਸਰਕਾਰ ਦਾ ਅਮਰੀਕੀ ਸੂਬੇ ਕੈਲੀਫ਼ੋਰਨੀਆ ਦੇ ਸ਼ਹਿਰ ਫ਼ਰੀਮੌਂਟ 'ਚ ਕਤਲ ਹੋ ਗਿਆ ਹੈ। ਉਹ 56 ਵਰ੍ਹਿਆਂ ਦੇ ਸਨ। ਇਹ ਘਟਨਾ ਬੀਤੀ 8 ਅਕਤੂਬਰ ਵੱਡੇ ਤੜਕੇ ਦੀ ਹੈ। ਉਨ੍ਹਾਂ ਨੂੰ ਗੋਲੀਆਂ ਮਾਰੀਆਂ ਗਈਆਂ ਹਨ। ਪੁਲਿਸ ਨੇ ਇਸ ਕਤਲ ਕੇਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਗੁਆਂਢੀਆਂ ਨੇ ਜਦੋਂ ਗੋਲੀਆਂ ਚੱਲਣ ਦੀ ਆਵਾਜ਼ ਸੁਣੀ, ਤਾਂ ਰਾਤੀਂ 12:24 ਵਜੇ ਪੁਲਿਸ ਨੂੰ ਫ਼ੋਨ ਕੀਤਾ। ਕਾੱਲ ਕਰਨ ਵਾਲੇ ਵਿਅਕਤੀ ਨੇ ਦੱਸਿਆ ਕਿ ਉਸ ਨੇ ਇੱਕ ਅਣਪਛਾਤੇ ਵਿਅਕਤੀ ਨੂੰ ਸਾਇਕਲ 'ਤੇ ਜਾਂਦਿਆਂ ਤੱਕਿਆ ਸੀ।



ਸ੍ਰੀ ਸਰਕਾਰ ਕਿਸੇ ਹੋਰ ਪਰਿਵਾਰ ਨਾਲ ਇਸ ਘਰ ਵਿੱਚ ਕਿਰਾਏ 'ਤੇ ਰਹਿ ਰਹੇ ਸਨ। ਜਦੋਂ ਇਹ ਘਟਨਾ ਵਾਪਰੀ, ਤਦ ਸ੍ਰੀ ਸਰਕਾਰ ਦੇ ਨਾਲ ਰਹਿ ਰਿਹਾ ਪਰਿਵਾਰ ਸੁੱਤਾ ਪਿਆ ਸੀ; ਇਸੇ ਲਈ ਇਹ ਕਿਸੇ ਨੇ ਨਹੀਂ ਵੇਖਿਆ ਕਿ ਕਾਤਲ ਕੌਣ ਸੀ, ਕਦੋਂ ਆਇਆ ਅਤੇ ਕਦੋਂ ਗਿਆ। ਪੁਲਿਸ ਜਦੋਂ ਪੁੱਜੀ, ਤਾਂ ਸ੍ਰੀ ਸਰਕਾਰ ਦੀ ਮ੍ਰਿਤਕ ਦੇਹ ਬੈੱਡਰੂਮ 'ਚ ਪਈ ਸੀ। ਸ੍ਰੀ ਸਰਕਾਰ ਨੇ 10 ਸਾਲ ਕੈਲੀਫ਼ੋਰਨੀਆ ਦੇ ਭਾਰਤੀ ਰੈਸਟੋਰੈਂਟ ਮਾਊਂਟ ਵਿਊ 'ਚ ਕੰਮ ਕੀਤਾ। ਉਸ ਦੀ ਮਾਲਕਣ ਸੁਸ਼ਮਾ ਤਨੇਜਾ ਨੇ 'ਸੀਬੀਐੱਸ ਸਾਨ ਫ਼ਰਾਂਸਿਸਕੋ' ਨੇ ਦੱਸਿਆ ਕਿ ਜਿਸ ਦਿਨ ਸ੍ਰੀ ਸਰਕਾਰ ਦਾ ਕਤਲ ਹੋਇਆ, ਉਸੇ ਦਿਨ ਉਨ੍ਹਾਂ ਦਾ ਭਾਰਤ ਜਾਣ ਦਾ ਪ੍ਰੋਗਰਾਮ ਪਹਿਲਾਂ ਤੋਂ ਤੈਅ ਸੀ; ਜਿੱਥੇ ਉਨ੍ਹਾਂ ਦੀ ਪਤਨੀ ਤੇ ਤਿੰਨ ਧੀਆਂ ਉਨ੍ਹਾਂ ਦੀ ਉਡੀਕ ਕਰ ਰਹੀਆਂ ਸਨ। ਆਉਂਦੀ 2 ਨਵੰਬਰ ਨੂੰ ਉਨ੍ਹਾਂ ਦਾ ਅਮਰੀਕਾ ਪਰਤ ਆਉਣ ਦਾ ਪ੍ਰੋਗਰਾਮ ਵੀ ਤੈਅ ਸੀ। ਸ੍ਰੀ ਸਰਕਾਰ ਕੋਲਕਾਤਾ ਦੇ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਦੇ ਗ੍ਰੈਜੂਏਟ ਸਨ। ਉਨ੍ਹਾਂ 'ਪੈਸੇਜ ਟੂ ਇੰਡੀਆ' ਅਤੇ 'ਰੰਗੋਲੀ' ਲਈ ਵੀ ਕੰਮ ਕੀਤਾ ਸੀ ਤੇ ਫ਼ਲੋਰਿਡਾ ਦੇ ਓਰਲੈਂਡੋ ਸ਼ਹਿਰ 'ਚ ਰਾਗਾ ਰੈਸਟੋਰੈਂਟ 'ਚ ਵੀ ਕੰਮ ਕਰਦੇ ਰਹੇ ਸਨ। ਇਸ ਤੋਂ ਇਲਾਵਾ ਉਹ ਫ਼ਿਲਾਡੇਲਫ਼ੀਆ, ਪੈਨਸਿਲਵਾਨੀਆ, ਦੁਬਈ, ਸੰਯੁਕਤ ਅਰਬ ਅਮੀਰਾਤ ਤੇ ਨਵੀਂ ਦਿੱਲੀ ਦੇ ਵੀ ਉੱਘੇ ਹੋਟਲਾਂ 'ਚ ਵੀ ਕੰਮ ਕਰ ਚੁੱਕੇ ਸਨ। ਸ੍ਰੀਮਤੀ ਸੁਸ਼ਮਾ ਤਨੇਜਾ ਨੇ ਦੱਸਿਆ ਕਿ ਸ੍ਰੀ ਸਰਕਾਰ ਦਾ ਕੋਈ ਵੀ ਦੁਸ਼ਮਣ ਨਹੀਂ ਸੀ। ਪੁਲਿਸ ਨੂੰ ਹਾਲੇ ਇਸ ਕਤਲ ਕੇਸ ਦਾ ਕੋਈ ਸੁਰਾਗ ਨਹੀਂ ਮਿਲਿਆ।

# ਕੈਨੇਡਾ: 16 ਖਿਡਾਰੀਆਂ ਦੀ ਮੌਤ ਦਾ ਕਾਰਨ ਬਣੇ ਟਰੱਕ ਦੇ ਪੰਜਾਬੀ ਮਾਲਕ 'ਤੇ ਵੀ ਗੰਭੀਰ ਇਲਜ਼ਾਮ



ਐਡਮਿੰਟਨ- ਹੰਬੋਲਟ ਬ੍ਰੌਨਕੋਸ ਬੱਸ ਕ੍ਰੈਸ਼ ਦੇ ਮਾਮਲੇ ਵਿੱਚ ਐਲਬਰਟਾ ਦੇ ਇੱਕ ਟਰੱਕਿੰਗ ਕੰਪਨੀ ਦੇ ਮਾਲਿਕ ਉਤੇ ਵੀ ਇਲਜ਼ਾਮ ਲੱਗੇ ਹਨ। ਇਹ ਉਹੀ ਕੰਪਨੀ ਹੈ, ਜਿਸ ਦੇ ਟਰੱਕ ਨਾਲ ਹਾਕੀ ਖਿਡਾਰੀਆਂ ਦੀ ਬੱਸ ਦੀ ਟੱਕਰ ਹੋ ਗਈ ਸੀ ਤੇ 16 ਜਣਿਆਂ ਦੀ ਮੌਤ ਹੋ ਗਈ ਸੀ। ਇਸ ਮਾਮਲੇ ਵਿੱਚ ਪੰਜਾਬੀ ਮੂਲ ਦੇ ਸੈਮੀ (ਟਰੱਕ) ਚਾਲਕ ਜਸਕੀਰਤ ਸਿੱਧੂ ਨੂੰ ਪੁਲਿਸ ਨੇ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਹੋਇਆ ਹੈ। ਐਲਬਰਟਾ ਦੇ ਟ੍ਰਾਂਸਪੋਰਟੇਸ਼ਨ ਮੰਤਰੀ ਬ੍ਰਾਇਨ ਮੇਸਨ ਨੇ ਆਖਿਆ ਕਿ ਆਦੇਸ਼ ਦਿਓਲ ਟਰੱਕਿੰਗ ਲਿਮਿਟਿਡ ਦੇ ਸੁਖਿੰਦਰ ਸਿੰਘ ਤੇ 6 ਮਹੀਨਿਆਂ ਲਈ ਫੈਡਰਲ ਅਤੇ ਸੂਬਾਈ ਸੁਰੱਖਿਆ ਨਿਯਮਾਂ ਦੀ ਪਾਲਣਾ ਨਾ ਕਰਨ ਦੇ ਇਲਜ਼ਾਮ ਲੱਗੇ ਹਨ। ਮੇਸਨ ਨੇ ਬੁੱਧਵਾਰ ਨੂੰ ਆਖਿਆ ਕਿ ਐਲਬਰਟਾ ਟਰਾਂਸਪੋਰਟੇਸ਼ਨ ਵੱਲੋਂ ਜਾਂਚ ਕੀਤੀ ਗਈ ਸੀ, ਜਿਸ ਤੋਂ ਬਾਅਦ ਇਹ ਇਲਜ਼ਾਮ ਸਾਹਮਣੇ ਆਏ ਹਨ। ਹਾਲਾਂਕਿ, ਇਨ੍ਹਾਂ ਇਲਜ਼ਾਮਾਂ ਬਾਰੇ ਮੰਤਰੀ ਨੇ ਸਪੱਸ਼ਟ ਤੌਰ 'ਤੇ ਨਹੀਂ ਦੱਸਿਆ।

ਮੰਤਰੀ ਨੇ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ, ਛੇ ਮਹੀਨਿਆਂ ਦੀ ਮਿਆਦ ਵਿੱਚ ਟਰਾਂਸਪੋਰਟੇਸ਼ਨ ਨਿਯਮਕ ਲੋੜਾਂ ਦੀ ਕਈ ਵਾਰ 'ਤੇ ਪਾਲਣਾ ਨਹੀਂ ਕੀਤੀ ਗਈ। ਐਲਬਰਟਾ ਟਰਾਂਸਪੋਰਟੇਸ਼ਨ ਅਧਿਕਾਰੀਆਂ ਦਾ ਕਹਿਣਾ ਹੈ ਕਿ, ਕੰਪਨੀ ਦੇ ਮਾਲਕ 'ਤੇ ਕੁਲ 8 ਇਲਜ਼ਾਮ ਲੱਗੇ ਹਨ। ਅਪ੍ਰੈਲ ਵਿੱਚ ਬ੍ਰੌਨਕੋਸ ਜੂਨੀਅਰ ਹਾਕੀ ਟੀਮ ਬੀਤੀ ਛੇ ਅਪ੍ਰੈਲ ਨੂੰ ਇੱਕ ਪਲੇਅਆਫ ਗੇਮ ਖੇਡਣ ਲਈ ਨਿਪਾਵਿਨ ਵੱਲ ਜਾ ਰਹੀ ਸੀ। ਪਰ ਰਸਤੇ ਵਿੱਚ ਪੂਰਬੀ ਸਸਕੈਚਵਿਨ ਕੋਲ ਦੋਫਾੜ ਹੁੰਦੀ ਸੜਕ (ਟੀ-ਪੁਆਇੰਟ) 'ਤੇ ਬੱਸ ਤੇ ਸੈਮੀ ਦੀ ਟੱਕਰ ਹੋ ਗਈ ਸੀ। ਇਸ ਟੱਕਰ ਵਿਚ 16 ਲੋਕਾਂ ਦੀ ਜਾਨ ਚਲੀ ਗਈ ਸੀ, ਜਿਸ ਵਿੱਚ ਹਾਕੀ ਲੀਗ ਟੀਮ ਦੇ ਖਿਡਾਰੀ ਅਤੇ ਸਟਾਫ ਮੈਂਬਰ ਵੀ ਸ਼ਾਮਲ ਸਨ। ਘਟਨਾ ਵਿੱਚ 13 ਲੋਕ ਜ਼ਖ਼ਮੀ ਵੀ ਹੋਏ ਸਨ। ਹੰਬੋਲਟ ਬ੍ਰੌਨਕੋਸ ਬੱਸ ਦੁਰਘਟਨਾ ਦੇ ਮਾਮਲੇ ਵਿੱਚ ਸੈਮੀ-ਚਾਲਕ ਜਸਕੀਰਤ ਸਿੱਧੂ ਵੀ ਡਰਾਈਵਿੰਗ ਸੰਬੰਧੀ 29 ਇਲਜ਼ਾਮਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਹੁਣ ਇਸ ਮਾਮਲੇ ਵਿੱਚ ਟਰੱਕ ਕੰਪਨੀ ਦੇ ਮਾਲਕ ਸੁਖਮੰਦਰ ਸਿੰਘ ਵੀ ਮੁਲਜ਼ਮ ਬਣ ਗਿਆ ਹੈ।

# ਮਾਲਦੀਵ 'ਚ ਲੋਕਤਾਂਤਰਿਕ ਪ੍ਰਕਿਰਿਆ ਨੂੰ ਕਮਜ਼ੋਰ ਕਰਨ ਦੇ ਯਤਨ ਨੂੰ ਲੈ ਅਮਰੀਕਾ ਦੀ ਚਿਤਾਵਨੀ



ਵਾਸ਼ਿੰਗਟਨ — ਅਮਰੀਕਾ ਨੇ ਮਾਲਦੀਵ 'ਚ ਲੋਕਤਾਂਤਰਿਕ ਪ੍ਰਕਿਰਿਆ ਨੂੰ ਕਮਜ਼ੋਰ ਕਰਨ ਦੇ ਕਿਸੇ ਵੀ ਯਤਨ ਖਿਲਾਫ ਚਿਤਾਵਨੀ ਦਿੰਦੇ ਹੋਏ ਆਖਿਆ ਕਿ ਉਹ ਅਜਿਹੇ ਕਿਸੇ ਵੀ ਕਦਮ ਖਿਲਾਫ ਉਚਿਤ ਕਦਮ ਚੁੱਕੇਗਾ।

ਮਾਲਦੀਵ ਦੇ ਦੌਰੇ 'ਤੇ ਗਏ ਅਮਰੀਕਾ ਦੇ ਇਕ ਸੀਨੀਅਰ ਡਿਪਲੋਮੈਟ ਨੇ ਬੁੱਧਵਾਰ ਨੂੰ ਸਥਾਨਕ ਨੇਤਾਵਾਂ ਅਤੇ ਅਧਿਕਾਰੀਆਂ ਨਾਲ ਮੁਲਾਕਾਤ ਦੌਰਾਨ ਇਹ ਚਿਤਾਵਨੀ ਦਿੱਤੀ ਗਈ। ਮਾਲਦੀਵ ਦੇ ਨਿਵਰਤਮਾਨ (ਆਊਟਗੋਇੰਗ) ਰਾਸ਼ਟਰਪਤੀ ਅਬਦੁਲਾ ਯਮੀਨ ਵੱਲੋਂ ਸੁਪਰੀਮ ਕੋਰਟ 'ਚ ਚੋਣਾਂ ਦੇ ਨਤੀਜਿਆਂ ਨੂੰ ਚੁਣੌਤੀ ਦੇਣ ਤੋਂ ਬਾਅਦ ਅਮਰੀਕੀ ਵਿਦੇਸ਼ ਮੰਤਰਾਲੇ ਦੇ ਇਕ ਬੁਲਾਰੇ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਅਮਰੀਕਾ ਅਤੇ ਉਸ ਦੇ ਸਹਿਯੋਗੀ ਲੋਕਤਾਂਤਰਿਕ ਪ੍ਰਕਿਰਿਆ ਨੂੰ ਕਮਜ਼ੋਰ ਕਰਨ ਦੇ ਕਿਸੇ ਯਤਨ ਨੂੰ ਡੂੰਘੀ ਚਿੰਤਾ ਨਾਲ ਦੇਖਦੇ ਹਨ। ਇਹ ਅਹਿਮ ਹੈ ਕਿ ਮਾਲਦੀਵ ਦੇ ਲੋਕਾਂ ਦੀ ਇੱਛਾ ਦਾ ਸਨਮਾਨ ਕੀਤਾ ਜਾਵੇ ਅਤੇ ਉਸ ਨੂੰ ਕਾਇਮ ਰਖਿਆ ਜਾਵੇ। ਬੁਲਾਰੇ ਨੇ ਆਖਿਆ ਕਿ ਅਸੀਂ ਚੋਣਾਂ ਤੋਂ ਪਹਿਲਾਂ ਕਿਹਾ ਸੀ ਕਿ ਅਮਰੀਕਾ ਲੋਕਤਾਂਤਰਿਕ ਪ੍ਰਕਿਰਿਆ, ਕਾਨੂੰਨ ਜਾਂ ਸੁਤੰਤਰ ਅਤੇ ਨਿਰਪੱਖ ਚੋਣਾਂ ਨੂੰ ਬੰਦ ਕਰਨ ਵਾਲੇ ਕਿਸੇ ਵੀ ਵਿਅਕਤੀ ਖਿਲਾਫ ਉਚਿਤ ਕਾਰਵਾਈ ਕਰਾਂਗੇ। ਦੱਖਣੀ ਅਤੇ ਮੱਧ ਏਸ਼ੀਆ ਲਈ ਪ੍ਰਧਾਨ ਉਪ ਸਹਾਇਤ ਵਿਦੇਸ਼ ਮੰਤਰੀ ਐਲਿਸ ਵੇਲਸ ਮੰਗਲਵਾਰ ਅਤੇ ਬੁੱਧਵਾਰ ਨੂੰ ਮਾਲਦੀਵ 'ਚ ਸੀ ਜਿਥੇ ਉਹ ਮਾਲਦੀਵ ਦੇ ਮੌਜੂਦਾ ਸਰਕਾਰੀ ਅਧਿਕਾਰੀਆਂ, ਨਵੇਂ ਚੁਣੇ ਰਾਸ਼ਟਰਪਤੀ ਅਤੇ ਦੂਜੇ ਨੇਤਾਵਾਂ ਨੂੰ ਮਿਲੀ।

# ਸੁੱਤਾ ਪੰਜਾਬ, '84 ਮਗਰੋਂ ਫਿਰ ਤੋਂ ਜਾਗ ਰਿਹਾ ਹੈ!



–ਅਕਾਲੀ ਦਲ ਦੀ ਹਾਈਕਮਾਨ ਸਮਝਦੀ ਸੀ ਕਿ ਇਕ ਅੱਧ ਕਮਿਸ਼ਨ ਬਣਾ ਕੇ ਇਸ ਕਾਂਡ 'ਚੋਂ ਵੀ ਬਰੀ ਹੋ ਜਾਵੇਗੀ ਕਿਉਂਕਿ ਜੇ ਪੰਜਾਬ '84 ਨੂੰ ਭੁਲਾ ਸਕਦਾ ਹੈ ਤਾਂ ਇਕ ਪਿੰਡ ਵਿਚ ਦੋ ਸਿੰਘਾਂ ਦਾ ਕਤਲ, ਛੋਟੀ ਜਿਹੀ ਗੱਲ ਹੀ ਤਾਂ ਹੈ। ਨਿਹੱਥੇ ਮਾਸੂਮਾਂ ਦਾ ਕਤਲ ਛੋਟੀ ਗੱਲ ਨਹੀਂ ਹੋਣੀ ਚਾਹੀਦੀ, ਖ਼ਾਸ ਕਰ ਕੇ ਅਪਣੇ ਆਪ ਨੂੰ ਪੰਥਕ ਅਖਵਾਉਣ ਵਾਲੀ ਪਾਰਟੀ ਲਈ।ਸ਼ਾਇਦ ਲੋਕ ਉਨ੍ਹਾਂ ਮਾਸੂਮਾਂ ਨੂੰ ਵੀ ਭੁਲ ਜਾਂਦੇ ਪਰ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਨੂੰ ਕੋਈ ਨਹੀਂ ਭੁੱਲਣ ਵਾਲਾ। ਜਦੋਂ ਦਾ ਇਹ ਸਾਫ਼ ਹੋਇਆ ਹੈ ਕਿ ਇਸ ਕਾਂਡ ਪਿੱਛੇ ਸਿਰਸਾ ਡੇਰਾ ਦੇ ਪ੍ਰੇਮੀਆਂ ਅਤੇ ਅਕਾਲੀ ਦਲ ਹਾਈਕਮਾਨ ਦੀ ਰਲਵੀਂ ਮਿਲਵੀਂ ਸਾਜ਼ਸ਼ ਹੈ ਤਾਂ ਆਮ ਜਨਤਾ ਹੀ ਨਹੀਂ ਬਲਕਿ ਅਕਾਲੀ ਦਲ ਦੇ ਅਪਣੇ ਆਗੂ ਵੀ ਬੇਚੈਨ ਹੋਣ ਲੱਗ ਪਏ। ਗ਼ੈਰਾਂ ਤੋਂ ਹਾਰ ਜਾਣ ਅਤੇ ਅਪਣਿਆਂ ਦੇ ਲੁਕਵੇਂ ਵਾਰ ਸਹਿ ਲੈਣ ਵਿਚ ਬਹੁਤ ਫ਼ਰਕ ਹੁੰਦਾ ਹੈ।84 ਦੇ ਦਰਬਾਰ ਸਾਹਿਬ ਉਤੇ ਹੋਏ ਫ਼ੌਜੀ ਹਮਲੇ, ਸਾਕਾ ਨੀਲਾ ਤਾਰਾ, ਬਲੈਕ ਥੰਡਰ, ਦਿੱਲੀ ਦੇ ਕਤਲੇਆਮ ਤੋਂ ਬਾਅਦ ਪੰਜਾਬ ਦੇ ਸਿੱਖਾਂ ਦੀ ਚੁੱਪੀ ਨੇ ਇਹ ਪ੍ਰਭਾਵ ਬਣਾ ਦਿਤਾ ਸੀ ਕਿ ਇਹ ਕੌਮ ਸ਼ਾਇਦ ਹਮੇਸ਼ਾ ਵਾਸਤੇ ਹੀ ਸੌਂ ਗਈ ਹੈ ਤੇ ਹੁਣ ਦੁਬਾਰਾ ਨਹੀਂ ਉਠ ਸਕੇਗੀ। ਸਿਆਸਤਦਾਨ ਹਰ ਮੰਚ ਤੇ '84 ਦੇ ਜ਼ਖ਼ਮਾਂ ਨੂੰ ਵੋਟਾਂ ਲੈਣ ਲਈ, ਕੁਰੇਦ ਤਾਂ ਲੈਂਦੇ ਸਨ ਪਰ ਉਸ ਬਾਰੇ ਕਾਰਵਾਈ ਕੋਈ ਨਹੀਂ ਸੀ ਕਰਦਾ ਤੇ ਲੋਕਾਂ ਨੂੰ ਵੀ ਲੱਗਣ ਲੱਗ ਪਿਆ ਸੀ ਕਿ '84 ਮਗਰੋਂ ਉਨ੍ਹਾਂ ਦੀ ਹੋਣੀ ਹੀ ਇਸ ਤਰ੍ਹਾਂ ਦੀ ਬਣ ਗਈ ਹੈ ਸ਼ਾਇਦ। ਅਨੇਕਾਂ ਐਸ.ਆਈ.ਟੀ. ਬਣਾਈਆਂ ਗਈਆਂ ਪਰ ਇਕ ਵੀ ਗੁਨਾਹਗਾਰ ਨਾ ਫੜਿਆ ਗਿਆ।ਸਿਆਸਤਦਾਨਾਂ ਨੇ ਸਮਝ ਲਿਆ ਕਿ ਜੇ ਸਿੱਖ ਕੌਮ ਐਸ.ਆਈ.ਟੀ. ਬਣਾਉਣ ਨਾਲ ਹੀ ਸੰਤੁਸ਼ਟ ਹੋ ਜਾਂਦੀ ਹੈ ਤਾਂ ਬਣਾਈ ਜਾਉ ਇਨ੍ਹਾਂ ਨੂੰ ਮੂਰਖ। ਇਹ ਐਸ.ਆਈ.ਟੀ. ਦੀ ਗੀਤ ਅਕਾਲੀ ਦਲ, ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਆਮ ਆਦਮੀ ਪਾਰਟੀ (ਆਪ) ਨੇ ਖੁਲ੍ਹ ਕੇ ਇਸਤੇਮਾਲ ਕੀਤੀ। 34 ਸਾਲਾਂ ਵਿਚ ਪੰਜਾਬ ਦੀ ਸਿਆਸਤ ਅਤੇ ਪੰਜਾਬ ਦੀ ਜਨਤਾ ਵਿਚ ਆਈਆਂ ਤਬਦੀਲੀਆਂ ਉਸ ਕਹਿਰ ਦੀ ਉਪਜ ਹੀ ਸਨ। ਸਿਆਸਤਦਾਨ ਸਮਝਦੇ ਸਨ ਕਿ ਉਹ ਜੋ ਕੁੱਝ ਵੀ ਕਰਨਗੇ, ਜਨਤਾ ਬਰਦਾਸ਼ਤ ਕਰ ਲਵੇਗੀ। ਪੰਜਾਬ ਦੀ ਜਨਤਾ ਦੇ ਦਿਲਾਂ ਵਿਚ ਡਰ ਬੈਠ ਗਿਆ ਸੀ ਅਤੇ ਉਹ ਚੁੱਪ ਰਹਿਣ ਦੀ ਆਦੀ ਹੋ ਗਈ ਸੀ।ਜਿੰਨਾ ਕਹਿਰ ਪੁਲਿਸ ਅਤੇ ਫ਼ੌਜ ਦੇ ਹੱਥੋਂ ਪੰਜਾਬ ਨੇ ਝਲਿਆ ਸੀ, ਜ਼ਾਹਰ ਹੈ ਕਿ ਉਨ੍ਹਾਂ ਦਾ ਵਿਸ਼ਵਾਸ ਟੁਟਣਾ ਹੀ ਸੀ। ਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਫਿਰ ਨਿਹੱਥੇ ਸਿੱਖਾਂ ਉਤੇ ਗੋਲੀਆਂ ਦੀ ਵਾਛੜ ਦੀ ਕਰਤੂਤ ਨੇ ਮੁੜ ਤੋਂ ਪੰਜਾਬ ਨੂੰ ਹਿਲਾ ਕੇ ਰੱਖ ਦਿਤਾ ਜਾਂ ਕਹਿ ਲਉ ਕਿ ਸਿੱਖਾਂ ਨੂੰ ਸਾਵਧਾਨ ਹੋ ਜਾਣ ਤੇ ਜਾਗਣ ਲਈ ਤਿਆਰ ਕਰ ਦਿਤਾ। ਅਕਾਲੀ ਦਲ ਦੀ ਹਾਈਕਮਾਨ ਸਮਝਦੀ ਸੀ ਕਿ ਇਕ ਅੱਧ ਕਮਿਸ਼ਨ ਬਣਾ ਕੇ ਇਸ ਕਾਂਡ 'ਚੋਂ ਵੀ ਬਰੀ ਹੋ ਜਾਵੇਗੀ ਕਿਉਂਕਿ ਜੇ ਪੰਜਾਬ '84 ਨੂੰ ਭੁਲਾ ਸਕਦਾ ਹੈ ਤਾਂ ਇਕ ਪਿੰਡ ਵਿਚ ਦੋ ਸਿੰਘਾਂ ਦਾ ਕਤਲ, ਛੋਟੀ ਜਿਹੀ ਗੱਲ ਹੀ ਤਾਂ ਹੈ।ਨਿਹੱਥੇ ਮਾਸੂਮਾਂ ਦਾ ਕਤਲ ਛੋਟੀ ਗੱਲ ਨਹੀਂ ਹੋਣੀ ਚਾਹੀਦੀ, ਖ਼ਾਸ ਕਰ ਕੇ ਅਪਣੇ ਆਪ ਨੂੰ ਪੰਥਕ ਅਖਵਾਉਣ ਵਾਲੀ ਪਾਰਟੀ ਲਈ। ਸ਼ਾਇਦ ਲੋਕ ਉਨ੍ਹਾਂ ਮਾਸੂਮਾਂ ਨੂੰ ਵੀ ਭੁਲ ਜਾਂਦੇ ਪਰ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਦੀ ਬੇਅਦਬੀ ਨੂੰ ਕੋਈ ਨਹੀਂ ਭੁੱਲਣ ਵਾਲਾ। ਜਦੋਂ ਦਾ ਇਹ ਸਾਫ਼ ਹੋਇਆ ਹੈ ਕਿ ਇਸ ਕਾਂਡ ਪਿੱਛੇ ਸਿਰਸਾ ਡੇਰਾ ਦੇ ਪ੍ਰੇਮੀਆਂ ਅਤੇ ਅਕਾਲੀ ਦਲ ਹਾਈਕਮਾਨ ਦੀ ਰਲਵੀਂ ਮਿਲਵੀਂ ਸਾਜ਼ਸ਼ ਹੈ ਤਾਂ ਆਮ ਜਨਤਾ ਹੀ ਨਹੀਂ ਬਲਕਿ ਅਕਾਲੀ ਦਲ ਦੇ ਅਪਣੇ ਆਗੂ ਵੀ ਬੇਚੈਨ ਹੋਣ ਲੱਗ ਪਏ। ਗ਼ੈਰਾਂ ਤੋਂ ਹਾਰ ਜਾਣ ਅਤੇ ਅਪਣਿਆਂ ਦੇ ਲੁਕਵੇਂ ਵਾਰ ਸਹਿ ਲੈਣ ਵਿਚ ਬਹੁਤ ਫ਼ਰਕ ਹੁੰਦਾ ਹੈ। ਇਨ੍ਹਾਂ ਤਬਦੀਲੀਆਂ ਨਾਲ ਪੰਜਾਬ ਵਿਚ ਜੋ ਰੋਸ ਫੈਲ ਰਿਹਾ ਹੈ, ਉਹ ਕਿਸੇ ਐਸ.ਆਈ.ਟੀ. ਹੇਠ ਦੱਬਣ ਵਾਲਾ ਨਹੀਂ। ਕਾਂਗਰਸ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿਤੀ ਹੈ। ਉਸ ਨੂੰ ਇਕ ਮੌਕਾ ਮਿਲ ਗਿਆ ਕਿ ਸਿੱਖਾਂ ਵਿਚ '84 ਤੋਂ ਬਾਅਦ ਬਣੇ ਕਾਂਗਰਸ ਦੇ ਮਾੜੇ ਅਕਸ ਨੂੰ ਠੀਕ ਕਰ ਲਵੇ। ਵਿਧਾਨ ਸਭਾ ਦੇ ਸੈਸ਼ਨ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰੀਪੋਰਟ ਤੇ ਬਹਿਸ ਤੋਂ ਜਾਪ ਰਿਹਾ ਸੀ ਜਿਵੇਂ ਇਕ ਕਾਂਗਰਸ ਰਾਜ ਵਿਚ ਅਸੈਂਬਲੀ ਦਾ ਸੈਸ਼ਨ ਨਹੀਂ ਚਲ ਰਿਹਾ ਬਲਕਿ ਸਿੱਖਾਂ ਦੀ ਪੰਥਕ ਅਸੈਂਬਲੀ ਚਲ ਰਹੀ ਹੈ।ਪਰ ਉਸ ਦਿਨ ਤੋਂ ਬਾਅਦ ਕਾਂਗਰਸ ਅਪਣੇ ਹੀ ਸ਼ਬਦਾਂ ਤੇ ਖੜੀ ਨਹੀਂ ਰਹਿ ਸਕੀ। ਉਨ੍ਹਾਂ ਨੇ ਅਪਣੇ ਹੀ ਥਾਪੇ ਕਮਿਸ਼ਨ ਦੀ ਰੀਪੋਰਟ ਤੇ ਕੋਈ ਕਾਰਵਾਈ ਨਾ ਕਰ ਕੇ ਤੇ ਸਗੋਂ ਇਕ ਹੋਰ ਐਸ.ਆਈ.ਟੀ. ਬਣਾ ਕੇ ਮਾਮਲਾ ਸੁਕਣੇ ਹੀ ਪਾ ਦਿਤਾ। ਹੁਣ ਉਸ ਰੀਪੋਰਟ ਵਿਚ ਜਿਹੜੇ ਚਾਰ ਪੁਲਿਸ ਅਫ਼ਸਰ ਦਾਗ਼ੀ ਦੱਸੇ ਗਏ ਸਨ, ਉਹ ਅਪਣੇ ਵਾਸਤੇ ਅਦਾਲਤ ਤੋਂ 'ਸਟੇਅ' ਲੈ ਆਏ ਹਨ ਕਿਉਂਕਿ ਉਨ੍ਹਾਂ ਦੇ ਕਹਿਣ ਅਨੁਸਾਰ, ਕਮਿਸ਼ਨ ਕਾਇਮ ਕਰਨ ਤੋਂ ਪਹਿਲਾਂ ਕੁੱਝ ਜ਼ਰੂਰੀ ਕਾਨੂੰਨੀ ਨੁਕਤਿਆਂ ਵਲ ਧਿਆਨ ਹੀ ਨਹੀਂ ਸੀ ਦਿਤਾ ਗਿਆ ਜਿਸ ਕਾਰਨ, ਉਹ ਹਾਈ ਕੋਰਟ ਨੂੰ ਕਹਿ ਰਹੇ ਹਨ ਕਿ ਕਮਿਸ਼ਨ ਦੀ ਕਾਇਮੀ ਹੀ ਕਾਨੂੰਨੀ ਸ਼ਰਤਾਂ ਪੂਰੀਆਂ ਕੀਤੇ ਬਿਨਾ ਕੀਤੀ ਗਈ ਸੀ, ਇਸ ਲਈ ਨਾਜਾਇਜ਼ ਸੀ। ਰੀਪੋਰਟ ਦੇ ਇਕ ਸਪਲੀਮੈਂਟਰੀ ਹਿੱਸੇ ਵਿਚ ਡੀ.ਜੀ.ਪੀ. ਸੈਣੀ ਵਲੋਂ ਪ੍ਰਕਾਸ਼ ਸਿੰਘ ਬਾਦਲ ਉਤੇ ਲੱਗੇ ਇਲਜ਼ਾਮ ਬਾਰੇ ਜਾਂਚ ਦੀ ਮੰਗ ਉਠੀ ਸੀ ਅਤੇ ਹਰ ਕਿਸੇ ਵਲੋਂ ਵਾਰ ਵਾਰ ਕਿਹਾ ਗਿਆ ਸੀ ਕਿ ਡੀ.ਜੀ.ਪੀ. ਜਾਂ ਬਾਦਲ ਵਿਰੁਧ ਤੁਰਤ ਕਦਮ ਚੁੱਕੇ ਜਾਣ। ਹੁਣ ਡੀ.ਜੀ.ਪੀ. ਵੀ ਅਦਾਲਤ ਵਲੋਂ 'ਸਟੇਅ' ਲੈ ਆਏ ਹਨ। ਪੰਜਾਬ ਸਰਕਾਰ ਦੇ ਕਾਨੂੰਨ ਵਿਭਾਗ ਦੀ ਨਾਅਹਿਲੀਅਤ ਜੱਗ ਜ਼ਾਹਰ ਹੋ ਗਈ ਹੈ।ਪੰਜਾਬ ਸਰਕਾਰ ਦੇ ਕਾਨੂੰਨਦਾਨਾਂ ਦੀ ਨਾਅਹਿਲੀਅਤ ਨੂੰ ਹੁਣ ਅਕਾਲੀ ਦਲ ਅਤੇ ਕਾਂਗਰਸ ਵਿਚਕਾਰ ਗੁਪਤ ਸਮਝੌਤੇ ਵਜੋਂ ਲਿਆ ਜਾਣ ਲੱਗ ਪਿਆ ਹੈ ਜਿਸ ਨਾਲ ਲੋਕਾਂ ਦਾ ਭਰੋਸਾ ਕਾਂਗਰਸ ਵਿਚ ਹਰ ਦਿਨ ਕਮਜ਼ੋਰ ਹੁੰਦਾ ਜਾ ਰਿਹਾ ਹੈ। ਅਕਾਲੀ ਦਲ, ਕਾਂਗਰਸ ਅਤੇ 'ਆਪ' ਦੀ ਕਮਜ਼ੋਰੀ ਨਾਲ ਹੁਣ ਇਕ ਚੌਥਾ ਧੜਾ ਅੱਗੇ ਆਉਣ ਦੀ ਤਿਆਰੀ 'ਚ ਹੈ।ਸਮੁੱਚੇ ਪੰਜਾਬ 'ਚੋਂ 'ਸਿੱਖ ਆਗੂਆਂ' ਦੀ ਜਥੇਬੰਦੀ ਇਹ ਚੌਥਾ ਧੜਾ ਬਣਾਉਣ ਦੀ ਦੌੜ ਵਿਚ ਜੁਟ ਗਈ ਹੈ। ਵੇਖਣਾ ਇਹ ਹੋਵੇਗਾ ਕਿ ਕਾਂਗਰਸ ਅਪਣੇ ਲਫ਼ਜ਼ਾਂ ਤੇ ਅਮਲ ਕਰ ਵੀ ਸਕੇਗੀ ਜਾਂ ਨਹੀਂ। ਕੀ ਇਹ ਚੌਥਾ ਧੜਾ ਮੌਕਾਪ੍ਰਸਤੀ ਕਰ ਰਿਹਾ ਹੈ? ਅਸਲ ਮੁੱਦਿਆਂ ਬਾਰੇ ਗੱਲ ਕਰਨ ਦੀ ਤਾਕਤ ਵੀ ਰਖਦਾ ਹੈ? ਇਕ ਗੱਲ ਸਾਫ਼ ਹੈ ਕਿ 34 ਸਾਲ ਤੋਂ ਗੂੜ੍ਹੀ ਨੀਂਦਰੇ ਸੁੱਤਾ ਪੰਜਾਬ ਹੁਣ ਜਾਗ ਰਿਹਾ ਹੈ।



## ..ਤੇ ਹੁਣ ਫ਼ਰੀਦਕੋਟ ਤੋਂ ਅਕਾਲੀ ਦਲ ਬਾਦਲ ਦੇ ਪ੍ਰਚਾਰ ਸਕੱਤਰ ਵਲੋਂ ਅਸਤੀਫ਼ਾ

ਕੋਟਕਪੂਰਾ : ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀਕਾਂਡ 'ਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰੀਪੋਰਟ 'ਚ ਬਾਦਲਾਂ ਦਾ ਨਾਮ ਆਉਣ 'ਤੇ ਅਕਾਲੀ ਦਲ ਬਾਦਲ ਦੀ ਹੋ ਰਹੀ ਕਿਰਕਰੀ ਕਾਰਨ ਫੈਲੇ ਰੋਸ ਵਜੋਂ ਦਿਤੇ ਜਾ ਰਹੇ ਅਕਾਲੀ ਆਗੂਆਂ ਦੇ ਅਸਤੀਫ਼ੇ ਰੁਕਣ ਦਾ ਨਾਂ ਨਹੀਂ ਲੈ ਰਹੇ। ਇਸੇ ਕੜੀ ਦੇ ਚਲਦਿਆਂ ਵੱਡੀ ਖ਼ਬਰ ਆਈ ਹੈ ਕਿ ਜ਼ਿਲ੍ਹਾ ਫ਼ਰੀਦਕੋਟ ਤੋਂ ਅਕਾਲੀ ਦਲ ਬਾਦਲ ਦੇ ਪ੍ਰਚਾਰ ਦੀ ਕਮਾਂਡ ਸੰਭਾਲ ਰਹੇ ਜ਼ਿਲ੍ਹਾ ਪ੍ਰਚਾਰ ਸਕੱਤਰ ਪਰਮਜੀਤ ਸਿੰਘ ਮੱਕੜ ਨੇ ਅਪਣੇ ਅਹੁਦੇ ਤੋਂ ਅਸਤੀਫ਼ਾ ਦਿੰਦਿਆਂ ਅਕਾਲੀ ਦਲ ਬਾਦਲ ਨੂੰ ਵੀ ਅਲਵਿਦਾ ਆਖ ਦਿਤਾ ਹੈ।ਇਥੇ ਜਾਰੀ ਪ੍ਰੈਸ ਨੋਟ 'ਚ ਸ. ਮੱਕੜ ਨੇ ਦਸਿਆ ਕਿ 14 ਅਕਤੂਬਰ 2015 ਨੂੰ ਬੱਤੀਆਂ ਵਾਲੇ ਚੌਂਕ ਕੋਟਕਪੂਰਾ ਅਤੇ ਬਹਿਬਲ ਕਲਾਂ 'ਚ ਬੇਅਦਬੀ ਦਾ ਇਨਸਾਫ਼ ਲੈਣ ਲਈ ਰੋਸ ਵਜੋਂ ਬੈਠੀ ਸਿੱਖ ਸੰਗਤ ਉਪਰ ਗੋਲੀਆਂ ਚਲਾਉਣ ਅਤੇ 2 ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਦਾ ਪਾਪ ਜੋ ਉਸ ਸਮੇਂ ਦੇ ਗ੍ਰਹਿ ਮੰਤਰੀ ਅਤੇ ਮੁੱਖ ਮੰਤਰੀ ਦੇ ਸਿਰ ਹੀ ਜਾਂਦਾ ਹੈ।

## ਦਿੱਲੀ ਗੁਰਦਵਾਰਾ ਕਮੇਟੀ ਦੇ ਮੁਲਾਜ਼ਮ ਦੀ ਸਿਗਰਟ ਪੀਂਦੇ ਦੀ ਫ਼ੋਟੋ ਸੋਸ਼ਲ ਮੀਡੀਆ 'ਤੇ ਨਸ਼ਰ

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਇਕ ਮੁਲਾਜ਼ਮ ਦੀ ਸਿਗਰਟ ਪੀਂਦੇ ਹੋਈ ਦੀ ਫ਼ੋਟੋ ਸੋਸ਼ਲ ਮੀਡੀਆ 'ਤੇ ਨਸ਼ਰ ਹੋਣ ਪਿਛੋਂ ਕਮੇਟੀ ਵਲੋਂ ਮੁਲਾਜ਼ਮ ਨੂੰ ਮੁਅੱਤਲ ਕਰ ਦਿਤਾ ਗਿਆ ਹੈ, ਪਰ ਦਿੱਲੀ ਵਿਚ ਗੁਰਦਵਾਰਾ ਕਮੇਟੀ ਦੇ ਅਕਸ ਨੂੰ ਭਾਰੀ ਸੱਟ ਵੱਜੀ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਸਕੱਤਰ ਜਨਰਲ ਸ.ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ ਸਿਗਰਟ ਪੀਂਦੇ ਮੁਲਾਜ਼ਮ ਦੀ ਤਸਵੀਰ ਲੋਕਾਂ ਸਾਹਮਣੇ ਆਉਣ ਨਾਲ ਹੁਣ ਬਾਦਲ ਦਲ ਦੀ ਅਸਲ ਮਨਮਰਜ਼ੀਆਂ ਸਾਹਮਣੇ ਆ ਗਈ ਹੈ। ਇਥੇ ਜਾਰੀ ਇਕ ਬਿਆਨ ਵਿਚ ਸ.ਸਰਨਾ ਨੇ ਦਾਅਵਾ ਕਰਦਿਆਂ ਕਿਹਾ ਕਮੇਟੀ ਦੇ ਜਨਰਲ ਸਕੱਤਰ ਸ.ਮਨਜਿੰਦਰ ਸਿੰਘ ਸਿਰਸਾ ਦੀ ਸੇਵਾ 'ਚ ਡਿਊਟੀ ਵਿਚ ਲੱਗੇ ਹੋਏ ਤੇ ਗੁਰੂ ਦੇ ਖ਼ਜ਼ਾਨੇ ਵਿਚੋਂ ਤਨਖ਼ਾਹ ਲੈਣ ਵਾਲਾ ਪਗੜੀਧਾਰੀ ਸਿੱਖ ਗਾਰਡ/ਡਰਾਈਵਰ ਉਸ ਵੇਲੇ ਸਿਗਰਟ ਪੀਂਦਾ ਕੈਮਰੇ 'ਚ ਕੈਦ ਹੋ ਗਿਆ, ਜਦੋਂ ਬਾਦਲ ਦਲ ਦੀ ਦਿੱਲੀ ਦੀ ਸਾਰੀ ਲੀਡਰਸ਼ਿਪ 'ਮਨਮਰਜ਼ੀਆਂ' ਫ਼ਿਲਮ 'ਚ ਸਿੱਖ ਦਾ ਕਿਰਦਾਰ ਨਿਭਾਉਣ ਵਾਲੇ ਕਲਾਕਾਰ ਵਲੋਂ ਫ਼ਿਲਮ ਦੇ ਇਕ ਸੀਨ 'ਚ ਸਿਗਰਟ ਪੀਣ ਦੇ ਦ੍ਰਿਸ਼ ਦਾ ਵਿਰੋਧ ਕਰ ਰਹੇ ਸੀ।ਜਦੋਂ ਕਿ ਉਨ੍ਹਾਂ ਦੇ ਅਪਣੇ ਬੰਦੇ ਹੀ ਉਨ੍ਹਾਂ ਦੀ ਨੱਕ ਹੇਠ ਤਮਾਕੂਨੋਸ਼ੀ ਕਰ ਰਹੇ ਸਨ ਤਾਂ ਬਾਦਲ ਦਲ ਦੇ ਨਸ਼ੇ ਵਿਰੋਧੀ ਹੋਣ ਦੇ ਦਾਅਵਿਆਂ ਦੀ ਪੋਲ ਖੋਲ੍ਹ ਜਾਂਦੀ ਹੈ। ਸ.ਸਰਨਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸ.ਸੁਖਬੀਰ ਸਿੰਘ ਬਾਦਲ ਦੇ ਦਿੱਲੀ 'ਚ ਥਾਪੇ ਬੁਲਾਰੇ ਸਿਰਸਾ ਨੂੰ ਅਪਣੇ ਨਿਜੀ ਡਰਾਈਵਰ/ਗਾਰਡ ਦੀ ਤਮਾਕੂਨੋਸ਼ੀ ਬਾਰੇ ਉਸ ਦੀ ਫ਼ੋਟੋ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਪਹਿਲਾਂ ਕਿਉਂ ਨਹੀਂ ਪਤਾ ਲੱਗਿਆ? ਸੋਸ਼ਲ ਮੀਡਿਆ 'ਤੇ ਮੁਲਾਜ਼ਮ ਦੀ ਫ਼ੋਟੋ ਵਾਇਰਲ ਹੋਣ ਤੋਂ ਬਾਅਦ, ਸੰਗਤਾਂ ਦੇ ਦਬਾਅ ਕਾਰਨ ਇਸ ਨੂੰ ਨੌਕਰੀ ਤੋਂ ਹਟਾਇਆ ਗਿਆ ਹੈ। ਉਨ੍ਹਾਂ ਕਿਹਾ ਇਕ ਪਾਸੇ ਤੇ ਬਾਦਲ ਦਲ ਨੇ ਕੇਂਦਰੀ ਫ਼ਿਲਮ ਸਰਟੀਫ਼ੀਕੇਟ ਬੋਰਡ 'ਤੇ 'ਉੜਤਾ ਪੰਜਾਬ' ਫ਼ਿਲਮ 'ਤੇ ਰੋਕ ਲਾਉਣ ਲਈ ਦਬਾਅ ਪਾਇਆ ਸੀ ਤੇ ਦੂਜੇ ਪਾਸੇ ਉਨ੍ਹਾਂ ਦੇ ਅਪਣੇ ਰਾਜ ਦੌਰਾਨ ਪੰਜਾਬ ਦਾ ਨੌਜਵਾਨ ਨਸ਼ਿਆਂ ਦੇ ਦਰਿਆ 'ਚ ਰੁੜ੍ਹ ਗਿਆ।ਇਹੀ ਲੋਕ ਕਿਸੇ ਫ਼ਿਲਮ 'ਚ ਕਿਰਦਾਰ ਦਾ ਸਿੱਖ ਵਾਲਾ ਨਾਮ ਰੱਖਣ ਦਾ ਵੀ ਵਿਰੋਧ ਕਰਦੇ ਹਨ ਤੇ ਦੂਸਰੇ ਪਾਸੇ ਸਿੱਖ ਧਰਮ ਤੇ ਪ੍ਰੰਪਰਾਵਾਂ ਦੇ ਉਲਟ ਬਣੀ 'ਨਾਨਕ ਸ਼ਾਹ ਫ਼ਕੀਰ' ਵਰਗੀ ਫ਼ਿਲਮ ਨੂੰ ਕਲੀਨ ਚਿੱਟ ਦੇ ਦੇਂਦੇ ਹਨ।



## ਪਹਿਲਾਂ ਗਿਆਨੀ ਗੁਰਬਚਨ ਸਿੰਘ ਅਤੇ ਗੁਰਮੁਖ ਸਿੰਘ ਨੂੰ ਘਰ ਭੇਜੋ, ਫਿਰ ਆਵਾਂਗੇ : ਗਿਆਨੀ ਇਕਬਾਲ ਸਿੰਘ



ਤਰਨਤਾਰਨ : ਪਹਿਲਾ ਪੰਥ, ਫਿਰ ਅਕਾਲੀ ਦਲ, ਫਿਰ ਸ਼੍ਰੋਮਣੀ ਕਮੇਟੀ ਵਲੋਂ ਵਿਸਾਰਣ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਹੁਣ ਸਾਥੀ ਜਥੇਦਾਰਾਂ ਨੇ ਵੀ ਵਿਸਾਰ ਦਿਤਾ ਹੈ। ਸਿਤਮਜ਼ਰੀਫ਼ੀ ਇਹ ਵੀ ਰਹੀ ਕਿ ਸੌਦਾ ਸਾਧ ਨੂੰ ਪਹਿਲਾਂ ਮਾਫ਼ੀ ਦੇਣ ਤੇ ਫਿਰ ਮਾਫ਼ੀ ਵਾਪਸ ਲੈਣ ਵਾਲੇ ਅਖੌਤੀ ਹੁਕਮਨਾਮੇ 'ਤੇ ਦਸਤਖ਼ਤ ਕਰਨ ਵਾਲੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਤਾਂ ਗਿਆਨੀ ਗੁਰਬਚਨ ਸਿੰਘ ਵਿਰੁਧ ਖੁਲ੍ਹੇਆਮ ਬਗ਼ਾਵਤ ਦਾ ਬਿਗਲ ਵਜਾ ਦਿਤਾ।ਜਾਣਕਾਰੀ ਮੁਤਾਬਕ ਗਿਆਨੀ ਇਕਬਾਲ ਸਿੰਘ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਬੋਰਡ ਦੇ ਮੈਂਬਰਾਂ ਦੀ ਚੋਣ ਸਬੰਧੀ ਪਟਨਾ ਸਾਹਿਬ ਗਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਇਥੋਂ ਤਕ ਕਹਿ ਦਿਤਾ ਕਿ ਹੁਣ ਸਾਡੇ ਕੋਲੋਂ ਹੋਰ ਬੇਇੱਜ਼ਤੀ ਨਹੀਂ ਕਰਵਾਈ ਜਾਂਦੀ, ਇਸ ਲਈ ਪਹਿਲਾਂ ਗਿਆਨੀ ਗੁਰਬਚਨ ਸਿੰਘ ਅਤੇ ਗਿਆਨੀ ਗੁਰਮੁਖ ਸਿੰਘ ਨੂੰ ਘਰ ਤੋਰ ਦਿਉ ਫਿਰ ਮੈਂ ਮੀਟਿੰਗ ਵਿਚ ਸ਼ਾਮਲ ਹੋ ਜਾਵਾਂਗਾ। ਜ਼ਿਕਰਯੋਗ ਹੈ ਕਿ ਪਿਛਲੇ ਕਰੀਬ ਦੋ ਮਹੀਨਿਆਂ ਤੋਂ ਅਕਾਲ ਤਖ਼ਤ ਸਾਹਿਬ ਵਿਖੇ 'ਜਥੇਦਾਰਾਂ' ਦੀ ਕੋਈ ਵੀ ਮੀਟਿੰਗ ਨਹੀਂ ਹੋਈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਾਰ-ਵਾਰ ਜਲਦ ਹੀ ਮੀਟਿੰਗ ਬੁਲਾ ਰਹੇ ਹਾਂ ਦੀ ਰਟ ਲਗਾ ਰਹੇ ਹਨ ਅਤੇ ਨਾਲ ਹੀ ਕਹਿ ਰਹੇ ਹਨ ਕਿ ਸਾਥੀ ਜਥੇਦਾਰ ਗੁਰਮਤਿ ਸਮਾਗਮਾਂ ਵਿਚ ਮਸਰੂਫ਼ ਹਨ ਇਸ ਲਈ ਉਹ 'ਜਥੇਦਾਰਾਂ' ਦੀ ਮੀਟਿੰਗ ਨਹੀਂ ਬੁਲਾ ਰਹੇ

## ਆਰ.ਐਸ.ਐਸ. ਦੇ ਕਹਿਣ 'ਤੇ ਕਮੇਟੀ ਨੇ ਗੁਰੂਆਂ ਵਿਰੁੱਧ ਕਿਤਾਬਾਂ ਛਾਪੀਆਂ



ਅੰਮ੍ਰਿਤਸਰ : ਬਰਗਾੜੀ ਮੋਰਚੇ ਦੀ ਅਵਾਜ਼ ਇਸ ਕਦਰ ਦੇਸ਼ ਵਿਦੇਸ਼ ਤੱਕ ਪੁੱਜ ਚੁੱਕੀ ਹੈ ਕਿ ਉਤਰਾਖੰਡ ਵਿੱਚ ਆਉਦੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਗੁਰੂਦੁਆਰਾ ਨਾਨਕਮੱਤਾ ਵਿਖੇ ਸੰਗਤਾਂ ਨੇ ਮੱਸਿਆ ਦੀ ਪਹਿਲੀ ਰਾਤ ਸਮੇਂ ਲੱਗੇ ਦੀਵਾਨ ਵਿਚ ਉਸ ਵੇਲੇ ਬਰਗਾੜੀ ਮੋਰਚੇ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਜਦੋਂ ਪੰਥਕ ਚਿੰਤਕ, ਕਿਸਾਨ ਆਗੂ ਤੇ ਲੋਕ ਭਲਾਈ ਇਨਸਾਫ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸ. ਬਲਦੇਵ ਸਿੰਘ ਸਿਰਸਾ ਨੇ ਸਿੱਖ ਵਿਰੋਧੀ ਜਥੇਬੰਦੀ ਆਰ.ਐਸ.ਐਸ. ਵਲੋਂ ਸ਼੍ਰੋਮਣੀ ਕਮੇਟੀ ਦੇ ਨਾਮ ਹੇਠ ਗੁਰੂ ਸਾਹਿਬ ਦੇ ਚਰਿੱਤਰ ਖਿਲਾਫ ਛਾਪੀਆਂ ਗਈਆਂ ਕਿਤਾਬਾਂ ਦੀ ਜਾਣਕਾਰੀ ਦੇ ਰਹੇ ਸਨ ਤੇ ਬਰਗਾੜੀ ਮੋਰਚੇ ਦੇ ਕਾਰਣਾਂ ਸੰਬੰਧੀ ਵਿਸਥਾਰ ਸਾਹਿਤ ਚਾਨਣਾ ਪਾ ਰਹੇ ਸਨ। ਸ. ਬਲਦੇਵ ਸਿੰਘ ਸਿਰਸਾ ਨੂੰ ਵਿਸ਼ੇਸ਼ ਪੱਤਰ ਲਿਖ ਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਨਨਕਾਣਾ ਸਾਹਿਬ ਨਾਨਕਮੱਤਾ (ਉਤਰਾਖੰਡ) ਦੇ ਪ੍ਰਧਾਨ ਸ. ਸੇਵਾ ਸਿੰਘ, ਸੀਨੀਅਰ ਮੀਤ ਪ੍ਰਧਾਨ ਕੇਹਰ ਸਿੰਘ ਤੇ ਸਕੱਤਰ ਜਨਰਲ ਸ. ਪ੍ਰੀਤਮ ਸਿੰਘ ਸੰਧੂ ਦੇ ਆਦੇਸ਼ਾਂ ਤੇ ਗੁਰਦੁਆਰੇ ਦੇ ਮੈਨੇਜਰ ਭਾਈ ਰਣਜੀਤ ਸਿੰਘ ਦੁਆਰਾ ਲਿਖਿਆ ਪੱਤਰ ਮਿਲਿਆ ਜਿਸ ਵਿਚ ਭਾਈ ਸਿਰਸਾ ਨੂੰ ਵਿਸ਼ੇਸ਼ ਤੌਰ 'ਤੇ ਲਿਖਤੀ ਪੱਤਰ ਲਿਖ ਕੇ ਬੇਨਤੀ ਕੀਤੀ ਕਿ ਉਹ ਮੱਸਿਆ ਦੀ ਪਹਿਲੀ ਰਾਤ ਪੁੱਜ ਕੇ ਵੱਡੀ ਗਿਣਤੀ ਵਿਚ ਦੀਵਾਨ ਵਿਚ ਹੋਈਆਂ ਇਕੱਠੀਆਂ ਸੰਗਤਾਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇਣ। ਭਾਈ ਬਲਦੇਵ ਸਿੰਘ ਸਿਰਸਾ ਨੇ ਆਰ.ਐਸ.ਐਸ. ਵਲੋਂ ਸ਼੍ਰੋਮਣੀ ਕਮੇਟੀ ਦੀ ਮੋਹਰ ਹੇਠ ਛਾਪੀਆਂ ਗਈਆਂ ਕਿਤਾਬਾਂ ਵਿਚ ਗੁਰੂ ਸਾਹਿਬਾਨ ਨੂੰ ਚੋਰ, ਡਾਕੂ, ਲੁਟੇਰਾ, ਦਾਸੀਆਂ ਦੇ ਪੇਟੋਂ ਜੰਮੇ ਦਰਸਾਇਆ ਗਿਆ ਹੈ। ਬਰਗਾੜੀ ਮੋਰਚਾ ਕਿਸੇ ਸ਼ੌਂਕ ਵਜੋਂ ਨਹੀਂ ਲਗਾਇਆ ਗਿਆ ਸਗੋਂ ਬਾਦਲ ਸਰਕਾਰ ਵੇਲੇ ਸੌਦਾ ਸਾਧ ਦੇ ਪ੍ਰੇਮੀਆਂ ਵਲੋਂ ਗੁਰੂ ਸਾਹਿਬ ਦੀ ਹੋਈ ਬੇਅਦਬੀ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਲੱਗਾ ਹੈ।ਭਾਈ ਸਿਰਸਾ ਨੇ ਦਸਿਆ ਕਿ ਸਮਾਗਮ ਉਪਰੰਤ ਗੁਰਦੁਆਰੇ ਦੇ ਪ੍ਰਬੰਧਕਾਂ ਜਿਨ੍ਹਾਂ ਵਿਚ ਪ੍ਰਧਾਨ ਸ. ਸੇਵਾ ਸਿੰਘ, ਸੀਨੀਅਰ ਮੀਤ ਪ੍ਰਧਾਨ ਸ. ਕੇਹਰ ਸਿੰਘ, ਸਕੱਤਰ ਜਨਰਲ ਸ. ਪ੍ਰੀਤਮ ਸਿੰਘ ਸੰਧੂ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਭਾਈ ਗੁਰਮੇਜ ਸਿੰਘ, ਸਕੱਤਰ ਭਾਈ ਬਰਜਿੰਦਰ ਸਿੰਘ ਤੇ ਮੈਨੇਜਰ ਭਾਈ ਰਣਜੀਤ ਸਿੰਘ ਤੇ ਹੋਰ ਪਤਵੰਤੇ ਸੱਜਣਾਂ ਨੇ ਸ਼ਮੂਲੀਅਤ ਕੀਤੀ।

## ਫੇਸਬੁੱਕ ਨੇ ਚਲਾਇਆ 800 ਸਿਆਸੀ ਪੇਜਾਂ 'ਤੇ ਕੁਹਾੜਾ

ਚੰਡੀਗੜ੍ਹ: ਫੇਸਬੁੱਕ ਨੇ ਅਮਰੀਕਾ ਵਿੱਚ ਹੋਣ ਵਾਲੀਆਂ ਚੋਣਾਂ ਤੋਂ ਕੁਝ ਹਫ਼ਤੇ ਪਹਿਲਾਂ ਸਿਆਸਤ ਨਾਲ ਜੁੜੇ ਬੇਕਾਰ ਲਿੰਕ ਤੇ ਕਲਿੱਕਬੇਟ ਨਾਲ ਲੋਕਾਂ ਨੂੰ ਸਪੈਮਿੰਗ ਕਰਨ ਲਈ 800 ਤੋਂ ਵੱਧ ਪੇਜ ਤੇ ਅਕਾਊਂਟ ਬੰਦ ਕਰ ਦਿੱਤੇ ਹਨ। ਇਹ ਅਕਾਊਂਟ ਤੋਂ ਪੋਸਟ ਕੀਤੀ ਸਮੱਗਰੀ ਨਾਲ ਆਮ ਲੋਕ ਗੁਮਰਾਹ ਹੋ ਰਹੇ ਸਨ। ਇਸ ਮਾਮਲੇ ਵਿੱਚ ਫੇਸਬੁੱਕ ਨੇ ਕਿਹਾ ਕਿ ਇਹ ਸਾਈਟਸ ਤੇ ਲਿੰਕ ਲੋਕਾਂ ਨੂੰ ਗੁਮਰਾਹ ਕਰਨ ਲਈ ਬਣਾਏ ਗਏ ਸੀ।ਫੇਸਬੁੱਕ ਮੁਤਾਬਕ ਇਹ ਅਕਾਊਂਟ ਸਨਸਨੀਖੇਜ਼ ਸਿਆਸੀ ਸਮੱਗਰੀ ਫੈਲਾ ਰਹੇ ਸੀ ਜਿਨ੍ਹਾਂ ਨੂੰ ਫੇਸਬੁੱਕ ਦੇ ਬਾਹਰ ਇਸ਼ਤਿਹਾਰਾਂ ਨਾਲ ਭਰੀਆਂ ਵੈੱਬਸਾਈਟਾਂ 'ਤੇ ਲਿਜਾਣ ਲਈ ਡਿਜ਼ਾਈਨ ਕੀਤਾ ਗਿਆ ਸੀ। ਅਜਿਹੇ ਸਪੈਮਰ ਅਕਸਰ ਸੈਲੇਬ੍ਰਿਟੀ ਗੱਪਸ਼ੱਪ, ਵਜ਼ਨ ਘਟਾਉਣ ਦੇ ਨੁਸਖੇ, ਨਕਲੀ ਆਈਫੋਨ ਆਦਿ ਮੁੱਦਿਆਂ 'ਤੇ ਲੋਕਾਂ ਦਾ ਧਿਆਨ ਕੇਂਦਰਤ ਕਰਦੇ ਹਨ।ਫੇਸਬੁੱਕ ਨੇ ਕਿਹਾ ਕਿ ਜਿਹੜੇ ਪੇਜਾਂ ਨੂੰ ਹਟਾਇਆ ਗਿਆ ਹੈ, ਉਨ੍ਹਾਂ ਵਿੱਚ ਸਿਆਸੀ ਵਿਚਾਰਧਾਰਾ ਦੇ ਦੋਵੇਂ ਪਾਸਿਆਂ ਦੀਆਂ ਚੀਜ਼ਾਂ ਸ਼ਾਮਲ ਹਨ। ਹਾਲਾਂਕਿ, ਇਹ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਇਨ੍ਹਾਂ ਵਿੱਚ ਖੱਬੇਪੱਖੀ ਪੇਜ ਜ਼ਿਆਦਾ ਸੀ ਜਾਂ ਕੱਟੜਪੰਥੀ। ਫੇਸਬੁੱਕ ਨੇ ਕਿਹਾ ਕਿ ਉਹ ਉਨ੍ਹਾਂ ਅਕਾਊਂਟ ਤੇ ਤਸਵੀਰਾਂ ਨੂੰ ਨਹੀਂ ਦੇਖਦੇ ਜੋ ਇਹ ਅਕਾਊਂਟ ਫੈਲਾ ਰਹੇ ਹਨ, ਪੇਜ ਦਾ ਸਫਾਇਆ ਕਰਨ ਦੌਰਾਨ ਉਹ ਉਨ੍ਹਾਂ ਦਾ 'ਵਿਹਾਰ' ਦੇਖਦੇ ਹਨ ਕਿ ਕੀ ਉਹ ਫ਼ਰਜ਼ੀ ਖ਼ਾਤੇ ਦਾ ਉਪਯੋਗ ਕਰ ਰਹੇ ਹਨ ਜਾਂ ਸਪੈਮ ਭੇਜ ਰਹੇ ਹਨ।ਜ਼ਿਕਰਯੋਗ ਹੈ ਕਿ ਜਦੋਂ ਤੋਂ ਫੇਸਬੁਕ ਨੂੰ ਰੂਸੀ ਏਜੰਟਾਂ ਦੇ 2016 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਉਸ ਦੀ ਸੇਵਾ ਦਾ ਦੁਰਉਪਯੋਗ ਕੀਤੇ ਜਾਣ ਦੀ ਖ਼ਬਰ ਮਿਲੀ ਹੈ। ਉਦੋਂ ਤੋਂ ਹੀ ਫੇਸਬੁਕ ਚੋਣਾਂ ਦੌਰਾਨ ਗਲਤ ਜਾਣਕਾਰੀ ਫੈਲਾਉਣ ਤੇ ਚੋਣਾਂ ਵਿੱਚ ਦਖ਼ਲ ਨੂੰ ਖ਼ਤਮ ਕਰਨ 'ਤੇ ਅੱਡੀ-ਚੋਟੀ ਦਾ ਜ਼ੋਰ ਲਾ ਰਿਹਾ ਹੈ।

# ਰਾਫੇਲ ਹਾਲ ਨਾਲੋਂ ਕਾਬਿਲ ਕਿਵੇਂ ਬਣੇ ਅਨਿਲ ਅੰਬਾਨੀ



ਹਿੰਦੁਸਤਾਨ ਏਅਰਨੌਟਿਕਸ ਲਿਮਿਟਡ (ਐਚਏਐਲ) ਦੇ ਲਗਭਗ 3 ਹਜ਼ਾਰ ਵਰਕਰਾਂ ਨੂੰ ਆਪਣੇ ਕੰਮ ਤੋਂ ਹੱਥ ਧੋਣਾ ਪੈ ਸਕਦਾ ਹੈ। ਕਾਰਨ ਹੈ ਰਾਫੇਲ ਦਾ ਕਰਾਰਨਾਮਾ ਕੇਂਦਰ ਸਰਕਾਰ ਨੇ ਰਿਲਾਇੰਸ ਕੰਪਨੀ ਨਾਲ ਕਰਨ ਦਾ ਫ਼ੈਸਲਾ ਲਿਆ ਸੀ।

ਰੁਜ਼ਗਾਰ ਤੋਂ ਹੱਥ ਧੋਣ ਵਾਲਿਆਂ ਦੀ ਗਿਣਤੀ ਬਾਰੇ ਵੱਖ-ਵੱਖ ਅੰਕੜੇ ਸਾਹਮਣੇ ਆ ਰਹੇ ਹਨ। ਇੱਕ ਅੰਕੜਾ ਉਹ ਦੱਸ ਰਹੇ ਹਨ ਜੋ ਫਿਲਹਾਲ ਕੰਪਨੀ ਵਿੱਚ ਕੰਮ ਕਰ ਰਹੇ ਹਨ ਅਤੇ ਇੱਕ ਅੰਕੜਾ ਉਹ ਦੱਸ ਰਹੇ ਹਨ ਜੋ ਟਰੇਡ ਯੂਨੀਅਨ ਦੇ ਨੇਤਾ ਰਹੇ ਹਨ।ਆਨੰਦ ਪਦਿਆਨਭਾ ਐਚਏਐਲ ਕੰਪਨੀ 'ਚ ਕੰਮ ਕਰਦੇ ਸਨ ਅਤੇ ਵਰਕਰ ਯੂਨੀਅਨ ਦੇ ਸਕੱਤਰ ਵੀ ਰਹੇ ਹਨ।

ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਕੰਪਨੀ ਬੰਦ ਨਹੀਂ ਹੋਵੇਗੀ। ਜੇਕਰ ਅਜਿਹਾ ਹੁੰਦਾ ਹੈ ਤਾਂ ਭਾਰਤੀ ਹਵਾਈ ਫ਼ੌਜ ਦੀ ਰੀੜ ਦੀ ਹੱਡੀ ਟੁੱਟ ਜਾਵੇਗੀ। ਜੇਕਰ ਠੇਕਾ ਨੂੰ ਮਿਲ ਜਾਂਦਾ ਹੈ ਤਾਂ ਇਸ ਦੇ ਭਵਿੱਖ ਲਈ ਬਿਹਤਰ ਹੁੰਦਾ।" ਫਿਲਹਾਲ ਜੋ ਕੰਪਨੀ 'ਚ ਕੰਮ ਕਰ ਰਹੇ ਹਨ, ਉਹ ਕੰਪਨੀ ਦੇ ਸਰਕੂਲਰ ਕਾਰਨ ਪਛਾਣ ਨਾ ਉਜਾਗਰ ਕਰਨ ਦੀ ਸ਼ਰਤ 'ਤੇ ਬੋਲ ਰਹੇ ਹਨ।ਕੰਪਨੀ ਨੇ ਸਰਕੂਲਕਰ ਜਾਰੀ ਕੀਤਾ ਹੈ ਕਿ ਕੋਈ ਵੀ ਕਰਮੀ ਕੰਪਨੀ ਦੇ ਬਾਰੇ ਜਨਤਕ ਬਿਆਨ ਦੇਵੇਗਾ ਤਾਂ ਉਹ ਕਰਮੀ ਵੱਲੋਂ ਨਿਯਮਾਂ ਦਾ ਉਲੰਘਣ ਮੰਨਿਆ ਜਾਵੇਗਾ।

## ਕਰਮੀਆਂ ਦੀਆਂ ਦਲੀਲਾਂ ਕੀ ਹਨ



ਇੱਕ ਹੋਰ ਸਾਬਕਾ ਟਰੇਡ ਯੂਨੀਅਨ ਦੀ ਨੇਤਾ ਮਿਨਾਕਸ਼ੀ ਸੁੰਦਰਮ ਨੇ ਕਿਹਾ, "ਇੱਕ ਨਿੱਜੀ ਕੰਪਨੀ ਨੂੰ ਰਾਫੇਲ ਦਾ ਠੇਕਾ ਦੇਣਾ, ਜਿਸ ਦਾ ਜਹਾਜ਼ਾਂ ਦੇ ਖੇਤਰ 'ਚ ਕੋਈ ਤਜ਼ਰਬਾ ਨਹੀਂ ਹੈ।ਅਜਿਹਾ ਕਰਨਾ ਦਹਾਕਿਆਂ 'ਚ ਵਿਕਸਿਤ ਹੋਏ ਦੇਸ ਦੇ ਹੁਨਰ ਨੂੰ ਨੁਕਸਾਨ ਪਹੁੰਚਾਏਗਾ। ਇਹ ਕੰਪਨੀ ਦੇ ਕਾਰੋਬਾਰ ਅਤੇ ਸਮਰਥਾ ਨੂੰ ਪ੍ਰਭਾਵਿਤ ਕਰੇਗਾ।" ਪਛਾਣ ਨਾ ਜ਼ਾਹਿਰ ਕਰਨ ਦੀ ਸ਼ਰਤ 'ਤੇ ਇੱਕ ਕਰਮੀ ਨੇ ਕਿਹਾ, "ਜੋ ਪ੍ਰਤਿਭਾ ਇਸ ਖੇਤਰ ਵਿੱਚ ਮੌਜੂਦ ਹੈ, ਉਸ 'ਤੇ ਗ੍ਰਹਿਣ ਹੀ ਲੱਗੇਗਾ।" ਸਾਬਕਾ ਅਤੇ ਵਰਤਮਾਨ ਕਰਮੀਆਂ ਦੀਆਂ ਦਲੀਲਾਂ ਕੁਝ ਅਜਿਹੀਆਂ ਹੀ ਹਨ, ਜਿਵੇਂ ਕਿ ਸਤੰਬਰ 'ਚ ਸੇਵਾਮੁਕਤ ਹੋਏ ਕੰਪਨੀ ਦੇ ਸਾਬਕਾ ਚੇਅਰਮਾਨ ਟੀ ਸਵਰਨਾ ਰਾਜੂ ਨੇ ਕਿਹਾ ਸੀ।ਤਿੰਨ ਹਫ਼ਤੇ ਪਹਿਲਾਂ ਹਿੰਦੁਸਤਾਨ ਟਾਈਮਜ ਨੂੰ ਦਿੱਤੇ ਗਏ ਇੱਕਲੌਤੇ ਇੰਟਰਵਿਊ 'ਚ ਰਾਜੂ ਨੇ ਕਿਹਾ, "ਜਦੋਂ ਐਚਏਐਲ 25 ਟਨ ਸੁਖੋਈ-30 ਦਾ ਨਿਰਮਾਣ ਕਰ ਸਕਦਾ ਹੈ ਜੋ ਇੱਕ ਚੌਥਈ ਪੀੜ੍ਹੀ ਵਾਲਾ ਲੜਾਕੂ ਜੈਟ ਹੈ, ਜਿਸ ਨੂੰ ਬਿਲਕੁੱਲ ਕੱਚੇ ਮਾਲ ਦੀ ਸਟੇਡ ਤੋਂ ਅਸੀਂ ਬਣਾਉਂਦੇ ਹਾਂ ਤਾਂ ਫੇਰ ਅਸੀਂ ਕਿਸ ਬਾਰੇ ਗੱਲ ਕਰ ਰਹੇ ਹਾਂ? ਅਸੀਂ ਨਿਸ਼ਚਿਤ ਤੌਰ 'ਤੇ ਇਸ ਨੂੰ ਕਰ ਸਕਦੇ ਹਾਂ।" ਬੀਬੀਸੀ ਦੀਆਂ ਕਈ ਕੋਸ਼ਿਸ਼ਾਂ ਤੋਂ ਬਾਅਦ ਵੀ ਟੀ ਸੁਵਰਨਾ ਰਾਜੂ ਨੇ ਗੱਲ ਨਹੀਂ ਕੀਤੀ। ਅਖ਼ਬਾਰ ਨੂੰ ਦਿੱਤੇ ਇੰਟਰਵਿਊ ਤੋਂ ਹੀ ਉਹ ਗੱਲ ਨਹੀਂ ਕਰ ਰਹੇ ਹਨ ਪਰ ਉਨ੍ਹਾਂ ਨੇ ਇੰਟਰਵਿਊ ਤੋਂ ਇਨਕਾਰ ਵੀ ਨਹੀਂ ਕੀਤਾ।ਰਾਫੇਲ ਸੌਦੇ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਐਨਡੀਓ ਸਰਕਾਰ ਨੂੰ ਕਾਂਗਰਸ ਅਤੇ ਬਾਕੀਆਂ ਕੋਲੋਂ ਕਾਫੀ ਆਲੋਚਨਾ ਝੱਲਣੀ ਪਈ।ਯੂਪੀਏ ਸਰਕਾਰ ਵੇਲੇ ਐਚਏਐਲ ਕੰਪਨੀ ਨੂੰ 108 ਜਹਾਜ਼ਾਂ ਦਾ ਨਿਰਮਾਣ ਕਰਨਾ ਸੀ, ਜਦਕਿ ਬਾਕੀ 18 ਜਹਾਜ਼ ਸਿੱਧੇ ਡਸੋ ਏਵੀਏਸ਼ਨ ਨੇ ਡਿਲਿਵਰ ਕਰਨੇ ਸੀ।ਰਾਜੂ ਨੇ ਇਸ ਇੰਟਰਵਿਊ 'ਚ ਇਹ ਵੀ ਕਿਹਾ ਸੀ, "ਡਸੋ ਅਤੇ ਐਚਏਐਲ ਨੇ ਆਪਸੀ ਇਕਰਾਰਨਾਮਾ 'ਤੇ ਹਸਤਾਖ਼ਰ ਕੀਤੇ ਸਨ ਅਤੇ ਇਸ ਨੂੰ ਸਰਕਾਰ ਨੂੰ ਦਿੱਤਾ ਸੀ। ਤੁਸੀਂ ਸਰਕਾਰ ਨੂੰ ਫਾਇਲਾਂ ਜਨਤਕ ਕਰਨ ਲਈ ਕਿਉਂ ਨਹੀਂ ਕਹਿੰਦੇ? ਫਾਇਲਾਂ ਤੁਹਾਨੂੰ ਸਭ ਕੁਝ ਦੱਸਣਗੀਆਂ। ਜੇਕਰ ਮੈਂ ਜਾਹਜ਼ਾ ਬਣਾਂਵਾਗਾ ਤਾਂ ਮੈਂ ਉਨ੍ਹਾਂ ਨੂੰ ਗਾਰੰਟੀ ਦੇਵਾਂਗਾ।" ਇੱਕ ਹੋਰ ਵਰਕਰ ਨੇ ਨਾਮ ਲੈਣ ਦੀ ਸ਼ਰਤ 'ਤੇ ਦੱਸਿਆ, "ਪੂਰਾ ਮੁੱਦਾ ਵਿਵਾਦਪੂਰਨ ਹੋ ਗਿਆ ਹੈ ਅਤੇ ਕਈ ਸਵਾਲ ਚੁੱਕੇ ਜਾ ਰਹੇ ਹਨ।

## ਐਚਏਐਲ ਤੋਂ ਬਿਹਤਰ ਸਮਰੱਥਾ ਕਿਸੇ ਕੋਲ ਨਹੀਂ

ਪਰ ਐਚਏਐਲ ਦੇ ਸਾਬਕਾ ਪ੍ਰਧਾਨ ਡਾਕਟਰ ਸੀਜੀ ਕ੍ਰਿਸ਼ਨਦਾਸ ਨਾਇਰ ਦਾ ਕੋਲ ਲੜਾਕੂ ਜਹਾਜ਼ਾਂ ਦੇ ਨਿਰਮਾਣ ਦੇ ਮੁੱਦੇ 'ਤੇ ਇੱਕ ਵੱਖਰੀ ਰਾਇ ਹੈ।ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ, "ਭਾਰਤ ਵਿੱਚ ਅਜਿਹੀਆਂ ਹੋਰ ਕੰਪਨੀਆਂ ਨਹੀਂ ਹਨ, ਜਿਸ ਵਿੱਚ ਐਚਏਆਲ ਵਰਗੇ ਲੜਾਕੂ ਜਹਾਜ਼ ਬਣਾਉਣ ਦੀ ਸਮਰਥਾ ਰੱਖਦੀਆਂ ਹੋਣ, ਐਚਏਐਲ ਲਈ ਹੁਣ ਅੱਗੇ ਵਧਣ ਦਾ ਰਸਤਾ ਪਬਲਿਕ-ਪ੍ਰਾਈਵੇਟ ਮਾਡਲ ਹੈ।"" ਭਾਵੇਂ ਉਹ ਐਚਏਐਲ ਹੋਵੇ ਜਾਂ ਕੋਈ ਹੋਰ ਪਬਲਿਕ ਸੈਕਟਰ ਕੰਪਨੀ ਹੋਵੇ, ਰਸਤਾ ਨਿਜੀ ਖੇਤਰ ਦੇ ਨਾਲ-ਨਾਲ ਮੱਧਮ ਅਤੇ ਛੋਟੇ ਸੈਕਟਰ ਦੇ ਨਾਲ ਕੰਮ ਕਰਨਾ ਹੈ। ਜਦੋਂ ਵੀ ਕੋਈ ਵੱਡਾ ਆਰਡਰ ਮਿਲਿਆ ਹੈ ਤਾਂ ਐਚਏਐਲ ਨੇ ਇਸੇ ਤਰ੍ਹਾਂ ਸਹਿਯੋਗ ਲਿਆ ਹੈ, ਨਿੱਜੀ ਖੇਤਰ ਦੇ ਨਾਲ ਸਾਂਝੇ ਤੌਰ 'ਤੇ ਕੰਮ ਕੀਤਾ ਹੈ।" ਡਾਕਟਰ ਨਾਇਰ ਕਹਿੰਦੇ ਹਨ ਕਿ ਇਹ ਕਹਿਣਾ ਬੇਵਕੂਫ਼ੀ ਦੀ ਗੱਲ ਹੈ ਕਿ ਇਸ ਨੂੰ ਕੋਈ ਨਹੀਂ ਕਰ ਸਕਦਾ।ਸਰਲ ਸ਼ਬਦਾਂ ਵਿੱਚ ਡਾਕਟਰ ਨਾਇਰ ਨੇ ਬਿਆਨ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਰਿਲਾਇੰਸ ਦੇ ਕੋਲ ਕੇਵਲ ਨਿਰਮਾਣ ਸਮਰੱਥਾ ਵਾਲਾ ਇਕਰਾਰਨਾਮਾ ਨਹੀਂ ਹੈ ਤਾਂ ਐਚਏਐਲ ਦੇ ਨਾਲ ਨਿਰਮਾਣ ਲਈ ਸਮਝੌਤਾ ਕਰ ਸਕਦਾ ਹੈ।ਇਸ ਦੇ ਨਾਲ ਹੀ ਉਨ੍ਹਾਂ ਜਹਾਜ਼ਾਂ ਦੀ ਸਾਂਭ-ਸੰਭਾਲ ਕਰੇ, ਜਿਵੇਂ ਕਿ ਮਿਰਾਜ 2000 ਦੇ ਨਾਲ ਕੀਤਾ ਗਿਆ ਹੈ। ਇਹ ਜਹਾਜ਼ ਉਸੇ ਡਸੋ ਏਵੀਏਸ਼ਨ ਨੇ ਹੀ ਬਣਾਇਆ ਹੈ, ਜੋ ਰਾਫੇਲ ਬਣਾ ਰਹੀ ਹੈ।ਭਾਰਤ, ਅਚਨਚੇਤ ਹੀ, ਅਮਰੀਕਾ, ਰੂਸ, ਫਰਾਂਸ ਅਤੇ ਚੀਨ ਤੋਂ ਬਾਅਦ ਲੜਾਕੂ ਜਹਾਜ਼ਾਂ ਦਾ ਨਿਰਮਾਣ ਕਰਨ ਵਾਲੇ ਦੁਨੀਆਂ ਦਾ ਚੌਥਾ ਰਾਸ਼ਟਰ ਬਣ ਗਿਆ ਹੈ ਅਤੇ ਇਹ ਸਮਰੱਥਾ ਦੇਸ ਪਹਿਲਾਂ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵੱਲੋਂ ਸਥਾਪਿਤ ਐਚਏਐਲ ਕੰਪਨੀ ਦੇ ਕੋਲ ਹੀ ਹੈ।

# ਕੈਨੇਡਾ ਦੇ ਵਿਰੋਧੀ ਧਿਰ ਦੇ ਆਗੂ ਐਂਡ੍ਰਿਊ ਨੇ ਕੀਤੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਨਾਲ ਮੁਲਾਕਾਤ



ਚੰਡੀਗੜ੍ਹ - ਕੈਨੇਡਾ ਦੇ ਵਿਰੋਧੀ ਧਿਰ ਦੇ ਆਗੂ ਐਂਡ੍ਰਿਊ ਸ਼ੀਅਰ ਨੇ ਅੱਜ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਦੁਪਹਿਰ ਵੇਲੇ ਮੁਲਾਕਾਤ ਕੀਤੀ, ਜਿਸ 'ਚ ਕੈਨੇਡਾ ਤੇ ਪੰਜਾਬ ਦੇ ਦੋਪਾਸੜ ਸਬੰਧਾਂ ਨੂੰ ਮਜ਼ਬੂਤੀ ਦੇਣ ਦੇ ਵਿਸ਼ੇ 'ਤੇ ਚਰਚਾ ਕੀਤੀ ਗਈ। ਐਂਡ੍ਰਿਊ ਨੇ ਪੰਜਾਬ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਕੇਵਲ ਸਿੰਘ ਢਿੱਲੋਂ ਵਲੋਂ ਆਯੋਜਿਤ ਰਾਤ ਦੇ ਖਾਣੇ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਦੁਬਾਰਾ ਮੁਲਾਕਾਤ ਕੀਤੀ, ਜਿਸ ਵਿਚ ਸੰਸਦ ਮੈਂਬਰ ਟਿਮ ਉਪਲ, ਸੰਸਦ ਮੈਂਬਰ ਬੌਬ ਸਰੋਆ ਅਤੇ ਹੋਰ ਵੀ ਸ਼ਾਮਲ ਹੋਏ। ਕੇਵਲ ਢਿੱਲੋਂ ਨੇ ਐਂਡ੍ਰਿਊ ਅਤੇ ਮੁੱਖ ਮੰਤਰੀ ਅਮਰਿੰਦਰ ਸਿੰਘ ਦਾ ਸਵਾਗਤ ਕਰਦਿਆਂ ਕਿਹਾ ਕਿ ਕੈਨੇਡਾ ਵਿਚ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਵੱਡੀ ਗਿਣਤੀ ਵਿਚ ਰੋਜ਼ਗਾਰ ਮਿਲਿਆ ਹੈ। ਪੰਜਾਬੀ ਵੱਡੀ ਗਿਣਤੀ ਵਿਚ ਕੈਨੇਡਾ 'ਚ ਵਸੇ ਹੋਏ ਹਨ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੇਵਲ ਢਿੱਲੋਂ ਨੇ ਐਂਡ੍ਰਿਊ ਨੂੰ ਪੰਜਾਬ ਆਉਣ 'ਤੇ ਤਲਵਾਰ ਤੇ ਸਿਰੋਪਾਓ ਦੇ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਐਂਡ੍ਰਿਊ ਕੈਨੇਡਾ ਵਿਚ ਕੰਜ਼ਰਵੇਟਿਵ ਪਾਰਟੀ ਦੇ ਆਗੂ ਹਨ ਅਤੇ ਉਨ੍ਹਾਂ ਦੀ ਪਾਰਟੀ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ 2019 ਵਿਚ ਕੈਨੇਡਾ ਵਿਚ ਹੋਣ ਵਾਲੀਆਂ ਆਮ ਚੋਣਾਂ ਵਿਚ ਸਖਤ ਚੁਣੌਤੀ ਦੇਣ ਜਾ ਰਹੀ ਹੈ। ਐਂਡ੍ਰਿਊ ਕਲ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣਗੇ ਤੇ ਜਲਿਆਂਵਾਲਾ ਬਾਗ ਵੀ ਜਾਣਗੇ।ਉਨ੍ਹਾਂ ਕਿਹਾ ਕਿ ਐਂਡ੍ਰਿਊ ਦਾ ਪੰਜਾਬ ਦੌਰਾ ਕੈਨੇਡਾ ਤੇ ਪੰਜਾਬ ਦੇ ਵਪਾਰਕ ਸਬੰਧਾਂ ਨੂੰ ਮਜ਼ਬੂਤੀ ਦੇਣ ਵਿਚ ਸਹਾਇਕ ਸਿੱਧ ਹੋਵੇਗਾ। ਕੇਵਲ ਢਿੱਲੋਂ ਨੇ ਕਿਹਾ ਕਿ ਉਨ੍ਹਾਂ ਦੇ ਪੂਰਵਜ 120 ਸਾਲ ਪਹਿਲਾਂ ਕੈਨੇਡਾ ਦੀ ਧਰਤੀ 'ਤੇ ਜਾ ਕੇ ਵਸੇ ਸਨ। ਉਨ੍ਹਾਂ ਕਿਹਾ ਕਿ ਐਂਡ੍ਰਿਊ ਦਾ ਦੌਰਾ ਪੰਜਾਬ ਲਈ ਕਾਫੀ ਲਾਭਦਾਇਕ ਰਹੇਗਾ। ਉਨ੍ਹਾਂ ਨਾਲ ਵਿਕਰਮ ਖੁਰਾਣਾ, ਸ਼੍ਰੀ ਮਜੂਮਦਾਰ, ਅਰਪਨ ਖੰਨਾ ਤੇ ਸ਼ਿਵਰਾਜ ਵੀ ਸਨ। ਮੁੱਖ ਮੰਤਰੀ ਨੇ ਦੁਪਹਿਰ ਦੇ ਸਮੇਂ ਐਂਡ੍ਰਿਊ ਨਾਲ ਅਧਿਕਾਰਤ ਬੈਠਕ ਕੀਤੀ ਅਤੇ ਕਿਹਾ ਕਿ ਪੰਜਾਬ ਕੈਨੇਡਾ ਨਾਲ ਵਪਾਰਕ ਤੇ ਕਾਰੋਬਾਰੀ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣਾ ਚਾਹੁੰਦਾ ਹੈ। ਮੁੱਖ ਮੰਤਰੀ ਤੇ ਐਂਡ੍ਰਿਊ ਨੇ ਦੋਹਾਂ ਦੇਸ਼ਾਂ ਦਰਮਿਆਨ ਵਪਾਰ ਨਿਵੇਸ਼ ਦੀਆਂ ਸੰਭਾਵਨਾਵਾਂ ਦਾ ਪਤਾ ਲਾਇਆ ਹੈ।

## ਪਾਕਿ ਨੇ IMF ਤੋਂ ਮੰਗਿਆ ਹੁਣ ਤੱਕ ਦਾ ਸਭ ਤੋਂ ਵੱਡਾ ਕਰਜ਼ ਪੈਕੇਜ



ਇਸਲਾਮਾਬਾਦ — ਪਾਕਿਸਤਾਨ ਅੰਤਰਰਾਸ਼ਟਰੀ ਮੁਦਰਾ ਫੰਡ (ਆਈ.ਐੱਮ.ਐੱਫ.) ਤੋਂ 8 ਅਰਬ ਡਾਲਰ ਦੇ ਕਰਜ਼ ਪੈਕੇਜ ਦੀ ਮੰਗ ਕਰ ਰਿਹਾ ਹੈ। ਪਾਕਿਸਤਾਨ ਵੱਲੋਂ ਇਹ ਹੁਣ ਤੱਕ ਦਾ ਸਭ ਤੋਂ ਵੱਡਾ ਕਰਜ਼ ਪੈਕੇਜ ਮੰਗਿਆ ਗਿਆ ਹੈ। ਪਾਕਿਸਤਾਨ ਨੇ ਗੰਭੀਰ ਆਰਥਿਕ ਸੰਕਟ ਤੋਂ ਉਭਰਨ ਲਈ ਅੰਤਰਰਾਸ਼ਟਰੀ ਸੰਗਠਨ ਤੋਂ ਕਰਜ਼ ਦੀ ਮੰਗ ਕੀਤੀ ਹੈ। ਇਕ ਮੀਡੀਆ ਰਿਪੋਰਟ ਵਿਚ ਇਹ ਗੱਲ ਕਹੀ ਗਈ ਹੈ। ਪਾਕਿਸਤਾਨ ਦੀ ਇਕ ਅਖਬਾਰ ਵਿਚ ਕਿਹਾ ਗਿਆ ਹੈ ਕਿ ਆਈ.ਐੱਮ.ਐੱਫ. ਪਾਕਿਸਤਾਨ ਦੇ ਸਾਹਮਣੇ ਸਖਤ ਸ਼ਰਤਾਂ ਰੱਖ ਸਕਦਾ ਹੈ। ਪਾਕਿਸਤਾਨ ਇਨ੍ਹਾਂ ਪਾਬੰਦੀਆਂ ਨੂੰ ਪੂਰਾ ਕਰਨ ਲਈ ਵਾਧੂ ਕਰਜ਼ ਦੀ ਮੰਗ ਕਰ ਸਕਦਾ ਹੈ ਅਤੇ ਇਹ ਪੈਕੇਜ 12 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ।ਖਬਰ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਨੇ ਆਈ.ਐੱਮ.ਐੱਫ. ਤੋਂ ਕਰਜ਼ ਪੈਕੇਜ ਲੈਣ ਲਈ ਸੰਭਾਵਨਾਵਾਂ ਲੱਭਣੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐੱਮ.ਐੱਲ.-ਐੱਨ.) ਦੇ ਸੱਤਾ ਵਿਚ ਰਹਿਣ ਅਤੇ ਅੰਤਰਿਮ ਸਰਕਾਰ ਦੇ ਦੌਰਾਨ ਵੀ ਇਸ ਮਾਮਲੇ 'ਤੇ ਗੱਲਬਾਤ ਹੋਈ ਸੀ। ਭਾਵੇਂਕਿ ਇਸ 'ਤੇ ਆਖਰੀ ਫੈਸਲਾ ਸੋਮਵਾਰ ਰਾਤ ਨੂੰ ਹੋਇਆ ਜਦੋਂ ਵਿੱਤ ਮੰਤਰੀ ਅਸਦ ਉਮਰ ਨੇ ਵਿਦੇਸ਼ੀ ਮੁਦਰਾ ਭੰਡਾਰ ਸੰਕਟ ਤੋਂ ਬਾਹਰ ਨਿਕਲਣ ਲਈ ਆਈ.ਐੱਮ.ਐੱਫ. ਤੋਂ ਰਾਹਤ ਪੈਕੇਜ ਦੀ ਮੰਗ ਕਰਨ ਦੀ ਪੁਸ਼ਟੀ ਕੀਤੀ। ਆਈ.ਐੱਮ.ਐੱਫ. ਨੇ ਮੰਗਲਵਾਰ ਨੂੰ ਕਿਹਾ ਕਿ ਉਹ ਵਿੱਤੀ ਮਦਦ ਦੀ ਪਾਕਿਸਤਾਨ ਦੀ ਅਪੀਲ ਨੂੰ ਬਹੁਤ ਹੀ ਸਾਵਧਾਨੀ ਨਾਲ ਸੁਣੇਗਾ। ਪਾਕਿਸਤਾਨ ਆਈ.ਐੱਮ.ਐੱਫ. ਤੋਂ ਇਸ ਤੋਂ ਪਹਿਲਾਂ ਵੀ ਇਕ ਦਰਜਨ ਤੋਂ ਜ਼ਿਆਦਾ ਵਿੱਤੀ ਪੈਕੇਜ ਲੈ ਚੁੱਕਾ ਹੈ।

# ਦੋ ਪੰਜਾਬੀਆਂ ਕੋਲੋਂ ਕੈਨੇਡੀਅਨ ਪੁਲਿਸ ਨੇ ਫੜੀ ਨਸ਼ਿਆਂ ਦੀ ਪੰਡ, ਹੋਰ ਸਾਥੀਆਂ ਦੀ ਭਾਲ ਜਾਰੀ

ਕੈਲਗਰੀ— ਕੈਨੇਡਾ 'ਚ ਰਹਿ ਰਹੇ ਪੰਜਾਬੀ ਭਾਈਚਾਰੇ ਦਾ ਸਿਰ ਇਕ ਵਾਰ ਫਿਰ ਉਸ ਸਮੇਂ ਨੀਂਵਾਂ ਹੋ ਗਿਆ, ਜਦ ਕੈਨੇਡੀਅਨ ਪੁਲਸ ਨੇ ਕੈਲਗਰੀ 'ਚ ਦੋ ਪੰਜਾਬੀਆਂ ਕੋਲੋਂ ਨਸ਼ਿਆਂ ਦੀ ਪੰਡ ਫੜੀ ਹੈ। ਇਨ੍ਹਾਂ ਦੀ ਕੀਮਤ ਲਗਭਗ 80 ਲੱਖ ਡਾਲਰ ਹੈ। ਕਿਹਾ ਜਾ ਰਿਹਾ ਹੈ ਕਿ ਕੈਲਗਰੀ ਦੇ ਇਤਿਹਾਸ 'ਚ ਇਹ ਪਹਿਲਾ ਮਾਮਲਾ ਹੈ ਕਿ ਨਸ਼ਿਆਂ ਦੀ ਇੰਨੀ ਵੱਡੀ ਖੇਪ ਫੜੀ ਗਈ ਹੋਵੇ। ਪੁਲਸ ਨੇ ਬੀਤੇ ਦਿਨੀਂ ਇਨ੍ਹਾਂ ਦੋਹਾਂ ਪੰਜਾਬੀਆਂ 23 ਸਾਲਾ ਨਵਜੋਤ ਸਿੰਘ ਅਤੇ 20 ਸਾਲਾ ਗੁਰਜੀਤ ਘੋਤੜਾ ਨੂੰ ਹਿਰਾਸਤ 'ਚ ਲਿਆ। ਜਾਣਕਾਰੀ ਮੁਤਾਬਕ ਤੜਕੇ 3 ਵਜੇ ਡੌਜ ਕਾਰਵਾਂ ਰੋਡ 'ਤੇ ਪੁਲਸ ਨੇ ਨਾਕਾ ਲਗਾਇਆ ਸੀ ਅਤੇ ਇਸ ਦੌਰਾਨ ਜਦ ਉਨ੍ਹਾਂ ਨੇ ਇਨ੍ਹਾਂ ਪੰਜਾਬੀਆਂ ਦੇ ਵਾਹਨ ਦੀ ਜਾਂਚ ਕੀਤੀ ਤਾਂ ਉਨ੍ਹਾਂ ਨੂੰ ਇਹ ਨਸ਼ੀਲੇ ਪਦਾਰਥ ਮਿਲੇ। ਬਰਾਮਦ ਨਸ਼ੀਲੇ ਪਦਾਰਥਾਂ 'ਚ 66 ਕਿਲੋ ਕੋਕੀਨ ਅਤੇ 30 ਕਿਲੋ ਮੈਥਫੈਟਾਮਾਈਨ ਸ਼ਾਮਲ ਹਨ।ਪੁਲਸ ਸਰਵਿਸ ਕ੍ਰਿਮੀਨਲ ਨੈੱਟਵਰਕ ਸੈਕਸ਼ਨ ਦੇ ਇੰਸਪੈਕਟਰ ਕੀਥ ਕੇਨ ਨੇ ਦੱਸਿਆ ਕਿ ਉਨ੍ਹਾਂ ਨੇ ਇਨ੍ਹਾਂ ਦੋਹਾਂ ਨਸ਼ਾ ਤਸਕਰਾਂ ਕੋਲੋਂ ਨਸ਼ੀਲੇ ਪਦਾਰਥਾਂ ਦੇ ਨਾਲ-ਨਾਲ 41,000 ਨਕਦ ਡਾਲਰ ਵੀ ਜ਼ਬਤ ਕੀਤੇ ਹਨ। ਪੁਲਸ ਨੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਹਾਂ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ 10,000 ਡਾਲਰ ਪ੍ਰਤੀ ਦੋਸ਼ੀ ਨਕਦ ਜਮ੍ਹਾ ਕਰਵਾਉਣ ਤੋਂ ਇਲਾਵਾ 25,000




ਡਾਲਰ ਦੀ ਜਾਇਦਾਦ ਦੇ ਰੂਪ 'ਚ ਜਾਤੀ ਮੁੱਚਲਕਾ ਭਰਨ ਦਾ ਹੁਕਮ ਦੇ ਕੇ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ। ਅਦਾਲਤ ਨੇ ਉਨ੍ਹਾਂ ਨੂੰ ਆਪਣੇ ਪਾਸਪੋਰਟ ਜਮ੍ਹਾਂ ਕਰਵਾਉਣ ਦੇ ਹੁਕਮ ਦਿੱਤਾ ਹੈ ਅਤੇ ਇਹ ਵੀ ਕਿਹਾ ਹੈ ਕਿ ਉਹ ਰਾਤ ਸਮੇਂ ਬਾਹਰ ਨਹੀਂ ਨਿਕਲਣਗੇ। ਫਿਲਹਾਲ ਉਨ੍ਹਾਂ ਨੂੰ 2 ਨਵੰਬਰ ਲਈ ਅਗਲੀ ਪੇਸ਼ੀ 'ਤੇ ਸੱਦਿਆ ਗਿਆ ਹੈ।ਜਾਣਕਾਰੀ ਮੁਤਾਬਕ ਪੁਲਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਹੋਰ ਕਈਆਂ ਥਾਵਾਂ 'ਤੇ ਜਾਂਚ ਚੱਲ ਰਹੀ ਹੈ। ਪੁਲਸ ਨੇ ਕਿਹਾ ਕਿ ਇਹ ਦੋਵੇਂ ਉਨ੍ਹਾਂ ਨਾਲ ਸਹਿਯੋਗ ਨਹੀਂ ਕਰ ਰਹੇ। ਕਿਹਾ ਜਾ ਰਿਹਾ ਹੈ ਕਿ ਪੁਲਸ ਇਨ੍ਹਾਂ ਤਸਕਰਾਂ ਦੇ ਹੋਰ ਸਾਥੀਆਂ ਨੂੰ ਵੀ ਲੱਭ ਰਹੀ ਹੈ।

# ਇੱਥੇ ਹਨ 17 ਲੱਖ ਤੋਂ ਵੀ ਜ਼ਿਆਦਾ ਫੁੱਲ, ਕਿਹਾ ਜਾਂਦਾ ਹੈ ਧਰਤੀ ਦਾ





ਨਵੀਂ ਦਿੱਲੀ— ਕੁਦਰਤ ਦੇ ਰੰਗ ਬਹੁਤ ਹੀ ਖੂਬਸੂਰਤ ਹੁੰਦੇ ਹਨ। ਮੌਸਮ ਮੁਤਾਬਕ ਕੁਦਰਤੀ ਨਜ਼ਾਰੇ ਵੀ ਬਦਲਦੇ ਰਹਿੰਦੇ ਹਨ। ਕਦੇ ਹਰੇ ਰੁੱਖ ਅਤੇ ਪੌਦੇ ਤਾਂ ਕਦੇ ਹਰ ਪਾਸੇ ਸੁਨਿਹਰਾ ਮੌਸਮ ਦੇਖਣ ਦਾ ਮਜ਼ਾ ਹੀ ਵੱਖਰਾ ਹੁੰਦਾ ਹੈ ਪਰ ਜਦੋਂ ਫੁੱਲਾਂ ਦੀ ਗੱਲ ਆਉਂਦੀ ਹੈ ਤਾਂ ਹਰ ਕਿਸੇ ਦਾ ਮਨ ਖੁਸ਼ ਹੋ ਜਾਂਦਾ ਹੈ। ਅੱਜ ਅਸੀਂ ਤੁਹਾਨੂੰ ਸਭ ਤੋਂ ਵੱਡੇ ਗਾਰਡਨ ਬਾਰੇ ਦੱਸਣ ਜਾ ਰਹੇ ਹਾਂ ਜਿੱਥੇ 15 ਅਪ੍ਰੈਲ ਤੋਂ ਟਿਊਲਿਪ ਫੈਸਟੀਵਲ ਸ਼ੁਰੂ ਹੋਣ ਵਾਲਾ ਹੈ। ਇਸ ਟਿਊਲਿਪ ਫੈਸਟੀਵਲ ਨੂੰ ਦੇਖਣ ਲਈ ਟੂਰਿਸਟ ਦੇਸ਼-ਵਿਦੇਸ਼ ਤੋਂ ਆਉਂਦੇ ਹਨ।ਉਂਝ ਤਾਂ ਕਸ਼ਮੀਰ ਨੂੰ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ ਪਰ ਕਸ਼ਮੀਰ ਦੀ ਅਸਲੀ ਖੂਬਸੂਰਤੀ ਤਾਂ ਇਸ ਗਾਰਡਨ ਤੋਂ ਹੀ ਹੈ। ਇਹ ਬਾਗ ਪੂਰੇ ਸਾਲ ਖੁੱਲ੍ਹਾ ਰਹਿੰਦਾ ਹੈ ਪਰ ਟਿਊਲਿਪ ਫੁੱਲ ਇੱਥੇ ਸਪਰਿੰਗ ਸੀਜਨ 'ਚ ਹੀ ਖਿੱਲਦੇ ਹਨ। ਤੁਸੀਂ ਕਿਸੇ ਵੀ ਹਿਲਸਟੇਸ਼ਨ 'ਤੇ ਘੁੰਮ ਲਓ ਪਰ ਇੱਥੇ ਘੁੰਮਣ ਦਾ ਕ੍ਰੇਜ ਇਕ ਵੱਖਰਾ ਹੀ ਹੁੰਦਾ ਹੈ। 120 ਏਕੜ ਤਕ ਫੈਲਿਆ ਹੋਇਆ ਗਾਰਡਨ 3 ਲੇਵਲ 'ਤੇ ਬਣਿਆ ਹੋਇਆ ਹੈ ਅਤੇ ਇਥੇ ਕਰੀਬ 75 ਕਿਸਮਾਂ ਦੇ 17 ਲੱਖ ਤੋਂ ਜ਼ਿਆਦਾ ਟਿਊਲਿਪ ਫੁੱਲ ਖਿੱਲਦੇ ਹਨ।ਇਸ ਗਾਰਡਨ 'ਚ ਟੂਰਿਸਟ ਲਈ ਸਪੈਸ਼ਲ ਹਾਟ ਏਅਰ ਬੈਲੂਨ ਦੀ ਸੁਵਿਧਾ ਵੀ ਹੈ। ਉਚਾਈ ਤੋਂ ਗਾਰਡਨ ਨੂੰ ਦੇਖਣ 'ਤੇ ਇੰਝ ਲੱਗਦਾ ਹੈ ਜਿਵੇਂ ਧਰਤੀ 'ਤੇ ਇੰਦਰਧਨੁਸ਼ ਬਣ ਗਿਆ ਹੈ। ਦੁਨੀਆ ਦੇ ਇਸ ਸਭ ਤੋਂ ਵੱਡੇ ਗਾਰਡਨ 'ਚ ਤੁਸੀਂ ਲਗਭਗ ਹਰ ਤਰ੍ਹਾਂ ਦੇ ਟਿਊਲਿਪ ਫੁੱਲ ਦੇਖ ਸਕਦੇ ਹੋ। ਫੁੱਲਾਂ ਦੇ ਨਾਲ-ਨਾਲ ਇੱਥੇ ਇਕ ਫੂਡ ਪੁਆਇੰਟ ਵੀ ਹੈ, ਜਿੱਥੇ ਤੁਸੀਂ ਕਸ਼ਮੀਰ ਦੇ ਖਾਸ ਪਕਵਾਨ ਜਿਵੇਂ ਬਾਕਰਖਾਨੀ,ਚਾਕਲੇਟ ਕੇਕ ਅਤੇ ਕਸ਼ਮੀਰੀ ਕਾਹਵੇ ਦਾ ਮਜ਼ਾ ਲੈ ਸਕਦੇ ਹੋ। ਗਰਮੀ ਦੇ ਮੌਸਮ 'ਚ ਘੁੰਮਣ ਲਈ ਕਸ਼ਮੀਰ ਪਰਫੈਕਟ ਚੁਆਇਸ ਹੈ। ਜੇ ਤੁਸੀਂ ਵੀ ਟਿਊਲਿਪ ਫੈਸਟੀਵਲ ਦਾ ਮਜਾ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਆਪਣੇ ਟ੍ਰਿਪ ਪਲੈਨ ਕਰ ਲਓ।

# ਚਾਕਲੇਟ ਤੋਂ ਲੈ ਕੇ ਹਰੀ ਮਿਰਚ ਤੱਕ 200 ਫਲੇਵਰ 'ਚ ਰੱਸਗੁਲੇ ਬਣਾਉਂਦੀ ਹੈ ਇਹ



ਅਸੀ ਸਾਰੇ ਇਸ ਗੱਲ ਨੂੰ ਜਾਣਦੇ ਹਨ ਕਿ ਰੱਸਗੁਲੇ ਕੇਵਲ ਇੱਕ ਹੀ ਫਲੇਵਰ ਵਿੱਚ ਮਿਲਦਾ ਹਨ ਪਰ ਜੇਕਰ ਤੁਹਾਨੂੰ ਵੀ ਅਜਿਹਾ ਲੱਗਦਾ ਹਾਂ ਤਾਂ ਇਹ ਗਲਤ ਹੈ । ਜੀ ਹਾਂ , ਰੱਸਗੁਲੇ ਸਿਰਫ ਇੱਕ ਹੀ ਫਲੇਵਰ ਵਿੱਚ ਨਹੀਂ ਸਗੋਂ ਕਈ ਫਲੇਵਰਸ ਵਿੱਚ ਮਿਲਦੇ ਹੈ ਜਿਸ ਨੂੰ ਖਾਣ ਲਈ ਤੁਹਾਨੂੰ ਕੋਲਕਾਤਾ ਵਿੱਚ ਸਵਾਤੀ ਸਰਾਫ ਦੇ ਕੋਲ ਜਾਣਾ ਹੋਵੇਗਾ।ਜੀ ਹਾਂ , ਸਵਾਤੀ ਸਰਾਫ ਜੋ ਇੱਕ ਹੀ ਨਹੀਂ ਸਗੋਂ 200 ਤਰ੍ਹਾਂ ਦੇ ਰੱਸਗੁਲੇ ਬਣਾਉਂਦੀ ਹੈ । ਜੋ ਬਹੁਤ ਹੀ ਸ਼ਾਨਦਾਰ ਹੁੰਦੇ ਹਨ,ਇਹਨਾਂ 'ਚ ਸਟਰਾਬੇਰੀ , ਬਲੈਕ ਕੱਰੇਂਟ , ਰਾਸਪਬੇਰੀ , ਗਰੀਨ ਐਪਲ , ਆਰੇਂਜ , ਬਲੂਬੇਰੀ , ਲੀਚੀ , ਬਣਾਊਣਾ , ਵਾਟਰਮੈਲੋਂ , ਪਾਇਨਐਪਲ ,ਪਾਨ ਸ਼ਾਟ ,ਕੈਪੇਚੀਨੋ , ਜੀਰਾ , ਗਰੀਨ ਚਿੱਲੀ , ਪੁਦੀਨਾ , ਕਲਾਟਾ , ਫੁਚਕਾ ,ਦਾਲਚੀਨੀ,ਵਰਗੇ ਫਲੇਵਰ ਸ਼ਾਮਿਲ ਹੁੰਦੇ ਹਨ। ਇਹਨਾਂ ਸਾਰਿਆਂ ਨੂੰ ਬਣਾਉਣ ਵਿੱਚ ਸਵਾਤੀ ਨੂੰ ਕਾਫ਼ੀ ਸਮਾਂ ਲੱਗਦਾ ਹਨ ਪਰ ਉਹ ਫਿਰ ਵੀ ਇਹ ਬਣਾਉਂਦੀ ਹੈ ਅਤੇ ਵੇਚਦੀ ਹੈ ।ਸਵਾਤੀ ਨੇ ਆਪਣੇ ਬਾਰੇ ਵਿੱਚ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਨੇ ਕਈ ਵਾਰ ਵੇਖਿਆ ਹੈ ਕਿ ਅੱਜਕੱਲ੍ਹ ਦੇ ਨੋਜੁਆਨਾ ਨੂੰ ਸਵੀਟਸ ਬਹੁਤ ਪਸੰਦ ਆਉਂਦੀਆਂ ਹਨ ਪਰ ਉਹਨਾਂ ਚ ਵੀ ਇਹ ਫਲੇਵਰ ਲਭਦੇ ਹਨ ਇਸ ਵਜ੍ਹਾ ਨਾਲ ਉਨ੍ਹਾਂ ਨੇ ਇਹ ਨਵਾਂ ਤਰੀਕਾ ਅਪਨਾਇਆ ਜੋ ਸਾਰੀਆਂ ਨੂੰ ਪਸੰਦ ਆਇਆ । ਸਵਾਤੀ ਚਾਕਲੇਟ ਰਸਗੁੱਲਾ ਵੀ ਬਣਾਉਂਦੀ ਹੈ ਜੋ ਉਨ੍ਹਾਂ ਦਾ ਵੀ ਫੇਵਰੇਟ ਹੈ। ਸਵਾਤੀ ਨੇ ਜਦੋਂ ਆਪਣਾ ਸਟਾਲ ਸ਼ੁਰੂ ਕੀਤਾ ਤੱਦ ਉਨ੍ਹਾਂਨੇ 10 ਮਹੀਨੇ ਵਿੱਚ 300 ਸ਼ਾਦੀਆਂ ਵਿੱਚ , ਪਾਰਟੀਆਂ ਵਿੱਚ ਆਪਣੇ ਰਸਗੁੱਲੇ ਦੇ ਫਲੇਵਰਸ ਪਹੁੰਚਾਏ ਜੋ ਲੋਕਾਂ ਨੂੰ ਪੰਸਦ ਵੀ ਆਏ। ਸਵਾਤੀ ਹਰ ਦਿਨ 3000 ਰਸਗੁੱਲੇ ਬਣਾਉਂਦੀ ਹੈ।






# ਬਾਦਲਾਂ ਨੂੰ ਰਾਜਨੀਤੀ 'ਚੋਂ ਬਾਹਰ ਕਰਨ ਲਈ ਪੰਥਕ ਧਿਰਾਂ ਨੇ ਸਿਆਸੀ ਬਦਲ ਖੜ੍ਹਾ ਕੀਤਾ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਘਾਗ ਸਿਆਸਤਦਾਨ ਵਜੋਂ ਜਾਣੇ ਜਾਂਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵੀ ਰਾਜਨੀਤੀ ਵਿਚੋਂ ਪੈਰ ਉਖੜੇ ਗਏ ਹਨ। ਬਾਦਲ ਦੇ ਜਿਊਂਦੇ ਜੀਅ ਸ਼੍ਰੋਮਣੀ ਅਕਾਲੀ ਦਲ ਦੇ ਜੁੜੇ ਰਹਿਣ ਦੇ ਅੰਦਾਜ਼ੇ ਗ਼ਲਤ ਸਿੱਧ ਹੋ ਗਏ ਹਨ ਅਤੇ ਪੁੱਤਰ ਸੁਖਬੀਰ ਸਿੰਘ ਲਈ ਦਲ ਅੰਦਰ ਬਗ਼ਾਵਤ ਖੜੀ ਨਾ ਹੋਣ ਦੀਆਂ ਕਿਆਸ ਅਰਾਈਆਂ ਦਮ ਤੋੜ ਗਈਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਿਆਸੀ ਹਾਸ਼ੀਏ ਤੋਂ ਬਾਹਰ ਹੁੰਦਿਆਂ ਹੀ ਪੰਥਕ ਧਿਰਾਂ ਨੇ ਸਿਆਸੀ ਮੰਚ ਖੜਾ ਕਰ ਲਿਆ ਹੈ ਅਤੇ ਅਗਲੇ ਦਿਨੀਂ ਬਾਦਲਾਂ ਦਾ ਤਕੜਾ ਬਦਲ ਸਾਹਮਣੇ ਆਉਣ ਦੀ ਪੂਰੀ ਸੰਭਾਵਨਾ ਬਣ ਗਈ ਹੈ। ਬਰਗਾੜੀ ਇਨਸਾਫ਼ ਮੋਰਚਾ, ਬਾਦਲਾਂ ਵਿਰੁਧ ਅੰਡਰਗਰਾਊਂਡ ਗਤੀਵਿਧੀਆਂ ਦਾ ਕੇਂਦਰ ਨਹੀਂ ਬਣਿਆ ਹੋਇਆ ਹੈ ਸਗੋਂ ਅਕਾਲੀ ਦਲ ਹੱਥੋਂ 'ਤਾਕਤ' ਖੋਹਣ ਲਈ ਵੀ ਦ੍ਰਿੜ ਹੈ। ਬਹਿਬਲ ਕਲਾਂ ਗੋਲੀ ਕਾਂਡ ਦੀ 7 ਅਕਤੂਬਰ ਨੂੰ ਤੀਜੀ ਬਰਸੀ ਮੌਕੇ ਸੱਤ ਦੀ ਰੈਲੀ ਤੋਂ ਵੱਡਾ ਇਕੱਠ ਕਰਨ ਲਈ ਤਿਆਰੀਆਂ ਚਲ ਰਹੀਆਂ ਹਨ ਅਤੇ 15 ਅਕਤੂਬਰ ਨੂੰ ਪੰਥਕ ਅਸੈਂਬਲੀ ਦੇ ਨੇਤਾਵਾਂ ਨਾਲ ਗਠਜੋੜ ਲਈ ਮੀਟਿੰਗ ਰੱਖੀ ਗਈ ਹੈ। ਸਰਬੱਤ ਖ਼ਾਲਸਾ ਨਾਲ ਸਬੰਧਤ ਧਿਰ ਅਕਾਲੀ ਦਲ ਨੂੰ ਖ਼ਤਮ ਕਰਨ ਲਈ ਸਿਰ ਜੋੜਨ ਤੋਂ ਬਾਅਦ ਇਨ੍ਹਾਂ ਦਾ ਆਮ ਆਦਮੀ ਪਾਰਟੀ ਦੇ ਬਾਗ਼ੀ ਨੇਤਾ ਸੁਖਪਾਲ ਸਿੰਘ ਖਹਿਰਾ ਨਾਲ ਸਿਆਸੀ ਗਠਜੋੜ ਹੋ ਚੁੱਕਾ ਹੈ।ਅਕਾਲੀ ਦਲ 1920 ਨੇ ਯੂਨਾਈਟਡ ਅਕਾਲੀ ਦਲ ਨੂੰ ਇਨਸਾਫ਼ ਮੋਰਚਾ ਤੋਂ ਵੱਖ ਕਰ ਕੇ ਨਹੀਂ ਵੇਖਿਆ ਜਾ ਰਿਹਾ। ਭਾਈ ਜਗਤਾਰ ਸਿੰਘ ਹਵਾਰਾ ਦੇ ਹੁਕਮਾਂ 'ਤੇ ਗਠਤ ਵਰਲਡ ਸਿੱਖ ਪਾਰਲੀਮੈਂਟ ਵੀ ਬਾਦਲ ਵਿਰੁਧ ਬਦਲ ਦਾ ਹਿਸਾ ਬਣ ਚੁੱਕੀ ਹੈ। ਅਕਾਲੀ ਦਲ ਤੋਂ ਨਾਰਾਜ਼ ਚਲ ਰਹੇ ਨੇਤਾਵਾਂ ਨਾਲ ਵੀ ਇਨਸਾਫ਼ ਮੋਰਚਾ ਦੇ ਆਗੂਆਂ ਦਾ ਤਾਲਮੇਲ ਬੈਠ ਗਿਆ ਹੈ। ਇਨਸਾਫ਼ ਮੋਰਚਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਰਣਜੀਤ ਸਿੰਘ, ਸੰਤ ਸਮਾਜ ਦੇ ਬਾਬਾ ਸਰਵਜੋਤ ਸਿੰਘ ਬੇਦੀ ਦਾ ਬਰਗਾੜੀ ਗੇੜੇ ਨੂੰ ਨਵੀਆਂ ਰਾਜਨੀਤਕ ਗਤੀਵਿਧੀਆਂ ਤੋਂ ਅੱਡ ਕਰ ਕੇ ਨਹੀਂ ਵੇਖਿਆ ਜਾ ਰਿਹਾ ਹੈ।ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਇਨਸਾਫ਼ ਮੋਰਚਾ ਨੇ ਅਪਣਾ 'ਕਾਂਟਾ' ਬਦਲ ਲਿਆ ਹੈ ਅਤੇ ਸਿੱਖ ਮੰਗਾਂ ਤੇ ਸਿਆਸੀ ਗਤੀਵਿਧੀਆਂ ਜਾਰੀ ਹੋ ਚੁਕੀਆਂ ਹਨ।

ਇਨਸਾਫ਼ ਮੋਰਚੇ ਦੇ ਉੱਚ ਭਰੋਸੇਯੋਗ ਸੂਤਰ ਦਸਦੇ ਹਨ ਕਿ ਪਹਿਲੇ ਹੱਲੇ ਵਿਚ ਅਕਾਲੀ ਦਲ ਬਾਦਲ ਤੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਕਬਜ਼ਾ ਖੋਹਣ ਦਾ ਟੀਚਾ ਰਖਿਆ ਗਿਆ ਹੈ। ਉਨ੍ਹਾਂ ਤੋਂ ਬਾਅਦ ਇਸ ਨੂੰ ਪੰਜਾਬ ਦੇ ਸਿਆਸੀ ਮੈਦਾਨ ਵਿਚੋਂ ਬਾਹਰ ਕਰਨਾ ਹੈ। ਸੂਤਰਾਂ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਨਵਗਠਤ ਸਿਆਸੀ ਧਿਰ ਦਾ ਕਾਂਗਰਸ ਪਾਰਟੀ ਨਾਲ ਕੋਈ ਸਿੱਧਾ ਟਕਰਾਅ ਨਹੀਂ ਹੈ ਪਰ ਪੰਜਾਬ ਸਰਕਾਰ ਉਤੇ ਤਿੰਨ ਸਿੱਖ ਮੰਗਾਂ ਮਨਵਾਉਣ ਤਕ ਇਨਸਾਫ਼ ਮੋਰਚਾ ਢਿੱਲਾ ਨਹੀਂ ਪੈਣ ਦਿਤਾ ਜਾਵੇਗਾ। ਸੂਤਰਾਂ ਦਾ ਇਹ ਵੀ ਦਾਅਵਾ ਹੈ ਕਿ ਮੌਜੂਦਾ ਬਣ ਚੁੱਕੇ ਸਿਆਸੀ ਹਾਲਾਤ ਵਿਚ ਅਕਾਲੀਆਂ ਦੇ ਨਾਂ ਤਾਂ ਮੁੜ ਤੋਂ ਪੈਰ ਲਗਣੇ ਸੰਭਵ ਰਹੇ ਹਨ ਅਤੇ ਨਾ ਹੀ ਪੰਜਾਬ ਸਰਕਾਰ ਲਈ ਸੰਘਰਸ਼ ਨੂੰ ਅੱਖੋਂ-ਪਰੋਖੇ ਕਰਨਾ ਆਸਾਨ ਰਿਹਾ ਹੈ।ਇਨਸਾਫ਼ ਮੋਰਚਾ ਦੇ ਇਕ ਪਹਿਲੀ ਕਤਾਰ ਦੇ ਨੇਤਾ ਨੇ ਅਪਣਾ ਨਾਂ ਨਾ ਛਾਪਣ ਦੀ ਸ਼ਰਤ ਤੇ ਦਸਿਆ ਕਿ ਨਵੇਂ ਸਿਆਸੀ ਮੰਚ ਤੇ ਜੁੜਨ ਵਾਸਤੇ ਪੰਥਕ ਅਸੈਂਬਲੀ, ਵਰਲਡ ਸਿੱਖ ਪਾਰਲੀਮੈਂਟ, ਅਕਾਲੀ ਦਲ 1920, ਯੂਨਾਈਟਡ ਅਕਾਲੀ ਦਲ, ਦਲ ਖ਼ਾਲਸਾ, ਖਹਿਰਾ ਧੜਾ ਆਦਿ ਦੀ ਸਹਿਮਤੀ ਬਣ ਚੁੱਕੀ ਹੈ ਅਤੇ ਅਗਲੇ ਦਿਨੀਂ ਹੋਰ ਵੱਡਾ ਹੁੰਗਾਰਾ ਮਿਲਣ ਦੇ ਸੰਕੇਤ ਹਨ। ਮੋਰਚੇ ਦੇ ਨੇਤਾ ਨੇ ਸਪੱਸ਼ਟ ਕੀਤਾ ਕਿ ਇਸ ਵਾਰ ਸਿੱਖ ਆਗੂਆਂ ਦੇ ਰਲ ਕੇ ਲੰਮਾ ਸਮਾਂ ਨਾ ਚਲਣ ਦਾ ਭੁਲੇਖਾ ਦੂਰ ਕਰ ਦਿਤਾ ਜਾਵੇਗਾ।



# ਚੰਡੀਗੜ੍ਹ 'ਚ ਸਿੱਖ ਬੀਬੀਆਂ ਨੂੰ ਹੈਲਮੇਟ ਤੋਂ ਮੁੜ ਛੂਟ ਦੇਣ ਦੇ ਕੇਂਦਰ ਨੇ ਜਾਰੀ ਕੀਤੇ ਹੁਕਮ



ਚੰਡੀਗੜ੍ਹ ਵਿੱਚ ਬੀਬੀਆਂ ਲਈ ਵੀ ਹੈਲਮੇਟ ਜ਼ਰੂਰੀ ਕੀਤੇ ਜਾਣ ਦੇ ਤਿੰਨ ਮਹੀਨੇ ਦੇ ਅੰਦਰ ਹੀ, ਸਿੱਖਾਂ ਵੱਲੋਂ ਹੋ ਰਹੇ ਵਿਰੋਧ ਦੇ ਮੱਦੇਨਜ਼ਰ ਕੇਂਦਰੀ ਸਰਕਾਰ ਨੇ ਇੱਕ ਵਿਚਲਾ ਰਾਹ ਕੱਢਿਆ ਹੈ।ਪੀਆਈਬੀ ਵੱਲੋਂ ਜਾਰੀ ਬਿਆਨ ਮੁਤਾਬਕ ਹੁਣ ਚੰਡੀਗੜ੍ਹ ਪ੍ਰਸ਼ਾਸਨ ਨੂੰ ਵੀ ਸਾਰੀਆਂ ਸਿੱਖ ਬੀਬੀਆਂ ਨੂੰ ਹੈਲਮੇਟ ਪਹਿਨਣ ਤੋਂ ਛੂਟ ਦੇਣ ਦਾ ਹੁਕਮ ਦਿੱਤਾ ਹੈ। ਕਿਉਂਕਿ ਚੰਡੀਗੜ੍ਹ ਸਿੱਧਾ ਕੇਂਦਰੀ ਸਰਕਾਰ ਦੇ ਸਾਸ਼ਨ ਹੇਠ ਹੈ, ਇਸ 'ਸਲਾਹ' ਦੇ ਮੰਨੇ ਜਾਣ ਦੀ ਵੱਡੀ ਸੰਭਾਵਨਾ ਹੈ।ਜੁਲਾਈ ਤੋਂ ਪਹਿਲਾਂ ਇਹ ਛੂਟ ਸਾਰੀਆਂ ਹੀ ਮਹਿਲਾਵਾਂ ਨੂੰ ਸੀ। 6 ਜੁਲਾਈ ਨੂੰ ਚੰਡੀਗੜ੍ਹ ਪ੍ਰਸ਼ਾਸਨ ਨੇ ਇਹ ਛੂਟ ਹਟਾਉਣ ਦਾ ਐਲਾਨ ਕੀਤਾ ਅਤੇ ਸਿਰਫ਼ ਦਸਤਾਰਧਾਰੀ ਸਿੱਖ — ਮਰਦ ਤੇ ਔਰਤ ਦੋਵਾਂ ਨੂੰ ਇਹ ਛੂਟ ਦਿੱਤੀ ਸੀ।ਇਹ ਨਿਯਮ 1 ਅਗਸਤ ਤੋਂ ਲਾਗੂ ਹੋਇਆ ਸੀ। ਇਸ ਨੋਟੀਫਿਕੇਸ਼ਨ ਦਾ ਸਿੱਖ ਜਥੇਬੰਦੀਆਂ ਨੇ 'ਮਰਿਆਦਾ' ਅਨੁਸਾਰ 'ਟੋਪ' ਨਾ ਪਹਿਨਣ ਦਾ ਹਵਾਲਾ ਦਿੰਦਿਆਂ ਵਿਰੋਧ ਕੀਤਾ।ਵਿਰੋਧ ਕਰਨ ਵਾਲਿਆਂ 'ਚ ਕੇਂਦਰ ਸਰਕਾਰ ਚ ਭਾਜਪਾ ਦੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੱਗੇ ਸੀ। ਵੀਰਵਾਰ ਨੂੰ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਪੰਥਕ ਸੰਗਠਨਾਂ ਦੇ ਆਗੂਆਂ ਦੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨਾਲ ਮੁਲਾਕਾਤ ਤੋਂ ਬਆਦ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਹ ਹੁਕਮ ਜਾਰੀ ਕੀਤੇ ਹਨ।

## ਦਿੱਲੀ ਵਾਂਗ ਚੱਲੋ'

ਅਜੇ ਇਹ ਸਾਫ ਨਹੀਂ ਹੈ ਕਿ ਜੇ ਹੁਣ ਗੈਰ-ਸਿੱਖ ਔਰਤਾਂ ਲਈ ਹੈਲਮੇਟ ਜ਼ਰੂਰੀ ਹੈ ਤਾਂ ਉਨ੍ਹਾਂ ਦੀ ਪਛਾਣ ਕਿਵੇਂ ਹੋਵੇਗੀ।

ਕੇਂਦਰੀ ਗ੍ਰਿਹ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ, ਸਿੱਖ ਜਥੇਬੰਦੀਆਂ ਵੱਲੋਂ ਕੀਤੀ ਮੰਗ ਤੋਂ ਬਾਅਦ ਹੁਣ ਚੰਡੀਗੜ੍ਹ ਨੂੰ ਦਿੱਲੀ ਵਾਲੇ ਨਿਯਮ ਦੀ ਪਾਲਣਾ ਕਰਨੀ ਪਵੇਗੀ।ਦਿੱਲੀ 'ਚ ਵੀ ਪਹਿਲਾਂ ਸਾਰੀਆਂ ਔਰਤਾਂ ਨੂੰ ਹੈਲਮੇਟ ਮਾਫ਼ ਸੀ ਪਰ 2014 'ਚ ਨਿਯਮ ਸੋਧ ਕੇ 'ਮਹਿਲਾ' ਸ਼ਬਦ ਨੂੰ ਹਟਾ ਕੇ 'ਸਿੱਖ ਮਹਿਲਾ' ਲਿਖਿਆ ਗਿਆ ਸੀ।ਜੁਲਾਈ 'ਚ ਹਟਾਈ ਸੀ ਛੂਟ ਸਾਰੀਆਂ ਮਹਿਲਾਵਾਂ ਲਈ ਹੈਲਮੇਟ ਜ਼ਰੂਰੀ ਕਰਨ ਵਾਸਤੇ ਚੰਡੀਗੜ੍ਹ ਟਰਾਂਸਪੋਰਟ ਵਿਭਾਗ ਦੇ ਸਕੱਤਰ ਬੀ.ਐਲ. ਸ਼ਰਮਾ ਵੱਲੋਂ 6 ਜੁਲਾਈ ਨੂੰ ਚੰਡੀਗੜ੍ਹ ਮੋਟਰ ਵਹੀਕਲ ਰੂਲਜ਼ 1990 ਦੇ ਨਿਯਮ ਨੰਬਰ 193 ਵਿੱਚ ਸੋਧ ਦਾ ਹਵਾਲਾ ਦੇ ਕੇ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਔਰਤਾਂ ਨੂੰ ਦੋ-ਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਤੋਂ ਛੂਟ ਸੀ।ਇਸ ਨਿਯਮ ਮੁਤਾਬਕ ਸਿਰਫ ਉਨ੍ਹਾਂ ਸਿੱਖ ਪੁਰਸ਼ਾਂ ਅਤੇ ਮਹਿਲਾਵਾਂ ਨੂੰ ਹੈਲਮਟ ਤੋਂ ਛੂਟ ਦਿੱਤੀ ਗਈ ਸੀ ਜੋ ਦਸਤਾਰ ਸਜਾ ਕੇ ਵਾਹਨ ਚਲਾਉਣਗੇ।ਸੜਕ ਹਾਦਸਿਆਂ ਵਿੱਚ ਹੋਈਆਂ ਮੌਤਾਂ ਦਾ ਅੰਕੜਾ

ਟੂ-ਵੀਲ੍ਹਰ ਸਵਾਰ ਔਰਤਾਂ ਦੇ ਸੜਕ ਹਾਦਸੇ ਵਿੱਚ ਸਿਰ ਉੱਤੇ ਲੱਗੀ ਸੱਟ ਕਾਰਨ ਹੋਈਆਂ ਮੌਤਾਂ ਦੇ ਅੰਕੜੇ ਉੱਤੇ ਗ਼ੌਰ ਕਰਨ ਦੀ ਲੋੜ ਹੈ। ਚੰਡੀਗੜ੍ਹ ਟਰੈਫ਼ਿਕ ਪੁਲਿਸ ਮੁਤਾਬਕ ਸਾਲ 2003 ਤੋਂ ਲੈ ਕੇ ਜੂਨ 2018 ਤੱਕ 43 ਔਰਤਾਂ ਦੀ ਮੌਤ ਹੋਈ।ਚੰਡੀਗੜ੍ਹ ਟਰੈਫ਼ਿਕ ਪੁਲਿਸ ਫ਼ਿਲਹਾਲ ਇਸ ਬਾਰੇ ਜਾਗਰੂਕਤਾ ਮੁਹਿੰਮ ਚਲਾ ਰਹੀ ਸੀ।ਸ਼੍ਰੋਮਣੀ ਕਮੇਟੀ ਦੀ ਦਲੀਲ : ਚੰਡੀਗੜ੍ਹ ਪ੍ਰਸ਼ਾਸਨ ਦੇ ਇਸ ਫ਼ੈਸਲੇ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਕਿਰਨਜੀਤ ਕੌਰ ਦਾ ਕਹਿਣਾ ਸੀ ਕਿ ਫ਼ੈਸਲਾ ਸਿੱਖ ਮਰਯਾਦਾ ਦੇ ਉਲਟ ਹੈ।

# ਲੋਕ ਸਾਡੇ ਦੇਸ਼ 'ਚ ਗੈਰ ਕਾਨੂੰਨੀ ਤਰੀਕੇ ਨਾਲ ਨਾ ਆਉਣ, ਕਾਨੂੰਨੀ ਤਰੀਕੇ ਨਾਲ ਆਉਣ : ਡੋਨਾਲਡ ਟਰੰਪ

ਨਵੀਂ ਦਿੱਲੀ (ਪੀਟੀਆਈ) : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਪਸੰਦ ਅਤੇ ਮਦਦ ਕਰਨ ਵਾਲੇ ਲੋਕ ਦੇਸ਼ ਵਿਚ ਆਉਣ ਅਤੇ ਗ਼ੈਰਕਾਨੂੰਨੀ ਤਰੀਕੇ ਨਾਲ ਸਰਹੱਦ ਅੰਦਰ ਨਾ ਆਉਣ। ਟਰੰਪ ਨੇ ਸਨਿਚਰਵਾਰ ਨੂੰ ਵਾਈਟ ਹਾਊਸ 'ਚ ਪੱਤਰਕਾਰਾਂ ਨੂੰ ਕਿਹਾ, ਮੈਂ ਸਰਹੱਦ ਨੂੰ ਲੈ ਕੇ ਬਹੁਤ ਸਖ਼ਤ ਹਾਂ। ਲੋਕ ਸਾਡੇ ਦੇਸ਼ ਵਿਚ ਗ਼ੈਰਕਾਨੂੰਨੀ ਤਰੀਕੇ ਨਾਲ ਆਉਂਦੇ ਹਨ। ਕਾਨੂੰਨੀ ਤਰੀਕੇ ਨਾਲ ਨਹੀਂ। ਮੈਂ ਚਾਹੁੰਦਾ ਹਾਂ ਕਿ ਉਹ ਯੋਗਤਾ ਦੇ ਅਧਾਰ 'ਤੇ ਅਮਰੀਕਾ ਵਿਚ ਆਉਣ।ਗ਼ੈਰਕਾਨੂੰਨੀ ਤਰੀਕੇ ਦੇ ਮੁੱਦਿਆਂ 'ਤੇ ਸਵਾਲਾਂ ਦੇ ਜਵਾਬ 'ਚ ਰਾਸ਼ਟਰਪਤੀ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਲੋਕ ਯੋਗਤਾ ਦੇ ਅਧਾਰ 'ਤੇ ਆਉਣ।ਇਸ ਕਦਮ ਤੋਂ ਭਾਰਤ ਵਰਗੇ ਦੇਸ਼ਾਂ ਦੇ ਤਕਨੀਕੀ ਪੇਸ਼ੇਵਰਾਂ ਦੀ ਮਦਦ ਮਿਲ ਸਕਦੀ ਹੈ। ਉਹਨਾਂ ਨੇ ਕਿਹਾ ਕਿ ਮੈਂ ਕੀ ਚਾਹੁੰਦਾ ਹਾਂ ਯੋਗਤਾ। ਮੈਂ ਚਾਹੁੰਦਾ ਹਾਂ ਕਿ ਕਾਫ਼ੀ ਲੋਕ ਆਉਣ। ਸਾਡੇ ਦੇਸ਼ 'ਚ ਫਿਰ ਤੋਂ ਬਹੁਤ ਵਧੀਆਂ ਕਾਰ ਕੰਪਨੀਆਂ ਆ ਰਹੀਆਂ ਹਨ। ਪਿਛਲੇ 35 ਸਾਲਾਂ ਤੋਂ ਅਜਿਹਾ ਨਹੀਂ ਹੋਇਆ ਹੈ। ਫਾਕਸਕਾਨ ਵਰਗੀਆਂ ਕੰਪਨੀਆਂ ਹਨ, ਜਿਹਰੀਆਂ ਵਿਸਕਾਨਸਿਨ 'ਚ ਵਿਸ਼ਾਲ ਸੈਂਟਰ ਲਗਾਉਣ ਜਾ ਰਹੀ ਹੈ। ਟਰੰਪ ਨੇ ਕਿਹਾ, ਅਸੀਂ ਚਾਹੁੰਦੇ ਹਾਂ ਕਿ ਲੋਕ ਆਉਣ ਪਰ ਅਸੀਂ ਚਾਹੁੰਦੇ ਹਾਂ ਕਿ ਉਹ ਯੋਗਤਾ ਦੇ ਅਧਾਰ 'ਤੇ ਆਉਣ। ਅਸੀਂ ਐਵੇਂ ਦੇ ਲੋਕਾਂ ਨੂੰ ਚਾਹੁੰਦੇ ਹਾਂ ਜਿਹੜੇ ਸਾਡੀ ਮਦਦ ਕਰਨ। ਇਹ ਬਹੁਤ ਮਹੱਤਵਪੂਰਨ ਹੈ।ਪਾਕਿਸਤਾਨ ਨੇ ਗਿੱਦੜ ਵਰਗੀ ਧਮਕੀ ਦਿੰਦੇ ਹੋਏ ਕਿਹਾ ਕਿ ਭਾਰਤ ਵੱਲੋਂ ਇਕ ਵੀ ਸਰਜੀਕਲ ਸਟ੍ਰਾਈਕ ਕਤੇ ਜਾਣ ਦੀ ਸੂਰਤ 'ਚ 10 ਸਰਜੀਕਲ ਸਟ੍ਰਾਈਕ ਕਰਨ ਦੀ ਧਮਕੀ ਦਿਤੀ ਹੈ। ਪਰਮਾਣੂ ਹਥਿਆਰਾਂ ਨਾਲ ਲੈਸ ਦੋਨਾਂ ਦੇਸ਼ਾਂ ਦੇ ਵਿੱਚ ਵਾਕਯੁੱਧ ਦਾ ਇਹ ਤਾਜ਼ਾ ਮਾਮਲਾ ਹੈ। ਫ਼ੌਜ ਦੀ ਇੰਟਰ ਸਰਵਿਸਿਸ ਦੇ ਜਨਸੰਪਰਕ ਵਿਭਾਗ ਦੇ ਪ੍ਰਵਕਤਾ ਮੇਜਰ ਜਨਰਲ ਆਸਿਫ਼ ਗਫ਼ੂਰ ਨੇ ਲੰਡਨ 'ਚ ਮੀਡੀਆ ਨਾਲ ਗੱਲ-ਬਾਤ ਦੇ ਅਧੀਨ ਇਹ ਬਿਆਨ ਦਿਤਾ ਉਹ ਪਾਕਿਸਤਾਨ ਦੀ ਫ਼ੌਜ ਦੇ ਪ੍ਰਮੁੱਖ ਕਮਰ ਜਾਵੇਦ ਬਾਜਵਾ ਦੇ ਨਾਲ ਇਕ ਦੌਰੇ 'ਤੇ ਗਏ ਹੋਏ ਹਨ।ਰੇਡੀਓ ਪਾਕਿਸਤਾਨ ਨੇ ਗਫ਼ੂਰ ਵੱਲੋਂ ਕਿਹਾ, ਜੇਕਰ ਭਾਰਤ ਪਾਕਿਸਤਾਨ ਦੇ ਵਿਚ ਸਰਜੀਕਲ ਸਟ੍ਰਾਈਕ ਕਰਨ ਦੀ ਗੱਲ ਕਰਦਾ ਹੈ ਤਾਂ ਉਸ ਨੂੰ 10 ਸਰਜੀਕਲ ਸਟ੍ਰਾਈਕ ਦਾ ਸਾਹਮਣਾ ਕਰਨਾ ਹੋਵੇਗਾ। ਜਿਹੜੇ ਸਾਡੇ ਖ਼ਿਲਾਫ਼ ਕਿਸੇ ਵੀ ਤਰ੍ਹਾਂ ਦੀ ਦੁਰਖਟਨਾ ਨੂੰ ਅੰਜਾਮ ਦੇਣ ਦੀ ਗੱਲ ਕਰਦੇ ਹਨ। ਉਹਨਾਂ ਨੂੰ ਪਾਕਿਸਤਾਨ ਦੀ ਕੁਸ਼ਮਤਾਓਂ ਨੂੰ ਲੈ ਕੇ ਅਪਣੇ ਦਿਮਾਗ 'ਚ ਕੋਈ ਸ਼ੱਕ ਨਹੀਂ ਰੱਖਣਾ ਚਾਹੀਦਾ।



# ਕੰਮ ਕਰਨ ਵਾਲੀਆਂ ਔਰਤਾਂ ਨੂੰ ਉਨ੍ਹਾਂ ਉਤੇ ਕੰਮ ਕਰਨ ਵਾਲੇ ਮਰਦਾਂ ਦੀ ਹਵਸ ਕਿਵੇਂ ਵੇਖਦੀ ਹੈ...

ਸਾਰੇ ਮਰਦ ਬਲਾਤਕਾਰੀ ਨਹੀਂ ਹੁੰਦੇ ਪਰ ਭਾਰਤੀ ਮਰਦ ਔਰਤ ਵਿਚਕਾਰ ਦੀ ਜਿਸਮਾਨੀ ਹੱਦਬੰਦੀ ਨੂੰ ਉਹ ਸਮਝ ਨਹੀਂ ਪਾਉਂਦੇ। ਸਾਡੇ ਸਮਾਜ ਵਿਚ ਪਿਆਰ ਨੂੰ ਵੀ ਗੁੰਡਾਗਰਦੀ ਦਾ ਰੂਪ ਧਾਰਨ ਦਾ ਮੌਕਾ ਦੇ ਦਿਤਾ ਗਿਆ ਹੈ। ਜਿਵੇਂ ਫ਼ਿਲਮਾਂ ਵਿਚ ਔਰਤ ਨਾਲ ਛੇੜਛਾੜ ਕਰਨੀ ਪਿਆਰ ਦਾ ਪਹਿਲਾ ਕਦਮ ਦਸਿਆ ਜਾਂਦਾ ਹੈ ਅਤੇ ਨਾਂਹ ਨੂੰ ਹਾਂ ਵਿਚ ਤਬਦੀਲ ਕਰਨ ਦੀ ਜ਼ਿੱਦ ਪਿਆਰ ਦੀ ਮੰਨੀ ਹੋਈ ਰਵਾਇਤ ਵਜੋਂ ਪੇਸ਼ ਕੀਤੀ ਜਾਂਦੀ ਹੈ, ਅਸਲ ਜ਼ਿੰਦਗੀ ਵਿਚ ਵੀ ਉਵੇਂ ਹੀ ਹੁੰਦਾ ਹੈ। ਕੰਮ ਕਰਨ ਵਾਲੀਆਂ ਆਜ਼ਾਦ ਔਰਤਾਂ ਦੇ ਨਾਲ ਨਾਲ ਜੇ ਅੱਜ ਘਰੇਲੂ ਔਰਤਾਂ ਵੀ ਸੱਚ ਦਸਣਾ ਸ਼ੁਰੂ ਕਰ ਦੇਣ ਤਾਂ ਸੋਚ ਲਉ ਸਮਾਜ ਵਿਚ ਕਿੰਨਾ ਸ਼ੋਰ ਮੱਚ ਜਾਵੇਗਾ।ਆਲੋਕ ਨਾਥ ਨੂੰ ਹਮੇਸ਼ਾ ਇਕ ਅਜਿਹੇ ਕਿਰਦਾਰ ਵਜੋਂ ਲਿਆ ਗਿਆ ਹੈ ਜਿਸ ਵਿਚ ਕੋਈ ਦਾਗ਼ ਹੋ ਹੀ ਨਹੀਂ ਸਕਦਾ ਤੇ ਜੋ ਇਕ ਬੇਦਾਗ਼ ਭਲਾ ਪੁਰਸ਼ ਹੀ ਮੰਨਿਆ ਜਾਂਦਾ ਹੈ। ਬੁਨਿਆਦ ਵਿਚ 'ਨਾਜੋ' ਆਖਦਾ ਇਹ ਪਿਆਰਾ ਭਰਾ, ਭਾਰਤ ਦੇ ਛੋਟੇ ਅਤੇ ਵੱਡੇ ਪਰਦੇ ਦਾ ਸੱਭ ਤੋਂ ਚਹੇਤਾ ਭਰਾ ਅਤੇ ਪਿਤਾ ਸੀ। ਪਰ ਇਕ ਔਰਤ ਦੇ ਬਿਆਨ ਨੇ ਇਕ ਪਲ ਵਿਚ ਇਸ ਦਹਾਕਿਆਂ ਪੁਰਾਣੇ ਅਦਾਕਾਰ ਦੇ ਅਸਲ ਚਰਿੱਤਰ ਨੂੰ ਨੰਗਾ ਕਰ ਦਿਤਾ। ਅੱਜ ਇਕ ਮੰਤਰੀ, ਕੁੱਝ ਪੱਤਰਕਾਰ ਤੇ ਕੁੱਝ ਲੇਖਕ ਇਸ 'ਮੀ ਟੂ' ਮੁਹਿੰਮ ਵਿਚ ਫਸਣੇ ਸ਼ੁਰੂ ਹੋ ਗਏ ਹਨ।ਇਹ ਅੰਦੋਲਨ ਅਜੇ ਆਮ ਔਰਤਾਂ ਤਕ ਨਹੀਂ ਪਹੁੰਚਿਆ ਪਰ ਉਨ੍ਹਾਂ ਔਰਤਾਂ ਦੀ ਆਵਾਜ਼ ਸੁਣਾਈ ਦੇਣ ਲੱਗ ਪਈ ਹੈ ਜੋ ਅਪਣੇ ਪੈਰਾਂ ਉਤੇ ਖੜੀਆਂ ਹੋ ਚੁਕੀਆਂ ਹਨ ਤੇ ਕਿਸੇ ਉਤੇ ਨਿਰਭਰ ਨਹੀਂ ਕਰਦੀਆਂ। ਤਨੂਸ਼੍ਰੀ ਨੇ ਸੱਚ ਨੂੰ ਕਿੰਨੇ ਸਾਲ ਅਪਣੇ ਦਿਲ ਵਿਚ ਇਕ ਨਾਸੂਰ ਵਾਂਗ ਪਾਲਿਆ ਅਤੇ ਹੁਣ ਜਾ ਕੇ ਨਾਨਾ ਪਾਟੇਕਰ ਬਾਰੇ ਸੱਚ ਸਾਹਮਣੇ ਲਿਆ ਸਕੀ। ਨਾਨਾ ਪਾਟੇਕਰ, ਇਕ ਹੋਰ ਅਜਿਹਾ ਕਿਰਦਾਰ ਹੈ ਜੋ ਸਿਰਫ਼ ਅਦਾਕਾਰ ਹੀ ਨਹੀਂ ਸਗੋਂ ਇਕ ਕ੍ਰਾਂਤੀਕਾਰੀ ਵੀ ਮੰਨਿਆ ਜਾਂਦਾ ਸੀ। ਭਾਰਤ ਵਿਚ ਇਹ ਦਾਗ਼ 'ਡੇਰਾਵਾਦੀਆਂ' ਉਤੇ ਆਮ ਲਗਦੇ ਰਹਿੰਦੇ ਹਨ। ਕਿੰਨੀ ਵਾਰ ਵੇਖਿਆ ਗਿਆ ਹੈ ਕਿ ਧਰਮ ਦੇ ਨਾਂ ਤੇ ਅਪਣੇ ਆਪ ਨੂੰ 'ਰੱਬ' ਅਖਵਾਉਣ ਵਾਲੇ ਬਾਬੇ ਕੁੜੀਆਂ ਦਾ ਬਲਾਤਕਾਰ ਕਰਦੇ ਫੜੇ ਜਾਂਦੇ ਹਨ ਤੇ ਕਾਮ, ਕ੍ਰੋਧ ਤੋਂ ਦੁਨੀਆਂ ਨੂੰ ਬਚਣ ਦਾ ਉਪਦੇਸ਼ ਕਰਨ ਵਾਲੇ ਖ਼ੁਦ ਇਨ੍ਹਾਂ ਔਗੁਣਾਂ ਨਾਲ ਭਰੇ ਹੋਏ ਹੁੰਦੇ ਹਨ। ਹਾਲ ਹੀ ਵਿਚ ਪੀੜਤਾਂ ਅਤੇ ਬੱਚੀਆਂ ਦੇ ਸਰਕਾਰੀ ਆਸਰਾ ਘਰਾਂ ਨੂੰ ਬੱਚਿਆਂ ਦਾ ਸ਼ੋਸ਼ਣ ਕਰਨ ਦਾ ਜ਼ਰੀਆ ਬਣਾਉਣ ਦਾ ਸੱਚ ਸਾਹਮਣੇ ਆਇਆ ਹੈ। ਜੇ ਅੱਜ ਕਿਸੇ ਵੀ ਔਰਤ ਨੂੰ ਪੁਛਿਆ ਜਾਵੇ ਕਿ ਉਸ ਨਾਲ ਕਿਸੇ ਆਦਮੀ ਨੇ ਕਦੇ ਮਾੜਾ ਕੀਤਾ ਜਾਂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸ਼ਾਇਦ ਹੀ ਕੋਈ ਔਰਤ ਹੋਵੇਗੀ ਜੋ ਆਖੇਗੀ 'ਨਹੀਂ'।ਜੇ ਸਾਰੀਆਂ ਔਰਤਾਂ ਸੱਚ ਬੋਲਣ ਲੱਗ ਪੈਣ ਤਾਂ ਵਿਰਲੇ ਹੀ ਆਦਮੀ ਹੋਣਗੇ ਜੋ ਜੇਲ ਤੋਂ ਬਾਹਰ ਰਹਿ ਜਾਣ। ਸੱਚ ਕਿਹਾ ਜਾਵੇ ਤਾਂ ਇਨ੍ਹਾਂ ਆਦਮੀਆਂ ਨੂੰ ਫੜਨ ਵਾਸਤੇ ਔਰਤਾਂ ਦੀ ਫ਼ੌਜ ਭਰਤੀ ਕਰਨੀ ਪਵੇਗੀ ਕਿਉਂਕਿ ਪੁਲਿਸ ਥਾਣਿਆਂ ਵਿਚ ਔਰਤਾਂ ਦੀ ਇੱਜ਼ਤ ਲੁੱਟਣ ਦੀ ਕੋਈ ਹੱਦ ਹੀ ਨਹੀਂ ਰੱਖੀ ਗਈ। 80 ਫ਼ੀ ਸਦੀ ਆਦਮੀਆਂ ਨੇ ਜ਼ਿੰਦਗੀ ਵਿਚ ਕਿਸੇ ਨਾ ਕਿਸੇ ਵੇਲੇ, ਕਿਸੇ ਨਾ ਕਿਸੇ ਔਰਤ ਨਾਲ ਸਦਾਚਾਰ ਦੀ ਸੀਮਾ ਜ਼ਰੂਰ ਪਾਰ ਕੀਤੀ ਹੋਵੇਗੀ। ਭਾਵੇਂ ਉਹ ਅੱਜ ਬਜ਼ੁਰਗ ਹੋ ਗਏ ਹਨ, ਉਨ੍ਹਾਂ ਦੀਆਂ ਅਪਣੀਆਂ ਬੱਚੀਆਂ ਘਰਾਂ ਵਿਚ ਹੋਣ, ਜਿਨ੍ਹਾਂ ਬਾਰੇ ਉਹ ਚਿੰਤਾ ਵੀ ਕਰਦੇ ਹੋਣ, ਪਰ ਆਪ ਉਹ ਜ਼ਰੂਰ ਫਿਸਲੇ ਹੋਣਗੇ।ਸਾਰੇ ਮਰਦ ਬਲਾਤਕਾਰੀ ਨਹੀਂ ਹੁੰਦੇ ਪਰ ਭਾਰਤੀ ਮਰਦ ਔਰਤ ਵਿਚਕਾਰ ਦੀ ਜਿਸਮਾਨੀ ਹੱਦਬੰਦੀ ਨੂੰ ਉਹ ਸਮਝ ਨਹੀਂ ਪਾਉਂਦੇ। ਸਾਡੇ ਸਮਾਜ ਵਿਚ ਪਿਆਰ ਨੂੰ ਵੀ ਗੁੰਡਾਗਰਦੀ ਦਾ ਰੂਪ ਧਾਰਨ ਦਾ ਮੌਕਾ ਦੇ ਦਿਤਾ ਗਿਆ ਹੈ। ਜਿਵੇਂ ਫ਼ਿਲਮਾਂ ਵਿਚ ਔਰਤ ਨਾਲ ਛੇੜਛਾੜ ਕਰਨੀ ਪਿਆਰ ਦਾ ਪਹਿਲਾ ਕਦਮ ਦਸਿਆ ਜਾਂਦਾ ਹੈ ਅਤੇ ਨਾਂਹ ਨੂੰ ਹਾਂ ਵਿਚ ਤਬਦੀਲ ਕਰਨ ਦੀ ਜ਼ਿੱਦ ਪਿਆਰ ਦੀ ਮੰਨੀ ਹੋਈ ਰਵਾਇਤ ਵਜੋਂ ਪੇਸ਼ ਕੀਤੀ ਜਾਂਦੀ ਹੈ, ਅਸਲ ਜ਼ਿੰਦਗੀ ਵਿਚ ਵੀ ਉਵੇਂ ਹੀ ਹੁੰਦਾ ਹੈ। ਕੰਮ ਕਰਨ ਵਾਲੀਆਂ ਆਜ਼ਾਦ ਔਰਤਾਂ ਦੇ ਨਾਲ ਨਾਲ ਜੇ ਅੱਜ ਘਰੇਲੂ ਔਰਤਾਂ ਵੀ ਸੱਚ ਦਸਣਾ ਸ਼ੁਰੂ ਕਰ ਦੇਣ ਤਾਂ ਸੋਚ ਲਉ ਸਮਾਜ ਵਿਚ ਕਿੰਨਾ ਸ਼ੋਰ ਮੱਚ ਜਾਵੇਗਾ। ਘਰ ਵਿਚ ਪਤੀ ਤੋਂ ਲੈ ਕੇ ਸਹੁਰੇ, ਰਿਸ਼ਤੇਦਾਰ, ਨੌਜਵਾਨ, ਭਤੀਜੇ ਆਦਿ ਸੱਭ ਵਿਰੁਧ ਜੇ ਆਵਾਜ਼ ਉੱਠੇਗੀ ਤਾਂ ਭਾਰਤੀ ਸਮਾਜ ਹਿਲ ਜਾਏਗਾ। ਕਿਉਂਕਿ ਅੰਦਰ ਦੀ ਸਚਾਈ ਇਹੀ ਹੈ ਕਿ ਹਰ ਘਰ ਵਿਚ ਕੋਈ ਨਾ ਕੋਈ ਮਰਦ, ਔਰਤ ਨਾਲ ਜ਼ਬਰਦਸਤੀ ਕਰ ਰਿਹਾ ਹੁੰਦਾ ਹੈ ਪਰ ਸ਼ਰਮ ਦੀ ਮਾਰੀ, ਦਸਦੀ ਕਿਸੇ ਨੂੰ ਨਹੀਂ। ਜਿਹੜੀ ਹਲਚਲ ਕੰਮ ਕਰਨ ਵਾਲੀਆਂ ਔਰਤਾਂ ਨੇ ਦਫ਼ਤਰਾਂ ਦੇ ਮਾਹੌਲ ਬਾਰੇ ਸ਼ੁਰੂ ਕੀਤੀ ਹੈ, ਉਸ ਨੂੰ ਬੜੀ ਸੰਜੀਦਗੀ ਨਾਲ ਲੈਣ ਦੀ ਜ਼ਰੂਰਤ ਹੈ। ਸ਼ਾਇਦ 20% ਗ਼ਲਤ ਹੋਣ, ਝੂਠੀਆਂ ਹੋਣ ਪਰ 80% ਸਹੀ ਵੀ ਹਨ। ਸ਼ਾਇਦ ਉਹ 10 ਸਾਲ, 15 ਸਾਲ ਦੇਰੀ ਨਾਲ ਬੋਲ ਰਹੀਆਂ ਹਨ ਪਰ ਉਹ ਸੱਚ ਜ਼ਰੂਰ ਬੋਲ ਰਹੀਆਂ ਹਨ।ਕਮਜ਼ੋਰੀ ਹੈ ਤਾਂ ਭਾਰਤੀ ਸਮਾਜ ਦੀ ਸਿਖਿਆ ਵਿਚ ਹੈ ਜਿਸ ਨੇ ਇਕ ਮਰਦ ਅਤੇ ਔਰਤ ਦੇ ਆਪਸੀ ਸਤਿਕਾਰ ਨੂੰ ਕੋਈ ਮਹੱਤਵ ਨਹੀਂ ਦਿਤਾ। ਉਸ ਦੀ ਕਾਬਲੀਅਤ ਵਿਚ ਹੁਨਰ ਦਾ ਕੋਈ ਦਖ਼ਲ ਨਹੀਂ। ਬਲਾਤਕਾਰੀ ਅਪਣੇ ਅਹੁਦੇ ਦਾ ਨਾਜਾਇਜ਼ ਫ਼ਾਇਦਾ ਉਠਾਉਣ ਨੂੰ ਅਪਣਾ ਹੱਕ ਹੀ ਸਮਝਦਾ ਹੈ। ਦੁੱਖ ਤਾਂ ਬੜਾ ਹੁੰਦਾ ਹੈ ਜਦੋਂ ਵਧੀਆ ਕਿਰਦਾਰ ਮੰਨੇ ਜਾਣ ਵਾਲਿਆਂ ਬਾਰੇ ਸੱਚ ਬਾਹਰ ਆਉਂਦਾ ਹੈ ਪਰ ਜੇ ਅੱਜ ਵੀ ਚੁੱਪ ਰਹੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਵਿਚ ਹੋਰ ਅਪਰਾਧੀ ਪੈਦਾ ਹੋਣਗੇ।

# ਸਮੇ ਦੀਆਂ ਸਰਕਾਰਾਂ ਵੱਲੋਂ ਕੌਮ ਨੂੰ ਧੋਖਾ ਦੇਕੇ ਸਿੱਖਾਂ ਦਾ ਸਿਦਕ ਪਰਖਿਆ ਜਾ ਰਿਹਾ ਹੈ: ਦਾਦੂਵਾਲ, ਭੌਰ,ਬਿੱਟੂ



ਬਰਗਾੜੀ- ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਵਿੱਚ ਚੱਲ ਰਹੇ ਇਨਸਾਫ ਮੋਰਚੇ ਦੇ 133ਵੇਂ ਦਿਨ ਬੇਅਦਬੀ ਕਾਂਡ ਦੇ ਦੋ ਸ਼ਹੀਦਾਂ ਦੀ ਯਾਦ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਪਰਾਅਰੰਭ ਕਰਵਾਏ ਗਏ,ਜਿੰਨਾਂ ਦੇ ਭੋਗ ਸ਼ਹੀਦੀ ਦਿਨ ਭਾਵ 14 ਅਕਤੂਬਰ ਨੂੰ ਪਾਏ ਜਾਣਗੇ।ਏਸੇ ਸਬੰਧ ਵਿੱਚ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਵਿੱਚ ਜਥੇਦਾਰ ਬਲਜੀਤ ਸਿੰਘ ਦਾਦੂਵਾਲ, ਸਿੰਘ ਸਾਹਿਬ ਗਿਆਨੀ ਕੇਬਲ ਸਿਘ।ਪੰਜ ਪਿਆਰਿਆਂ ਚੋ ਭਾ ?ੀ ਸਤਨਾਮ ਸਿੰਘ ਖੰਡਾ,ਪੰਥਕ ਫਰੰਟ ਦੇ ਸੁਖਦੇਵ ਸਿੰਘ ਭੌਰ, ਅਤੇ ਦਲ ਖਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਬਿੱਟੂ ਵੱਲੋਂ ਸਾਂਝੇ ਤੌਰ ਤੇ ਪ੍ਰੈਸ ਕਾਨਫਰੰਸ ਵੀ ਕੀਤੀ ਗਈ।ਪੱਤਰਕਾਰਾਂ ਦੇ ਸੁਆਲਾਂ ਦੇ ਜਵਾਬ ਦਿੰਦਿਆਂ ਜਥੇਦਾਰ ਮੰਡ ਨੇ ਕਿਹਾ ਕਿ ਮੋਰਚਾ ਪੁਰਅਮਨ ਤਰੀਕੇ ਨਾਲ ਨਵੀਆਂ ਪੁਲਾਂਘਾਂ ਪੁੱਟਦਾ ਹੋਇਆ ਸਰਕਾਰਾਂ ਤੋ ਇਨਸਾਫ ਦੀ ਮੰਗ ਕਰਦਾ ਹੈ। ਉਹਨਾਂ ਕਿਹਾ ਕਿ ਪਿਛਲੀ ਸਰਕਾਰ ਨੇ ਗੋਲੀਆਂ, ਡਾਂਗਾਂ ਅਤੇ ਜੇਲ੍ਹਾਂ ਦਿੱਤੀਅ ! ਮੌਜੂਦਾ ਸਰਕਾਰ ਦੇ ਵੀ ਕੰਨ ਤੇ ਜੂੰ ਨਹੀ ਸਰਕੀ, ਕਿਉਂਕਿ ਕੁੱਤੀ ਚੋਰਾਂ ਨਾਲ ਰਲੀ ਹੋਈ ਹੈ, ਜਿਸ ਵਿੱਚ ਜੁਡੀਸਰੀ ਵੀ ਉਹਨਾਂ ਦਾ ਹੀ ਸਾਥ ਦੇ ਰਹੀ ਹੈ।ਉਹਨਾਂ ਕਿਹਾ ਕਿ ਕੇਂਦਰ ਖਾਲਸਾ ਪੰਥ ਅਤੇ ਸਮੁੱਚੀਆਂ ਘੱਟ ਗਿਣਤੀਆਂ ਨੂੰ ਕਦੇ ਵੀ ਇਨਸਾਫ ਨਹੀ ਦੇਣਾ ਚਾਹੁੰਦਾ। ਉਹਨਾਂ 14 ਅਕਤੂਬਰ ਦੇ ਸ਼ਹੀਦੀ ਦਿਹਾੜੇ ਤੇ ਪੁੱਜਣ ਦੀ ਸਮੂੰਹ ਖਾਲਸਾ ਪੰਥ ਨੂੰ ਅਪੀਲ ਕਰਦਿਆਂ ਕਿਹਾ ਕਿ ਆਪੋ ਆਪਣੇ ਵਹੀਕਲਾਂ,ਮੋਟਰ,ਕਾਰਾਂ,ਟਰੈਕਟਰ ਟਰਾਲੀਆਂ, ਸਕੂਟਰ,ਮੋਟਰਸਾਈਕਲਾਂ,ਬੱਸਾਂ ਟਰੱਕਾਂ ਭਾਵ ਜੋ ਵੀ ਸਾਧਨ ਹੋਵੇ ਆਪੋ ਆਪਣੇ ਸਾਧਨਾਂ ਤੇ ਬਰਗਾੜੀ ਵੱਲ ਨੂੰ ਵਹੀਰਾਂ ਘੱਤ ਦਿਓ,ਤਾਂ ਕਿ ਅੰਨੀ ਬੋਲ਼ੀ ਸਰਕਾਰ ਨੂੰ ਪਤਾ ਲੱਗ ਸਕੇ।ਜਥੇਦਾਰ ਦਾਦੂਵਾਲ ਨੇ ਕਿਹਾ ਕਿ ਮੰਗਾਂ ਜਾਇਜ ਹਨ ਅਸੀ ਹੱਕ ਮੰਗ ਰਹੇ ਹਾਂ।ਅਗਲੀਆਂ ਪਿਛਲੀਆਂ ਦੋਨੋ ਸਰਕਾਰਾਂ ਰਲ ਚੁੱਕੀਆਂ ਹਨ,ਇੱਕ ਦੋਸ਼ੀ ਹੈ ਤੇ ਇੱਕ ਬਚਾ ਰਿਹਾ ਹੈ।ਉਹਨਾਂ ਖਾਹਿਰਾ ਦੇ 15 ਦਿਨ ਦੇ ਦਿੱਤੇ ਅਲਟੀਮੇਟਮ ਸਬੰਧੀ ਪੁੱਛਣ ਤੇ ਕਿਹਾ ਕਿ ਜੋ ਵੀ ਪਰੋਗਰਾਮ ਹੋਵੇਗਾ ,ਉਹ ਜਥੇਦਾਰਾਂ ਵੱਲੋਂ ਹੀ ਹੋਵੇਗਾ।ਉਹਨਾਂ 14 ਨੂੰ ਵੱਖਰੇ ਪਰੋਗਰਾਮ ਕਰਨ ਵਾਲਿਆਂ ਨੂੰ ਕਿਹਾ ਕਿ ਉਹ ਅਜਿਹਾ ਕਰਕੇ ਸਰਕਾਰਾਂ ਦੇ ਪੱਖ ਵਿੱਚ ਨਾ ਭੁਗਤਣ।ਜਥੇਦਾਰ ਸੁਖਦੇਵ ਸਿੰਘ ਭੌਰ ਨੇ ਕਿਹਾ ਕਿ ਸਾਢੇ ਚਾਰ ਮਹੀਨੇ ਤੋ ਨਾਂ ਹੀ ਮੌਜੂਦਾ ਸੂਬਾ ਸਰਕਾਰ ਨੇ ਅਤੇ ਨਾ ਹੀ ਕੇਂਦਰ ਦੀ ਮੋਦੀ ਸਰਕਾਰ ਨੇ ਸਿੱਖਾਂ ਦੀ ਕੋਈ ਗੱਲ ਸੁਣੀ ਹੈ,ਕਿਉਕਿ ਕੇਂਦਰ ਨਹੀ ਚਾਹੁੰਦਾ ਕਿ ਸਿੱਖਾਂ ਦੇ ਦੋਸੀਆਂ ਨੂੰ ਸਜਾ ਮਿਲੇ। ਉਹਨਾਂ ਕਿਹਾ ਕਿ ਜਿਹੜੇ ਬੇਅਦਬੀ ਦੇ ਤਿੰਨ ਦੋਸ਼ੀ ਫੜੇ ਹੋਏ ਸਨ, ਸੀਵੀਆਈ ਨੇ ਉਹਨਾਂ ਦਾ ਚਲਾਣ ਹੀ ਪੇਸ ਨਹੀ ਕੀਤਾ ਤੇ ਉਹਨਾਂ ਨੂੰ ਜਮਾਨਤ ਮਿਲ ਗਈ ਤੇ ਬੀਤੇ ਕੱਲ ਹਾਈਕੋਰਟ ਤੋ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਨੂੰ ਵੀ ਰਾਹਤ ਮਿਲ ਗਈ ਹੈ,ਇਸ ਤੋ ਸਪੱਸਟ ਹੈ ਕਿ ਸਿੱਖਾਂ ਦਾ ਸਿਦਕ ਪਰਖਿਆ ਜਾ ਰਿਹਾ ਹੈ।ਭਾਈ ਕੰਵਰਪਾਲ ਸਿੰਘ ਬਿੱਟੂ ਨੇ ਕਿਹਾ ਕਿ 14 ਨੂੰ ਗੁਰੂ ਲਈ ਸ਼ੀਸ ਵਾਰਨ ਵਾਲਿਆਂ ਦਾ ਦਿਹਾੜਾ ਹੈ,ਇਸ ਲਈ ਖਾਲਸਾ ਪੰਥ ਹੁੰਮ ਹੁੰਮਾ ਕੇ ਪਹੁੰਚੇ ਤਾਂ ਕਿ ਮੋਰਚੇ ਨੂੰ ਬਲ ਮਿਲੇ। ਉਹਨਾਂ ਕਿਹਾ ਸੈਣੀ ਦੋਨਾਂ ਸਰਕਾਰਾਂ ਅਕਾਲੀ ਅਤੇ ਕਾਂਗਰਸ ਦਾ ਚਹੇਤਾ ਹੈ,ਇਸ ਲਈ ਦੋਨੋ ਹੀ ਸਰਕਾਰਾਂ ਅਤੇ ਕੇਂਦਰ ਉਹਨੂੰ ਬਚਾਉਣਾ ਚਾਹੁੰਦੇ ਹਨ।ਉਹਨਾਂ ਕਿਹਾ ਕਿ ਸੈਣੀ ਦਿੱਲੀ ਦਾ ਪੁਰਜਾ ਹੈ,ਇਸ ਲਈ ਇਹ ਰਾਹਤ ਸੈਣੀ ਨੂੰ ਨਹੀ ਬਲਕਿ ਕੈਪਟਨ ਨੂੰ ਮਿਲੀ ਹੈ,ਜਿਹੜਾ ਉਹਨੂੰ ਗਿਰਫਤਾਰ ਨਹੀ ਕਰਨਾ ਚਾਹੁੰਦਾ।ਸਟੇਜ ਦੀ ਸੁਰੂਆਤ ਭਾਈ ਜਤਿੰਦਰਪਾਲ ਸਿੰਘ ਸੈਦੇ ਕੇ ਰੁਹੇਲਾ, ਭਾਈ ਗੁਰਵਿੰਦਰਪਾਲ ਸਿੰਘ ਸੈਦੇ ਕੇ ਰੁਹੇਲਾ ਦੇ ਰਾਗੀ ਜਥੇ ਨੇ ਗੁਰੂ ਜਸ ਕੀਰਤਨ ਢਾਡੀ ਦਰਬਾਰ ਵਿੱਚ ਢਾਡੀ ਸਾਧੂ ਸਿੰਘ ਧੰਮੂ, ਬੀਬੀ ਚਰਨਜੀਤ ਕੌਰ, ਬੀਬੀ ਰਾਮਪ੍ਰੀਤ ਕੌਰ ਮੱਲਕੇ ਸੁਰੰਗੀ ਮਾਸਟਰ ਜਸਵਿੰਦਰ ਸਿੰਘ ਮਾਨਸਾ,ਦਰਸਨ ਸਿੰਘ ਦਲੇਰ,ਰੌਸ਼ਨ ਸਿੰਘ ਰੌਸ਼ਨ ਬੱਧਨੀ ਕਲਾਂ ਤੋਂ ਇਲਾਵਾ ਬਹੁਤ ਸਾਰੇ ਢਾਡੀ ਜਥਿਆਂ ਨੇ ਬੀਰ ਰਸ ਵਾਰਾਂ,ਕਵਿਤਾਵਾਂ ਅਤੇ ਕਵੀਸ਼ਰੀ ਸੁਣਾ ਕੇ ਹਾਜਰੀ ਲਗਵਾਈ। ਮੋਰਚੇ ਵਿੱਚ ਰਾਜਾ ਰਾਜ ਸਿੰਘ ਅਰਬਾਂ ਖਰਬਾਂ ਮਾਲਵਾ ਤਰਨਾ ਦਲ,,ਭਾਈ ਜਸਵੀਰ ਸਿੰਘ ਖੰਡੂਰ,ਭਾਈ ਗਿਆਨ ਸਿੰਘ ਮੰਡ,ਬਾਬਾ ਮੋਹਨ ਦਾਸ ਬਰਗਾੜੀ,ਬਲਕਰਨ ਸਿੰਘ ਮੰਡ,,ਮਨਜਿੰਦਰ ਸਿੰਘ ਕਾਕਾ ਮੰਡ,ਗੁਰਸੇਵਕ ਸਿੰਘ ਭਾਣਾ,ਬਾਬਾ ਬੂਟਾ ਸਿੰਘ ਦੀਪਕ, ਬਾਬਾ ਹਰਬੇਅੰਤ ਸਿੰਘ ਮਸਤੂਆਣਾ ਸਾਹਿਬ, ਕੰਵਰਪਾਲ ਸਿੰਘ ਬਿੱਟੂ, ਬਾਬਾ ਹਰਦੀਪ ਸਿੰਘ ਮਹਿਰਾਜ, ਪੰਜ ਪਿਆਰਿਆਂ ਵਿੱਚੋਂ ਭਾਈ ਸਤਨਾਮ ਸਿੰਘ ਖੰਡਾ, ਭਾਈ ਰਛਪਾਲ ਸਿੰਘ ਖਾਲਸਾ ਅਨੰਦਪੁਰ ਸਾਹਿਬ, ਬਾਬਾ ਲਾਲ ਸਿੰਘ ਲੰਗੇਆਣਾ, ਭਾਈ ਤਰਸੇਮ ਸਿੰਘ ਯੂ ਕੇ, ਬਲਵਿੰਦਰ ਸਿੰਘ ਘਰਾਚੋਂ, ਸਰਪੰਚ ਸੁਖਦੇਵ ਸਿੰਘ, ਸੁਖਚੈਨ ਸਿੰਘ ਭੂਰੀ ਵਾਲੇ, ਮਨਜੋਤ ਸਿੰਘ ਨਿਊਜੀਲੈਂਡ, ਜਗਜੀਤ ਸਿੰਘ ਖੋਸੇ, ਹਰਨੇਕ ਸਿੰਘ ਝਨੇਰਵਾਲੀ,ਸੁਖਮੰਦਰ ਸਿੰਘ ਕੋਠੇ ਵੜਿੰਗਹਰਦੀਪ ਸਿੰਘ ਢੰਡੀ, ਗੁਰਚਰਨ ਸਿੰਘ ਲੰਗੇਆਣਾ, ਮਨਜੀਤ ਕੌਰ ਲੰਗੇਆਣਾ, ਜਸਪਾਲ ਸਿੰਘ ਸੰਤੂਵਾਲਾ,ਪਰਮਜੀਤ ਸਿੰਘ ਸੰਤੂਵਾਲਾ, ਕਰਮਜੀਤ ਸਿੰਘ ਰਾਊਕੇ ਕਲਾਂ, ਜਲਵਿੰਦਰ ਸਿੰਘ ਭਕਨਾ,ਦਿਲਬਾਗ ਸਿੰਘ ਬਾਘਾ ਚਮਕੌਰ ਸਾਹਿਬ,ਰਣਜੀਤ ਸਿੰਘ ਹੁਸੈਨਪੁਰ ਲਾਲੋਵਾਲ,ਗੁਰਪ੍ਰੀਤ ਸਿੰਘ ਹੁਸੈਨਪੁਰ ਲਾਲੋਵਾਲ, ਬੱਲਮ ਸਿੰਘ ਖੋਖਰ, ਗੁਰਪ੍ਰੀਤ ਸਿੰਘ ਠੱਠੀਭਾਈ, ਡਾ ਬਲਵੀਰ ਸਿੰਘ ਸਰਾਵਾਂ, ਸਰਬਜੀਤ ਸਿੰਘ ਗੱਤਕਾ ਅਖਾੜਾ,ਭਾਈ ਮੋਹਕਮ ਸਿੰਘ ਚੱਬਾ,ਗੁਰਮੀਤ ਸਿੰਘ ਹਕੂਮਤਵਾਲਾ, ਸ਼੍ਰੋਮਣੀ ਅਕਾਲੀ ਦਲ (ਅ) ਦੇ ਯੂਥਆਗੂਮਨਪ੍ਰੀਤ ਸਿੰਘ ਗੋਰ ਸਿੰਘਵਾਲਾ,ਗੁਰਤੇਜ ਸਿੰਘ ਠੱਠੀਭਾਈ,ਰੇਸਮ ਸਿੰਘ ਠੱਠੀਭਾਈ, ਬਿੱਕਰ ਸਿੰਘ ਦੋਹਲਾ, ਮੋਹਣ ਸਿੰਘ ਭੁੱਟੀਵਾਲਾ, ਸਮੇਤ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਮੋਰਚੇ ਵਿੱਚ ਸ਼ਮੂਲੀਅਤ ਕੀਤੀ।ਨਾਲ ਕੀਤੀ। ਆਈਆਂ ਸੰਗਤਾਂ ਦਾ ਧੰਨਵਾਦ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਕੀਤਾ।ਸਟੇਜ ਦੀ ਜੁੰਮੇਵਾਰੀ ਜਸਕਰਨ ਸਿੰਘ ਕਾਹਨ ਸਿੰਘ ਵਾਲਾ,ਰਣਜੀਤ ਸਿੰਘ ਵਾਂਦਰ, ਅਤੇ ਜਗਦੀਪ ਸਿੰਘ ਭੁੱਲਰ ਨੇ ਬਾਖੂਬੀ ਨਿਭਾਈ।

# ਬਾਦਲ ਵੱਲ ਜੁੱਤੀ ਸੁੱਟਣ ਵਾਲੇ ਸਿੱਖ ਕਾਰਕੁਨ ਨੂੰ ਜੇਲ੍ਹ



ਚੰਡੀਗੜ੍ਹ -ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਰੋਸ ਵਜੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ’ਤੇ ਜੁੱਤੀ ਵਗਾਹ ਕੇ ਮਾਰਨ ਵਾਲੇ ਸਿੱਖ ਕਾਰਕੁਨ ਗੁਰਬਚਨ ਸਿੰਘ ਨੂੰ ਮਲੋਟ ਅਦਾਲਤ ਨੇ ਦੋ ਸਾਲ ਦੀ ਸਜ਼ਾ ਸੁਣਾਈ ਹੈ। ਵਿਧਾਨ ਸਭਾ ਚੋਣਾਂ 2017 ਦੇ ਚੋਣ ਪ੍ਰਚਾਰ ਦੌਰਾਨ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਦੋਂ ਹਲਕਾ ਲੰਬੀ ਦੇ ਪਿੰਡ ਰੱਤਾ ਖੇੜਾ ਵਿੱਚ ਜਲਸਾ ਕਰ ਰਹੇ ਸਨ ਤਾਂ ਉਦੋਂ ਗੁਰਬਚਨ ਸਿੰਘ ਨੇ ਬੇਅਦਬੀ ਦੇ ਰੋਸ ਵਜੋਂ ਬਾਦਲ ਵੱਲ ਜੁੱਤੀ ਮਾਰੀ ਸੀ। ਉਸ ਮਗਰੋਂ ਫ਼ੌਰੀ ਬਾਦਲ ਆਪਣਾ ਚੋਣ ਪ੍ਰਚਾਰ ਖਤਮ ਕਰਕੇ ਘਰ ਪਰਤ ਗਏ ਸਨ।ਘਟਨਾ ਵਿਚ ਬਾਦਲ ਦੀ ਐਨਕ ਵੀ ਨੁਕਸਾਨੀ ਗਈ ਸੀ। ਗੁਰਬਚਨ ਸਿੰਘ ਖ਼ਿਲਾਫ਼ ਧਾਰਾ 353, 355, 186 ਤਹਿਤ ਕੇਸ ਦਰਜ ਕੀਤਾ ਸੀ। ਪੁਲਿਸ ਨੇ ਫ਼ੌਰੀ ਗੁਰਬਚਨ ਸਿੰਘ ਨੂੰ ਕਾਬੂ ਕਰ ਲਿਆ ਸੀ। ਦੱਸਣਯੋਗ ਹੈ ਕਿ ਗੁਰਬਚਨ ਸਿੰਘ ਮੌਜੂਦਾ ਮੁਤਵਾਜ਼ੀ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਦੇ ਭਰਾ ਹਨ ਤੇ ਖੇਤੀਬਾੜੀ ਕਰਦਾ ਹੈ। ਗੁਰਬਚਨ ਸਿੰਘ ਨੇ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਮੌਕੇ ਹਲਕਾ ਲੰਬੀ ਦੇ ਪਿੰਡ ਰੱਤਾ ਖੇੜਾ ਵਿੱਚ ਬਾਦਲ ਵੱਲ ਜੁੱਤੀ ਵਗਾਹ ਮਾਰੀ ਸੀ। ਉਸ ਮਗਰੋਂ ਬਾਦਲ ਘਬਰਾ ਕੇ ਆਪਣਾ ਚੋਣ ਪ੍ਰਚਾਰ ਖ਼ਤਮ ਕਰ ਘਰ ਪਰਤ ਗਏ ਸਨ। ਇਸ ਮੌਕੇ ਬਾਦਲ ਦੀ ਐਨਕ ਵੀ ਟੁੱਟ ਗਈ ਸੀ। ਜੁੱਤੀ ਮਾਰਨ ਤੋਂ ਬਾਅਦ ਗੁਰਬਚਨ ਸਿੰਘ ਉੱਥੇ ਹੀ ਖੜ੍ਹਿਆ ਰਿਹਾ ਸੀ ਜਿਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ। ਯਾਦ ਰਹੇ ਉਸ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਕੇ ਸਿੱਖ ਸੰਗਤ ਵਿੱਚ ਬੇਹੱਦ ਰੋਸ ਸੀ। ਬਾਦਲ ਨੇ ਚੋਣ ਪ੍ਰਚਾਰ ਵੇਲੇ ਵੀ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਕੀਤਾ ਸੀ। ਉਸ ਵੇਲੇ ਹੋਰ ਵੀ ਅਕਾਲੀ ਲੀਡਰਾਂ ’ਤੇ ਹਮਲੇ ਹੋਏ ਸਨ।







# The Association of Indians in America, Inc

*Proudly Celebrates* *(NY Chapter)*

# 31st Deepavali



Live Fireworks at 7pm

Sponsored by:

cheapOair.com QATAR AIRWAYS

## Sunday October 7, 2018

South Street Seaport, NY

200 Water Street, New York NY 10038

12:30 PM to 7 PM

(Subway 2 3 4 5 J M Z to Fulton Street)

FREE ADMISSION

www. theaiany.org theaiany

Come Celebrate Over
30 years of Deepavali
50 years of AIA




Register NOW: naachinferno@gmail.com





## Jaz Dhami LIVE




**VENDORS: EARLY BIRD DISCOUNT - FOOD & RETAIL**
ALL WELCOME! PLEASE REGISTER NOW

**ATTRACTIONS:**

Art Exhibition
Health Kiosk
Children's Fair
Corporate Fair
Performances
Shopping Bonanza
Delicious Food
Free Gifts & Raffles
EXCLUSIVE FASHION SHOW

i'm lovin' it · pepsi · New York Life · Sony Entertainment Television HD · kotak · NAVIKA · HAB BANK · Parikh Worldwide Media · ITV Gold · India Abroad · 8K Radio · 8K Miles Media · jus punjabi · The South Asian Times · TV Asia HD · The Indian Panorama · The Indian Express · Insider · #desi in nyc · PTC Punjabi · Radio Dil

**SPONSORSHIPS:**
GOBIND MUNJAL - 646.209.8244
PRESIDENT@THEAIANY.ORG
PRESIDENT: GOBIND MUNJAL
DEEPAVALI CHAIR: HARISH THAKKAR - 917.301.9333
MEDIA CHAIR: SHYAM GAJWANI - 646.541.5859

**VENDOR CONTACTS: FOOD & RETAIL | WWW.THEAIANY.ORG**
USHA KAPOOR - 914.826.5376
GITANJLI ANAND - 631.747.5681
AVINASH SURI - 631.269.7247
ANITA THAKKAR - 347.804.7119
GOBIND BATHIJA - 631.748.9333
SUMAN MUNJAL - 917.371.2777
VIMAL GOYAL - 516.978.7125

**CULTURAL/ PERFORMERS:**
INDU GAJWANI - 646.620.0074
NEELAM MODI - 516.484.8561
SWATI VAISHNAV - 516.395.1209
JYOTI GUPTA - 516.984.5220
BROCHURE: BEENA KOTHARI - 631.586.1579




# ਖਿਡਾਰੀ ਤੋਂ ਕਿਸ ਤਰ੍ਹਾਂ ਦਾ ਐਕਟਰ ਬਨੀ ਪ੍ਰਾਚੀ ਤੇਹਲਾਨ, ਜਾਣੋ ਦਿਲ ਨੂੰ ਛੂਹਣ ਵਾਲੀ ਕਹਾਣੀ



ਨਵੀਂ ਦਿੱਲੀ ਖੇਡ ਵਿੱਚ ਪ੍ਰਤਿਭਾ ਦਿਖਾਉਣ ਤੋਂ ਬਾਅਦ ਅਭਿਨੈ ਦੀ ਵਿਸ਼ਵ ਵਿੱਚ ਕਦਮ ਰੱਖਣ ਵਾਲੇ ਪ੍ਰਾਚੀ ਤੇਹਲਾਨ ਸਟਾਰ ਪਲੱਸ ਦੇ ਨਵੇਂ ਸ਼ੋਅ 'ਇਕਨਵਨ' ਵਿੱਚ ਮੁੱਖ ਭੂਮਿਕਾ ਵਿੱਚ ਦਿਖਾਇਆ ਗਿਆ ਸੀ। ਏਕੀਵਨ ਦੀ ਕਹਾਣੀ ਪਾਰੇਖ ਪਰਿਵਾਰ ਦਾ 51 ਵੀਂ ਬੱਚਾ ਹੈ ਜਿਸ ਵਿੱਚ ਪ੍ਰਾਚੀ ਤੇਹਲਾਨ ਸੁਸ਼ੀਲ ਨਾਮਕ ਇਕ ਕੁੜੀ ਦਾ ਕਿਰਦਾਰ ਨਿਭਾਏਗਾ, ਸੁਸ਼ੀਲ ਦੇ 4 ਪੁਰਸ਼ ਉਸਦੇ ਦਾਦਾ, ਬਾਪ, ਚਾਚਾ ਆਈਅਰ ਮਮਾ ਨੇ ਪਾਲਾ ਹੈ।

ਸੁਸ਼ੀਲ ਦੀ ਮਾਂ ਕੋਰੀ ਅਤੇ ਨਾ ਪਰਿਵਾਰ ਦੇ ਚਾਰ ਮੈਂਬਰ ਹੀ ਹਨ ਜੋ ਕਿ ਉਸਦੇ ਲਵਲਨ ਕਰਦੇ ਹਨ। ਸੁਸ਼ੀਲ ਆਪਣੀ ਉਮਰ ਦੀ ਦੂਸਰੀ ਕੁੜੀਆਂ ਤੋਂ ਕੁਝ ਵੱਖਰੇ ਹਨ। ਉਸ ਦਾ ਕੱਦ ਕਾਠ ਬਹੁਤ ਲੰਮਾ ਹੈ ਅਤੇ ਬਹੁਤ ਭਾਰੀ ਹੈ। ਇਹੀ ਕਾਰਨ ਹੈ ਕਿ ਉਸਨੂੰ 'ਊਠ' ਕਹਿ ਕੇ ਚਿੜਾਇਆ ਜਾਵੇ, ਉਸਦੀ ਉਮਰ ਵਿੱਚ ਜਦੋਂ ਲੜਕੀਆਂ ਦੇ ਨਾਲ ਖੇਡਾਂ ਹੁੰਦੀਆਂ ਹਨ ਤਾਂ ਉਹ ਉਮਰ ਵਿੱਚ ਸੁਸ਼ੀਲ ਕ੍ਰਿਸ਼ਨ ਜਨਮਾਂਸ਼ ਉੱਤੇ ਮਟਕੀ ਮੁੰਡੇ ਨੂੰ ਮਟਕੀ ਭੰਗਣ ਦੀ ਚੁਣੌਤੀ ਦਿੰਦੀ ਨਜ਼ਰ ਆਉਂਦੀ ਹੈ।

ਸਟਾਰ ਪਲੱਸ ਦੀ ਮਸ਼ਹੂਰ ਸ਼ੋਅ 'ਦੀਆਂ ਔਰ ਬਾਤੀ ਹਮ', ਵਿੱਚ 'ਅਰਜੂ' ਦੇ ਕਿਰਦਾਰ ਨਿਭਾਉਂਦੀ ਪਰਾਚੀ ਤੇਹਲਾਨ ਨੇ ਕਿਹਾ ਕਿ ਈਕੀਵਾਨ ਟੀ.ਵੀ. ਸੀਰੀਅਲ ਮੇਰੇ ਕੈਰੀਅਰ ਦਾ ਸਭ ਤੋਂ ਮਹੱਤਵਪੂਰਣ ਭੂਮਿਕਾਵਾਂ ਵਿੱਚੋਂ ਇਕ ਹੈ। ਆਮ ਤੌਰ 'ਤੇ ਮੇਰੇ ਸੁਭਾਅ ਵਿੱਚ ਕੋਈ ਵੀ ਕੁੜੀ ਸੁੰਦਰ, ਸੁਲਝੀ, ਸਮਝਦਾਰ ਅਤੇ ਸ਼ਾਂਤ ਹੋਣ ਦੀਆਂ ਚੰਗਿਆਈਆਂ ਹੁੰਦੀਆਂ ਹਨ, ਪਰ ਮੈਂ ਜੋ ਸੁਸ਼ੀਲ ਦਾ ਕਿਰਦਾਰ ਨਿਭਾਇਆ ਹੈ ਉਹ ਬਿਲਕੁਲ ਉਲਟ ਹੈ।

ਉਸਦੇ ਪਰਵਰਿਸ਼ ਬਿਲਕੁਲ ਅਲੱਗ ਢੰਗ ਨਾਲ ਹੁੰਦੀ ਹੈ ਉਸਦੇ ਘਰ ਦੇ ਮਰਦ ਦੀ ਤਰ੍ਹਾਂ ਪਿਆਰ ਕਰਨ ਹੈ ਉਸਦੇ ਅਚੰਭੇ ਨੂੰ ਆਕਾਰ ਅਤੇ ਉਸਦੇ ਅਜੀਬ ਦੀ ਦੂਜੀ ਲੜਾਈ ਤੋਂ ਵੱਖਰੀ ਹੈ। ਇਸ ਗੱਲ ਵਿੱਚ ਕੋਈ ਸੱਚਾਈ ਨਹੀਂ ਸੀ ਕਿ ਉਹ ਦੂਜੀ ਕੁੜੀ ਤਰ੍ਹਾਂ ਦਿਖਾਈ ਦੇਵੇਵੀ, ਬਸ ਉਹ ਜੈਸਾ ਹੈ ਉਹ ਹੀ ਇਸ ਕਿਰਦਾਰ ਦੀ ਧਾਰਨਾ 'ਤੇ ਜ਼ੋਰ ਦਿੰਦਾ ਹੈ ਕਿ ਤੁਸੀਂ ਆਪੇ ਹੀ ਕਰਦੇ ਹੋ।

ਪ੍ਰਾਚੀ ਤੇਹਲਾਨ ਨੇ ਕਿਹਾ ਕਿ ਮੈਨੂੰ ਕਦੇ ਵੀ ਐਕਸ਼ੀਟੇਜ ਟੀਚਰ ਦੀ ਇੱਛਾ ਨਹੀਂ ਹੈ, ਪਰ ਮੇਰੀ ਕਿਰਿਆ ਮੈਨੂੰ ਕੰਮ ਕਰਨ ਲਈ ਆਈ ਹੈ। ਇਹ ਮੇਰੇ ਲਈ ਇਕ ਮੌਕਾ ਹੈ ਜਿਸ ਵਿੱਚ ਜੀਵਨ 'ਚ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ। ਪ੍ਰਾਚੀ ਤੇਹਲਾਨ ਨੇ ਦੱਸਿਆ ਕਿ ਉਸਨੇ ਇਕ ਵਾਰ ਇਕ ਜੋਤਿਸ਼ੀ ਨੂੰ ਆਪਣਾ ਹੱਥ ਦਿਖਾਇਆ ਤਾਂ ਉਸਨੇ ਕਿਹਾ ਕਿ ਤੂੰ ਭਵਿੱਖ ਦੇ ਸਮੁੰਦਰ ਕੰਢੇ ਦੇ ਕਿਸੇ ਸ਼ਹਿਰ ਵਿੰਚ ਰਹੋਗੇ ਅਤੇ ਤੇਰਾ ਭਵਿੱਖ ਬਹੁਤ ਉਜਵਲ ਹੈ। ਇਸ ਲਈ ਮੈਨੂੰ ਪੂਰਾ ਯਕੀਨ ਹੈ।



ਪ੍ਰਾਚੀ ਤੇਹਲਾਨ ਕਹਿੰਦੀ ਹੇ ਕਿ ਮੈਂ ਦਿੱਲੀ ਦੇ ਜੱਟ ਪਰਿਵਾਰ 'ਚ ਪੈਦਾ ਹੋਈ, ਮੇਂ ਆਈ.ਟੀ.ਐਮ.ਟੀ ਗਾਜੀਆਬਾਦ ਤੋਂ ਐਮ.ਬੀ.ਏ. ਕੀਤੀ। 11 ਸਾਲ ਸਪੋਰਟਸ ਖੇਡਿਆ, 7ਵੀਂ ਕਲਾਸ ਤੋਂ ਹੀ ਮੈਂ ਬਾਸਕਟ ਬਾਲ ਖੇਡਣਾ ਸ਼ੁਰੂ ਕਰ ਦਿੱਤਾ ਅਤੇ 6 ਸਾਲ ਤੱਕ ਮੈਂ ਦਿੱਲੀ ਦੇ ਲਈ ਖੇਡਿਆ, ਇਸ ਤੋਂ ਬਾਅਦ ਮੈਨੂੰ ਕਾਲਜ ਵਿੱਚ ਨੈਟਬਾਲ ਮਿਲ ਗਿਆ ਅਤੇ ਮੈਂ 4 ਸਾਲ ਨੈਟਬਾਲ ਖੇਡਿਆ।



ਕਾਮਨ ਵੈਲਥ ਗੇਮ ਵਿੱਚ ਭਾਰਤ ਦੀ ਯੰਗਸਟ ਕਪਤਾਨ ਹੋ ਰਹੀ ਹੈ, ਮੇਰੀ ਕਪਤਾਨੀ ਵਿੱਚ ਭਾਰਤੀ ਟੀਮ ਨੇ ਪਹਿਲੀ ਵਾਰ ਮੇਰੀ ਕਪਤਾਨੀ ਵਿੱਚ ਭਾਰਤੀ ਟੀਮ ਨੇ ਪਹਿਲੀ ਵਾਰ ਸਿਲਵਰ ਮੈਂਡਲ ਵੀ ਸ਼੍ਰੀ ਲੰਕਾ ਵਿੱਚ ਜਿੱਤਿਆਰ ਸੀ। ਪ੍ਰਾਚੀ ਨੇ ਦੱਸਿਆ ਕਿ ਟੀ.ਵੀ. ਇੰਡਸਟਰੀ ਵਿੱਚ ਮੇਰੀ ਜਨਵਰੀ 2015 ਵਿੱਚ ਆਉਣਾ ਹੋਇਆ, ਸਟਾਰ ਪਲੱਸ ਦੇ ਸ਼ੋਅ ਦੀ 'ਦੀਆਂ ਔਰ ਬਾਤੀ ਹਮ' ਦੀ ਕ੍ਰਿਏਟਿਵ ਹੈਡ ਸ਼ਵੇਤਾ ਬਿਸ਼ਨੋਈ ਨੇ ਮੈਨੂੰ ਪੰਜੀ 'ਚ ਦੇਖਿਆ ਅਤੇ ਪੁੱਛਿਆ ਕਿ ਤੁਸੀਂ ਕੰਮ ਕਰਨਾ ਚਾਹੁੰਦੇ ਹੋ? ਮੈਨੂੰ ਹਾਸਾ ਆ ਗਿਆ ਕਿ ਮੈਂ ਅਭਿਨੈ ਕਰ ਪਾਊਂਗੀ। ਮੈਨੂੰ ਆਪਣੇ ਪੂਰੇ ਜੀਵਨ ਵਿੱਚ ਕਦੇ ਸਤਰ 'ਤੇ ਕੁਝ ਨਹੀਂ ਮਿਲਿਆ ਉਹ ਮੈਨੂੰ 'ਦੀਆ ਔਰ ਬਾਤੀ ਹਮ' ਵਿੱਚ ਪਾਕਿਸਤਾਰਨ ਦੀ ਕੁੜੀ ਅਰਜੂ ਦੀ ਭੂਮਿਕਾ ਦਿੱਤੀ। ਅਗਲੇ ਦਿਨ ਸਵੇਰੇ 7 ਵਜੇ ਤੋਂ ਲੈ ਕੇ 10 ਵਜੇ ਤੱਕ 3 ਘੰਟੇ ਇਸ ਬਾਰੇ ਪਿਤਾ ਜੀ ਨੇ ਗੱਲ ਕੀਤੀ ਅਤੇ ਉਹ ਰਾਜੀ ਹੋ ਗਏ ਅਤੇ ਮੈਂ ਹਾਂ ਬੋਲ ਦਿੱਤੀ। ਪ੍ਰਾਚੀ ਤੇਹਲਾਨ ਕਿਹਾ ਕਿ ਜਦੋਂ ਖੇਡਣਾ ਛੋੜ ਦਿੱਤਾ ਤਾਂ ਉਸਦਾ ਵੇਟ 90 ਕਿਲੋਂ ਹੋ ਗਿਆ ਸੀ ਅਤੇ ਉਚਾਈ 6 ਫ਼ੁੱਟ। ਅਰਜੂ ਦੇ ਕਿਰਦਾਰ ਦੀ ਇਕ ਰਿਕਵਾਇਰਮੈਂਟ ਸੀ ਕਿ ਇਕ ਹੱਟੀ ਕੁੜੀ ਨੂੰ ਐਕਟਿੰਗ ਨਾ ਆਉਣਾ ਹੈ, ਇਸ ਲਈ ਮੇਰੀ ਚੋਣ ਹੋ ਗਈ ਸ਼ੋਅ ਵਿੱਚ ਗੁਜਰਾਤ ਦੀ ਅਨੂਠੀ ਸੰਸਕ੍ਰਿਤੀ ਨੂੰ ਦਿਖਾਇਆ। 'ਏਕਵਨ' ਦੀ ਸ਼ੂਟਿੰਗ ਗੁਜਰਾਤ ਅਤੇ ਕੱਛੂ, ਅਹਿਮਾਦਾਬਾਦ, ਜੂਨਾਗੜ੍ਹ ਆਦਿ ਸ਼ਹਿਰਾਂ ਵਿੱਚ ਹੋਈ ਹੈ।





# ਫ਼ੌਜ ਛੱਡਣ ਤੋਂ ਬਾਅਦ ਵੀ ਕਈ ਫੌਜੀਆਂ ਦੀ ਨੀਂਦ ਕਿਉਂ ਰਹਿੰਦੀ ਹੈ ਹਰਾਮ

ਫੌਜੀਆਂ ਦੀ ਜ਼ਿੰਦਗੀ ਫੌਜ ਛੱਡਣ ਮਗਰੋਂ ਵੀ ਕੋਈ ਸੌਖੀ ਨਹੀਂ ਹੋ ਜਾਂਦੀ। ਸੇਵਾ ਦੌਰਾਨ ਵਾਪਰੀਆਂ ਡਰਾਉਣੀਆਂ ਘਟਨਾਵਾਂ ਕਈ ਵਾਰ ਉਨ੍ਹਾਂ ਦੀਆਂ ਰਾਤਾਂ ਦੀ ਨੀਂਦ ਅਤੇ ਦਿਨ ਦਾ ਚੈਨ ਖੋਹ ਲੈਂਦੀਆਂ ਹਨ। ਹਾਲ ਹੀ ਵਿੱਚ ਇੱਕ ਨਵੇਂ ਅਧਿਐਨ ਰਾਹੀ ਪਤਾ ਲੱਗਿਆ ਹੈ ਕਿ ਪਿਛਲੇ ਇੱਕ ਦਹਾਕੇ ਦੌਰਾਨ ਫੌਜੀਆਂ ਅਤੇ ਸਾਬਕਾ ਫੌਜੀਆਂ ਵਿੱਚ "ਪੋਸਟ-ਟ੍ਰੌਮੈਟਿਕ ਸਟਰੈਸ ਡਿਸਆਰਡਰ" (ਪੀਟੀਐਸਡੀ) ਵਧਿਆ ਹੈ।ਇਹ ਸਮੱਸਿਆ ਜੰਗ ਵਿਚ ਹਿੱਸਾ ਲੈ ਚੁੱਕੇ ਜ਼ਿਆਦਾਤਰ ਸਾਬਕਾ ਫੌਜੀਆਂ ਵਿੱਚ ਵਧੇਰੇ ਦੇਖੀ ਗਈ ਹੈ। "ਪੋਸਟ-ਟ੍ਰੌਮੈਟਿਕ ਸਟਰੈਸ ਡਿਸਆਰਡਰ" ਦੇ ਰਿਪੋਰਟ ਹੋਏ ਕੇਸਾਂ ਵਿੱਚੋਂ 17 ਫ਼ੀਸਦੀ ਮਾਮਲੇ ਸਾਬਕਾ ਫੌਜੀਆਂ ਨਾਲ ਜੁੜੇ ਹੋਏ ਸਨ।ਮਾਹਰਾਂ ਦਾ ਮੰਨਣਾ ਹੈ ਕਿ ਬਿਮਾਰੀ ਦਾ ਦੇਰ ਨਾਲ ਸ਼ੁਰੂ ਹੋਣਾ ਅਤੇ ਫ਼ੌਜ ਛੱਡਣ ਸਮੇਂ ਸਹਿਯੋਗ ਦੀ ਘਾਟ, ਇਹ ਪੀਟੀਐਸਡੀ ਦੇ ਸੰਭਾਵੀ ਕਾਰਨ ਹੋ ਸਕਦੇ ਹਨ।ਪੀਟੀਐਸਡੀ ਬਾਰੇ ਚੇਤਨਾ ਵਧਣ ਸਦਕਾ ਹੁਣ ਜ਼ਿਆਦਾ ਸਾਬਕਾ ਫ਼ੌਜੀ ਆਪਣਾ ਇਲਾਜ ਕਰਵਾ ਰਹੇ ਹਨ।

## ਕੀ ਹੁੰਦੀ ਹੈ ਪੀਟੀਐਸਡੀ ?

ਕਿਸੇ ਅਜਿਹੇ ਹਾਲਾਤ ਵਿੱਚ ਫਸਣਾ ਜੋ ਬਹੁਤ ਜ਼ਿਆਦਾ ਡਰਾਉਣੀ ਹੋਵੇ ਅਤੇ ਜਿਸ ਵਿੱਚ ਜਿੰਦਗੀ ਨੂੰ ਖ਼ਤਰਾ ਹੋਵੇ, ਪੀਟੀਐਸਡੀ ਦਾ ਕਾਰਨ ਬਣ ਸਕਦਾ ਹਨ।ਇਸ ਦੇ ਲੱਛਣ, ਅਕਸਰ ਸਦਮੇ ਤੋਂ ਕੁਝ ਹਫ਼ਤਿਆਂ ਦੇ ਅੰਦਰ ਹੀ ਸਾਹਮਣੇ ਆ ਜਾਂਦੇ ਹਨ ਪਰ ਕਈ ਵਾਰੀ ਲੱਛਣਾਂ ਦੇ ਸਾਹਮਣੇ ਆਉਣ ਵਿੱਚ ਦੇਰੀ ਵੀ ਹੋ ਸਕਦੀ ਹੈ। ਸਦਮਾ ਦੇਣ ਵਾਲੀ ਕਿਸੇ ਘਟਨਾ ਤੋਂ ਬਾਅਦ ਲੋਕ ਅਕਸਰ ਦੁਖੀ, ਨਿਰਾਸ਼, ਚਿੰਤਤ, ਦੋਸ਼ੀ ਅਤੇ ਖੁਦ ਨੂੰ ਗੁੱਸਾ ਮਹਿਸੂਸ ਕਰ ਸਕਦੇ ਹਨ। ਲੋਕਾਂ ਨੂੰ ਵਾਰ ਵਾਰ ਉਸ ਘਟਨਾ ਦੇ ਦ੍ਰਿਸ਼ ਯਾਦ ਆ ਸਕਦੇ ਹਨ, ਜਾਂ ਡਰਾਉਣੇ ਸੁਪਨੇ ਵੀ ਆ ਸਕਦੇ ਹਨ। ਲੋਕ ਆਪਣੇ ਆਪ ਨੂੰ ਇਸ ਤੋਂ ਬਚਾਉਣ ਲਈ ਹਰ ਸਮੇਂ ਚੁਕੰਨੇ ਹੋ ਸਕਦੇ ਹਨ।ਸਰੀਰਕ ਲੱਛਣਾਂ ਵਿੱਚ ਦਰਦਾਂ, ਦਸਤ, ਦਿਲ ਦੀ ਡਾਵਾਂਡੋਲ ਧੜਕਣ, ਸਿਰ ਦਰਦ, ਡਰ ਅਤੇ ਡਿਪਰੈਸ਼ਨ ਆਦਿ ਮਹਿਸੂਸ ਕਰਨਾ ਸ਼ਾਮਲ ਹਨ। ਅਜਿਹੇ ਵਿੱਚ ਲੋਕ ਬਹੁਤ ਜ਼ਿਆਦਾ ਸ਼ਰਾਬ ਪੀਣਾ ਜਾਂ ਫਿਰ ਨਸ਼ੇ ਕਰਨਾ ਵੀ ਸ਼ੁਰੂ ਕਰ ਸਕਦੇ ਹਨ।





## ਫ਼ੌਜ ਨੂੰ ਛੱਡਣਾ 'ਮੁਸ਼ਕਿਲ ਹੋ ਸਕਦਾ ਹੈ'

ਸਾਬਕਾ ਫ਼ੌਜੀਆਂ ਵਿੱਚ ਇਸ ਵੱਡੇ ਅੰਕੜੇ ਨੂੰ ਸਮਝਾਉਂਦਿਆਂ ਪ੍ਰੋਫ਼ੈਸਰ ਨਿਕੋਲਾ ਫ਼ੀਅਰ ਨੇ ਦੱਸਿਆ ਕਿ ਮਾਨਸਿਕ ਸਿਹਤ ਸਬੰਧੀ ਸਮੱਸਿਆਵਾਂ ਨਾਲ ਜੂਝ ਰਹੇ ਲੋਕਾਂ ਵਿੱਚ ਫੌਜ ਨੂੰ ਛੱਡਣ ਦੀ ਸੰਭਾਵਨਾ ਜ਼ਿਆਦਾ ਹੈ। ਫ਼ੌਜ ਨੂੰ ਛੱਡਣ ਦੇ ਨਾਲ ਨਾਲ ਸਮਾਜਿਕ ਸਹਾਇਤਾ ਦਾ ਨਾ ਮਿਲਣਾ ਵੀ ਇਨ੍ਹਾਂ ਹਾਲਾਤਾਂ ਦੀ ਸ਼ੁਰੂਆਤ ਕਰ ਸਕਦਾ ਹੈ।"ਸਾਨੂੰ ਪਤਾ ਹੈ ਕਿ ਮਾਨਸਿਕ ਸਿਹਤ ਸਬੰਧੀ ਦਿੱਕਤਾਂ ਦਾ ਸਾਹਮਣਾ ਕਰ ਰਹੇ ਲੋਕਾਂ ਦੇ ਫ਼ੌਜ ਛੱਡਣ ਦੀ ਸੰਭਾਵਨਾਂ ਜ਼ਿਆਦਾ ਹੁੰਦੀ ਹੈ।" "ਸਾਨੂੰ ਇਹ ਵੀ ਪਤਾ ਹੈ ਕਿ ਫ਼ੌਜ ਨੂੰ ਛੱਡ ਕੇ, ਆਮ ਜ਼ਿੰਦਗੀ ਵਿੱਚ ਆਉਣ ਵਾਲੇ ਬਦਲਾਅ ਨਾਲ ਵੀ ਤਣਾਅ ਪੈਦਾ ਹੋ ਸਕਦਾ ਹੈ। ਤੁਸੀਂ ਰਹਿਣ ਲਈ ਨਵੀਂ ਥਾਂ ਅਤੇ ਨੌਕਰੀ ਲੱਭਣੀ ਹੁੰਦੀ ਹੈ।"ਯੂਕੇ ਦੀ 4-5 ਫੀਸਦੀ ਦੇ ਕਰੀਬ ਆਬਾਦੀ ਨੂੰ ਪੀਟੀਐਸਡੀ ਨੇ ਪ੍ਰਭਾਵਿਤ ਕੀਤਾ ਹੈ। ਜਦਕਿ 16-24 ਸਾਲ ਦੀਆ ਔਰਤਾਂ ਵਿੱਚ ਇਹ 12 ਫ਼ੀਸਦੀ ਹੈ, ਜੋ ਸਭ ਤੋਂ ਉੱਚੀ ਹੈ। ਜੋ ਜਿਨਸੀ ਹਮਲੇ ਦੀਆਂ ਸ਼ਿਕਾਰਾਂ ਵਿੱਚ ਪੀਟੀਐਸਡੀ ਦੇ ਕੇਸ ਸਭ ਤੋਂ ਵੱਧ ਦੇਖੇ ਗਏ।ਕਿੰਗਜ਼ ਕਾਲਜ ਲੰਡਨ ਵਿੱਚ ਸਾਈਕੈਟਰੀ ਦੇ ਪ੍ਰੋਫ਼ੈਸਰ ਸਾਈਮਨ ਵੈਜ਼ਲੀ ਦਾ ਕਹਿਣਾ ਹੈ ਕਿ ਇਲਾਜ ਵਿੱਚ ਸੁਧਾਰ ਆਇਆ ਹੈ ਅਤੇ ਇਸ ਨਾਲ ਜੁੜੀ ਝਿਜਕ ਵਿੱਚ ਵੀ ਕਮੀ ਆਈ ਹੈ।"ਉਨ੍ਹਾਂ ਕਿਹਾ ਕਿ, "ਪੀੜਤਾਂ ਨੂੰ ਪਹਿਲਾਂ ਆਪਣਾ ਇਲਾਜ ਕਰਵਾਉਣ ਲਈ ਸਾਹਮਣੇ ਆਉਣ ਨੂੰ 10-13 ਸਾਲ ਲੱਗ ਜਾਂਦੇ ਸਨ, ਜੋ ਹੁਣ ਘੱਟ ਕੇ 2-3 ਸਾਲ ਹੀ ਰਹਿ ਗਿਆ ਹੈ।"" "ਇਲਾਜ ਵਿੱਚ ਬਹੁਤ ਵੱਡਾ ਨਿਵੇਸ਼ ਹੋਇਆ ਹੈ, ਬਹੁਤ ਸਾਰੀਆਂ ਸੇਵਾਵਾਂ ਉਪਲਬਧ ਹਨ।"" "ਜਦੋਂ ਲੋਕ ਫ਼ੌਜ ਛੱਡ ਕੇ ਜਾਂਦੇ ਹਨ ਤਾਂ ਉਹ ਫ਼ੌਜ ਦੁਆਰਾ ਦਿੱਤਾ ਗਿਆ ਸੋਸ਼ਲ ਨੈਟਵਰਕ ਗੁਆ ਦਿੰਦੇ ਹਨ। ਅਜਿਹੇ ਸਮੇਂ ਵਿੱਚ ਪਰਿਵਾਰ ਅਤੇ ਦੋਸਤਾਂ ਦਾ ਸਹਿਯੋਗ ਬਹੁਤ ਅਹਿਮ ਹੋ ਸਕਦਾ ਹੈ।"ਰਾਇਲ ਕਾਲਜ ਆਫ਼ ਸਾਇਕੈਟਰਿਸਟਸ ਦੇ ਪ੍ਰੈਜ਼ੀਡੈਂਟ, ਪ੍ਰੋਫ਼ੈਸਰ ਵੈਂਡੀ ਬਰਨ ਦਾ ਕਹਿਣਾ ਹੈ ਕਿ "ਇਹ ਅਹਿਮ ਹੈ ਕਿ ਅਸੀਂ ਫ਼ੌਜੀਆਂ ਅਤੇ ਸਾਬਕਾ ਫ਼ੌਜੀਆਂ ਵਿੱਚ ਵੱਧ ਰਹੀ ਮਾਨਸਿਕ ਸਿਹਤ ਸੇਵਾਵਾਂ ਦੀ ਮੰਗ ਦੀ ਪੂਰਤੀ ਕਰੀਏ ਤਾਂ ਜੋ ਦੇਸ ਸੇਵਾ ਕਰਨ ਵਾਲੇਆਸਾਨੀ ਨਾਲ ਇਲਾਜ ਦੀਆਂ ਸਹੂਲਤਾਂ ਲੈ ਸਕਣ।"ਚੈਰਿਟੀ ਕਾਮਬੈਟ ਸਟਰੈਸ ਦੇ ਮੈਡੀਕਲ ਡਾਇਰੈਕਟਰ ਡਾ. ਵਾਲਟਰ ਬੁਸੁਟਿਲ ਮੁਤਾਬਕ ਸਹਾਇਤਾ ਮੰਗਣ ਵਾਲੇ ਸਾਬਕਾ ਫ਼ੌਜੀਆਂ ਦੀ ਗਿਣਤੀ ਵਧੀ ਹੈ।

## ਇੱਕ ਦਹਾਕੇ ਵਿੱਚ ਵਧੇ ਅੰਕੜੇ

ਕਿੰਗਜ਼ ਕਾਲਜ ਲੰਡਨ ਦੁਆਰਾ ਲਗਭਗ 9,000 ਫੌਜੀਆਂ ਦਾ ਇੱਕ ਅਧਿਐਨ ਬ੍ਰਿਟਿਸ਼ ਜਰਨਲ ਆਫ ਸਾਈਕੈਟਰੀ ਵਿੱਚ ਪ੍ਰਕਾਸ਼ਿਤ ਹੋਇਆ ਹੈ। ਅਧਿਐਨ ਦਰਸਾਉਂਦਾ ਹੈ ਕਿ ਫ਼ੌਜ ਵਿੱਚ ਪੀਟੀਐਸਡੀ ਸਾਲ 2004-5 ਦੌਰਾਨ 4 ਫ਼ੀਸਦੀ ਸੀ, ਜੋ ਕਿ ਸਾਲ 2014-16 ਦੌਰਾਨ ਵੱਧ ਕੇ 6 ਫ਼ੀਸਦੀ ਹੋ ਗਈ।ਇਰਾਕ ਜਾਂ ਅਫ਼ਗਾਨਿਸਤਾਨ ਵਿੱਚ ਤੈਨਾਤ ਉਹ ਫੌਜੀ ਜਿਨ੍ਹਾਂ ਨੇ ਹੱਥੋ-ਹੱਥ ਲੜਾਈ ਲੜੀ ਸੀ, ਵਿਚੋਂ 17 ਫ਼ੀਸਦੀ ਵਿੱਚ ਪੀਟੀਐਸਡੀ ਦੇ ਲੱਛਣ ਦੱਸੇ ਗਏ। ਵਰਗੀਆਂ ਹਾਲਾਂਕਿ ਡਾਕਟਰਾਂ ਅਤੇ ਏਅਰਕਰਿਊ ਵਰਗੇ ਸਹਾਇਕ ਦਸਤਿਆਂ ਵਿੱਚ ਤੈਨਾਤ ਲੋਕਾਂ ਵਿੱਚੋਂ 6 ਫ਼ੀਸਦੀ 'ਚ ਹੀ ਇਸਦੇ ਲੱਛਣ ਦੇਖੇ ਗਏ।ਕਿੰਗਜ਼ ਕਾਲਜ ਦੇ ਇੰਸੀਚਿਊਟ ਆਫ਼ ਸਾਇਕੋਲੋਜੀ, ਸਾਇਕੈਟਰੀ ਅਤੇ ਨਿਊਰੋਸਾਇੰਸ ਦੇ ਲੇਖਕ ਡਾ. ਸ਼ੈਰਨ ਸਟੀਵਲਿੰਕ ਨੇ ਕਿਹਾ, "ਅਸੀਂ ਪਹਿਲੀ ਵਾਰ ਇਸ ਗੱਲ ਦੀ ਪਛਾਣ ਕੀਤੀ ਹੈ ਕਿ ਲੜਾਈਆਂ ਵਿੱਚ ਤੈਨਾਤ ਕੀਤੇ ਗਏ ਸਾਬਕਾ ਫੌਜੀਆਂ ਨੂੰ ਵਰਤਮਾਨ ਫੌਜੀਆਂ ਦੇ ਮੁਕਾਬਲੇ ਪੀਟੀਐਸਡੀ ਦਾ ਖ਼ਤਰਾ ਜ਼ਿਆਦਾ ਹੈ।"" "ਹਾਲਾਂਕਿ ਸਾਬਕਾ ਫੌਜੀਆਂ 'ਚ ਹੋ ਰਿਹਾ ਬਿਮਾਰੀ ਦਾ ਇਹ ਵਾਧਾ ਚਿੰਤਾ ਦਾ ਸਬੱਬ ਹੈ ਪਰ ਹਰ ਸਾਬਕਾ ਫੌਜੀ ਦੀ ਤੈਨਾਤੀ ਨਹੀਂ ਕੀਤੀ ਗਈ ਸੀ ਅਤੇ ਆਮ ਤੌਰ 'ਤੇ ਹਰ ਤਿੰਨ ਵਿੱਚੋਂ ਇੱਕ ਫ਼ੌਜੀ ਨੇ ਹੀ ਲੜਾਈ ਲੜੀ ਸੀ।" ਇਹ ਨਤੀਜੇ ਸਾਲ 2003 ਤੋਂ ਚਲ ਰਹੇ ਇੱਕੋ ਵੱਡੇ ਅਧਿਐਨ ਦੇ ਤੀਸਰੇ ਪੜਾਅ ਵਿੱਚ ਹਾਸਲ ਹੋਏ ਸਨ।ਅਧਿਐਨ ਦੇ ਨਵੀਨਤਮ ਪੜਾਅ ਅਧੀਨ ਅਧਿਐਨ ਵਿੱਚ ਸ਼ਾਮਲ ਲੋਕਾਂ ਦੇ ਸਾਲ 2014 ਤੋਂ 2016 ਦਰਮਿਆਨ ਸਰਵੇਖਣ ਕੀਤੇ ਗਏ। ਇਨ੍ਹਾਂ ਵਿੱਚੋਂ 62 ਫ਼ੀਸਦੀ ਇਰਾਕ ਅਤੇ ਅਫ਼ਗਾਨਿਸਤਾਨ ਵਿੱਚ ਤੈਨਾਤ ਰਹਿ ਚੁੱਕੇ ਸਨ ਅਤੇ ਇਨ੍ਹਾਂ ਦੀ ਔਸਤ ਉਮਰ 40 ਸਾਲਾਂ ਸੀ ਅਧਿਐਨ ਵਿਚ ਇਹ ਵੀ ਪਾਇਆ ਗਿਆ ਕਿ ਅਧਿਐਨ ਵਿੱਚ ਸ਼ਾਮਲ ਲੋਕਾਂ ਵਿੱਚੋਂ 22% ਵਿੱਚ ਚਿੰਤਾ ਅਤੇ ਤਣਾਅ ਵਰਗੇ ਮਾਨਸਿਕ ਰੋਗ ਸਥਿਰ ਰਹੇ।ਸ਼ਰਾਬ ਦੀ ਵਰਤੋਂ ਇੱਕ ਆਮ ਸਮੱਸਿਆ ਸੀ, ਪਰ ਇਹ 15 ਫੀਸਦੀ ਤੋਂ ਘਟ ਕੇ 10 ਫੀਸਦੀ ਹੋ ਗਈ।

# ਤੁਹਾਡੇ ਬੱਚੇ ਨੂੰ 'ਜੀਨੀਅਸ' ਬਣਾ ਸਕਦੇ ਨੇ ਇਹ ਟਿਪਸ

ਸਾਲ 1968 ਦੀ ਗੱਲ ਹੈ, ਜਦੋਂ ਸਾਈਕੋਮੈਟ੍ਰਿਕਸ ਦੇ ਪ੍ਰੋਫ਼ੈਸਰ ਜੂਲੀਅਨ ਸਟਾਨਲੀ ਨੇ 12 ਸਾਲ ਦੇ ਇੱਕ ਰੌਸ਼ਨ ਦਿਮਾਗ ਬੱਚੇ ਨੂੰ ਦੇਖਿਆ, ਇਹ ਬੱਚਾ ਅਮਰੀਕਾ ਦੀ ਜੋਨਜ਼ ਹੋਪਕਿੰਜ਼ ਯੂਨੀਵਰਸਿਟੀ ਵਿੱਚ ਕੰਪਿਊਟਰ-ਸਾਇੰਸ ਦਾ ਕੋਰਸ ਕਰ ਰਿਹਾ ਸੀ।ਇਹ ਬੱਚਾ ਜੋਸੇਫ਼ ਬੇਟਸ ਹੋਣਹਾਰ ਤਾਂ ਸੀ, ਪਰ ਬੋਰਿੰਗ ਸੀ। ਉਹ ਆਪਣੀ ਉਮਰ ਦੇ ਕਈ ਵਿਦਿਆਰਥੀਆਂ ਤੋਂ ਕਾਫ਼ੀ ਅੱਗੇ ਸੀ। 12 ਸਾਲ ਦੇ ਜੋਸੇਫ਼ ਬੇਟਸ ਦੀ ਵਿਲੱਖਣਤਾ ਤੋਂ ਪ੍ਰੇਰਿਤ ਹੋਏ ਸਟਾਨਲੀ ਨੇ ਇੱਕ ਲੰਬਾ ਅਧਿਐਨ ਸ਼ੁਰੂ ਕੀਤਾ, ਜੋ 45 ਸਾਲ ਤੱਕ ਚੱਲਿਆ।ਇਸ ਅਧਿਐਨ ਰਾਹੀਂ ਪ੍ਰਤਿਭਾਸ਼ਾਲੀ ਬੱਚਿਆਂ ਦੇ ਵਿਕਾਸ 'ਤੇ ਨਜ਼ਰ ਰੱਖੀ ਗਈ, ਇਨ੍ਹਾਂ ਵਿੱਚ ਫੇਸਬੁੱਕ ਦੇ ਸੰਸਥਾਪਕ ਮਾਰਕ ਜ਼ਕਰਬਰਗ ਅਤੇ ਅਮਰੀਕੀ ਗਾਇਕਾ ਲੇਡੀ ਗਾਗਾ ਵੀ ਸ਼ਾਮਿਲ ਹਨ।





## ਸੋ ਜੋਸੇਫ਼ ਬੇਟਸ ਦਾ ਕੀ ਬਣਿਆ ?

"ਉਸ ਨੇ ਬਹੁਤ ਚੰਗਾ ਕੀਤਾ। ਉਸ ਨੇ ਅੱਗੇ ਹੋਰ ਪੜ੍ਹਾਈ ਕੀਤੀ ਅਤੇ ਡਾਕਟਰੇਟ ਦੀ ਡਿਗਰੀ ਹਾਸਿਲ ਕੀਤੀ, ਇੱਕ ਯੂਨੀਵਰਸਿਟੀ 'ਚ ਪੜ੍ਹਾਇਆ ਅਤੇ ਹੁਣ "ਆਰਟੀਫ਼ੀਸ਼ੀਅਲ ਇੰਟੈਲੀਜੇਂਸ 'ਚ ਉੱਚਕੋਟੀ ਦਾ ਮਾਹਰ" ਬਣ ਗਿਆ ਹੈ।" ਪ੍ਰੋਫ਼ੈਸਰ ਸਟਾਨਲੀ ਨੇ ਜੋਨਜ਼ ਹੋਪਕਿੰਜ਼ ਯੂਨੀਵਰਸਿਟੀ ਦੇ ਸੈਂਟਰ ਫ਼ਾਰ ਟੈਲੇਂਟੇਡ ਯੂਥ, ਬਲਟੀਮੋਰ ਵਿੱਚ ਇੱਕ ਪ੍ਰੋਗਰਾਮ ਸ਼ੁਰੂ ਕੀਤਾ, ਜਿਸ ਨੂੰ ਸਟੱਡੀ ਆਫ਼ ਮੈਥੇਮੈਟਿਕਲੀ ਪਰੀਕੋਸ਼ੀਅਸ ਯੂਥ (SMPY) ਦੇ ਤੌਰ 'ਤੇ ਜਾਣਿਆ ਜਾਂਦਾ ਹੈ।ਇਸ ਅਧੀਨ ਉਨ੍ਹਾਂ 5 ਹਜ਼ਾਰ ਬੱਚਿਆਂ ਦੀ ਜ਼ਿੰਦਗੀ ਦਾ ਅਧਿਐਨ ਕੀਤਾ ਗਿਆ, ਜਿਨ੍ਹਾਂ ਨੇ ਇੰਟੈਲੀਜੈਂਸ 'ਚ ਪਹਿਲੇ ਇੱਕ ਫੀਸਦ ਵਿੱਚ ਆਪਣਾ ਨਾਂ ਬਣਾਇਆ।ਇਸ ਕੋਰਸ ਰਾਹੀਂ ਸਟਾਨਲੀ ਨੇ ਕੁਝ ਹੈਰਾਨ ਕਰਨ ਵਾਲੇ ਤੱਥਾਂ ਨੂੰ ਲੱਭਿਆ।ਸਟਾਨਲੀ ਦਾ ਇਹ ਅਧਿਐਨ ਪੁਰਾਣੀ ਕਹਾਵਤ "ਅਭਿਆਸ ਮਨੁੱਖ ਨੂੰ ਸੰਪੂਰਨ ਬਣਾਉਂਦਾ ਹੈ" ਦੇ ਵਿਰੁੱਧ ਜਾਂਦਾ ਹੈ - ਭਾਵ ਤੁਸੀਂ ਕਿਸੇ ਇੱਕ ਚੀਜ਼ ਵਿੱਚ ਮਾਹਰ ਬਣ ਸਕਦੇ ਹੋ, ਜਿੰਨਾ ਚਿਰ ਤੁਸੀਂ ਸਖ਼ਤ ਮਿਹਨਤ ਅਤੇ ਧਿਆਨ ਲਗਾਉਂਦੇ ਹੋ।ਇਸ ਦੀ ਥਾਂ, ਸਟੱਡੀ ਆਫ਼ ਮੈਥੇਮੈਟਿਕਲੀ ਪਰੀਕੋਸ਼ੀਅਸ ਯੂਥ (SMPY) ਦੱਸਦੀ ਹੈ ਕਿ ਸ਼ੁਰੂਆਤੀ ਬੌਧਿਕ ਯੋਗਤਾ (ਸਮੱਸਿਆਵਾਂ ਨੂੰ ਕਿਵੇਂ ਹੱਲ ਕਰਨਾ ਹੈ ਅਤੇ ਸਹੀ ਫ਼ੈਸਲੇ ਕਿਵੇਂ ਕਰਨੇ ਹਨ) ਅਭਿਆਸ ਜਾਂ ਵਿਅਕਤੀ ਦੇ ਸਮਾਜਕ-ਆਰਥਿਕ ਰੁਤਬੇ ਤੋਂ ਇਲਾਵਾ ਪ੍ਰਾਪਤੀ ਤੇ ਵਧੇਰੇ ਪ੍ਰਭਾਵ ਪਾਉਂਦੀ ਹੈ।ਇਸ ਲਈ ਇਹ ਜ਼ਰੂਰੀ ਹੈ ਕਿ ਤੁਹਾਡੇ ਹੋਣਹਾਰ ਬੱਚੇ ਦੀ ਯੋਗਤਾ ਨੂੰ ਸ਼ੁਰੂਆਤ 'ਚ ਹੀ ਹੋਰ ਬਿਹਤਰ ਕੀਤਾ ਜਾਵੇ।

### ਜੇ ਤੁਸੀਂ ਆਪਣੇ ਹੋਣਹਾਰ ਬੱਚੇ ਦਾ ਪਾਲਣ ਪੋਸ਼ਣ ਕਰਨਾ ਚਾਹੁੰਦੇ ਹੋ ਅਤੇ ਉਨ੍ਹਾਂ ਨੂੰ ਖ਼ੁਸ਼ ਰੱਖਣਾ ਚਾਹੁੰਦੇ ਹੋ, ਤਾਂ ਇਹ ਨੇ ਕੁਝ ਉਹ ਜ਼ਰੂਰੀ ਗੱਲਾਂ ਜਿਨ੍ਹਾਂ ਨੂੰ ਅਪਣਾ ਸਕਦੇ ਹੋ:

1) ਆਪਣੇ ਬੱਚੇ ਨੂੰ ਵੱਖ-ਵੱਖ ਤਜ਼ਰਬਿਆਂ ਬਾਰੇ ਦੱਸੋ, ਵੱਧ ਇੰਟੈਲੀਜੈਂਸ ਵਾਲੇ ਬੱਚਿਆਂ ਨੂੰ ਪ੍ਰੇਰਣਾ ਵਿੱਚ ਬਣੇ ਰਹਿਣ ਲਈ ਨਵੇਂ-ਨਵੇਂ ਗੁਣਾਂ ਦੀ ਲੋੜ ਹੁੰਦੀ ਹੈ।ਜੀਵਨ ਦੇ ਅਨੁਭਵ ਬੱਚਿਆਂ ਨੂੰ ਦੁਨੀਆਂ ਨਾਲ ਨਜਿੱਠਣ ਲਈ ਆਤਮ ਵਿਸ਼ਵਾਸ ਵਿਕਸਿਤ ਕਰਨ ਵਿੱਚ ਮਦਦ ਕਰਨਗੇ।ਮਨੋਵਿਗਿਆਨੀ ਕਹਿੰਦੇ ਹਨ ਕਿ ਸਹਿਜਤਾ ਜਾਣੇ-ਪਛਾਣੇ ਲੋਕਾਂ ਨਾਲ ਬਣੇ ਰਹਿਣ ਨਾਲ ਆਉਂਦੀ ਹੈ; ਕੁਝ ਵੱਖਰਾ ਕਰਨ ਲਈ ਹਿੰਮਤ ਦੀ ਲੋੜ ਹੈ।

2) ਉਨ੍ਹਾਂ ਦੇ ਹੁਨਰ ਅਤੇ ਰੂਚੀਆਂ 'ਤੇ ਕੰਮ ਕਰੋ ਭਾਵੇਂ ਨਵੀਂ ਖੇਡ ਹੋਵੇ, ਸਾਜ਼ ਜਾਂ ਡਰਾਮਾ ਕਲਾਸ ਹੋਵੇ, ਆਪਣੇ ਬੱਚਿਆਂ ਨੂੰ ਸ਼ੁਰੂਆਤ ਵਿੱਚ ਹੀ ਵੱਖ-ਵੱਖ ਹੁਨਰ ਨੂੰ ਅਹਿਮੀਅਤ ਦੇਣ ਨਾਲ ਉਨ੍ਹਾਂ ਨੂੰ ਅਹਿਮ ਹੁਨਰ ਪੈਦਾ ਕਰਨ ਵਿੱਚ ਮਦਦ ਮਿਲੇਗੀ।ਉਨ੍ਹਾਂ ਨੂੰ "ਕੁਝ ਬਣਨ" ਲਈ ਮਜਬੂਰ ਨਾ ਕਰੋ, ਜੋ ਉਹ ਨਹੀਂ ਹਨ।

3) ਆਪਣੇ ਬੱਚੇ ਦੀਆਂ ਬੌਧਿਕ ਅਤੇ ਜਜ਼ਬਾਤੀ ਲੋੜਾਂ ਦਾ ਸਮਰਥਨ ਕਰੋ ਉਤਸੁਕਤਾ ਸਾਰੀਆਂ ਸਿਖਿਆਵਾਂ ਦਾ ਦਿਲ ਹੈ।ਬੱਚਿਆਂ ਨੂੰ ਸਕੂਲ ਸ਼ੁਰੂ ਕਰਨ ਤੋਂ ਪਹਿਲਾਂ ਹੀ ਬਹੁਤ ਸਾਰੇ ਸਵਾਲ ਪੁੱਛੇ ਜਾ ਸਕਦੇ ਹਨ, ਅਤੇ ਉਨ੍ਹਾਂ ਬੱਚਿਆਂ ਦੇ ਸਾਰੇ ਸਵਾਲਾਂ ਦੇ ਜਵਾਬ ਦੇਣ ਲਈ ਤੁਹਾਡਾ ਧੀਰਜ ਪਰਖਿਆ ਜਾਵੇਗਾ, ਜੋ ਬੱਚਿਆਂ ਦੇ ਵਿਕਾਸ ਲਈ ਬਹੁਤ ਮਹਤੱਵਪੂਰਨ ਹੈ।ਜਿੰਨੇ ਜ਼ਿਆਦਾ "ਕਿਉਂ" ਅਤੇ ""ਕਿਵੇਂ" ਉਹ ਪੁੱਛਣਗੇ, ਉਨ੍ਹਾਂ ਹੀ ਵਧੀਆ ਉਹ ਆਪਣੇ ਸਕੂਲ ਵਿੱਚ ਪਰਫ਼ੋਰਮ ਕਰਨਗੇ।

4) ਮਿਹਨਤ ਦੀ ਸ਼ਲਾਘਾ ਕਰੋ, ਸਮਰੱਥਾ ਦੀ ਨਹੀਂ ਅਸਲ ਨਤੀਜੇ ਦੀ ਥਾਂ ਸਿਖਲਾਈ ਦਾ ਜਸ਼ਨ ਮਨਾ ਕੇ ਬੱਚਿਆਂ ਨੂੰ "ਮਾਨਸਿਕਤਾ ਦੇ ਵਿਕਾਸ" ਲਈ ਮਦਦ ਕਰੋ।ਬੱਚੇ ਆਪਣੇ ਮਾਪਿਆਂ ਰਾਹੀਂ ਚੀਜ਼ਾਂ 'ਤੇ ਪ੍ਰਤੀਕ੍ਰਿਆ ਕਰਨ ਬਾਰੇ ਸਿੱਖਦੇ ਹਨ ਭਾਵੇਂ ਨਵੀਂ ਭਾਸ਼ਾ ਬੋਲਣਾ ਸਿੱਖਣਾ ਹੋਵੇ ਜਾਂ ਆਪਣੀ ਪਹਿਲੀ ਸਾਈਕਲ ਚਲਾਉਣਾ ਸਿੱਖਣਾ ਹੋਵੇ, ਸਿੱਖਣ ਦੀ ਇੱਛਾ ਇੱਕ ਸਕਾਰਾਤਮਕ ਹੁਨਰ ਹੈ, ਜਿਸ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

5) ਅਸਫ਼ਲਤਾ ਅਜਿਹੀ ਚੀਜ਼ ਨਹੀਂ ਕਿ ਡਰਿਆ ਜਾਵੇ ਗ਼ਲਤੀਆਂ ਨੂੰ ਸਿੱਖਣ ਲਈ ਸਕਾਰਾਤਕ ਤੌਰ ਤੇ ਦੇਖਿਆ ਜਾਵੇ।ਗ਼ਲਤੀਆਂ ਤੋਂ ਸਿੱਖਣ ਨੂੰ ਅੱਗੇ ਵਧਣ ਦਾ ਮੌਕਾ ਸਮਝਿਆ ਜਾਣਾ ਚਾਹੀਦਾ ਹੈ ਕਿਉਂਕਿ ਬੱਚਿਆਂ ਨੂੰ ਇਹ ਸਮਝਣ ਵਿੱਚ ਮਦਦ ਕਰੇਗਾ ਕਿ ਉਹ ਅਗਲੀ ਵਾਰ ਸਮੱਸਿਆ ਨਾਲ ਵਧੀਆ ਤਰੀਕੇ ਨਾਲ ਕਿਵੇਂ ਨਜਿੱਠ ਸਕਦੇ ਹਨ।

6) ਲੇਬਲਜ਼ ਤੋਂ ਸਾਵਧਾਨ ਰਹੋ, ਲੇਬਲਜ਼ ਸਿਰਫ਼ ਤੁਹਾਡੇ ਬੱਚਿਆਂ ਨੂੰ ਦੂਜੇ ਬੱਚਿਆਂ ਤੋਂ ਵੱਖਰਾ ਕਰਨਗੇ।

7) ਆਪਣੇ ਬੱਚੇ ਦੀ ਕਾਬਲੀਅਤ ਦਾ ਪਰੀਖਣ ਕਰੋ ਇਸ ਨਾਲ ਅਗਾਊਂ ਕੰਮ ਲਈ ਮਾਪਿਆਂ ਦੀਆਂ ਦਲੀਲਾਂ ਨੂੰ ਸਮਰਥਨ ਮਿਲ ਸਕਦਾ ਹੈ। ਇਸ ਦੇ ਨਾਲ ਹੀ ਡਿਸਲੈਕਸੀਆ (ਸਿੱਖਣ 'ਚ ਮੁਸ਼ਕਿਲ ਆਉਣਾ), ਅਟੈਂਸ਼ਨ ਡੈਫ਼ਿਸਿਟ ਹਾਈਪਰਐਕਟੀਵਿਟੀ ਡਿਸਆਰਡਰ (ਵਤੀਰਾ, ਘੱਟ ਧਿਆਨ) ਜਾਂ ਸਮਾਜਕ ਅਤੇ ਭਾਵਨਾਤਮਕ ਚੁਣੌਤੀਆਂ ਵਰਗੇ ਮੁੱਦਿਆਂ ਨੂੰ ਪ੍ਰਗਟ ਕਰ ਸਕਦਾ ਹੈ।

# ਇੱਥੋਂ ਕੁੱਲ ਪਰਿੰਦੇ ਹੀ ਉੜ ਗਏ

**ਡਾ. ਬਲਵਿੰਦਰ ਸਿੰਘ ਲੱਖੇਵਾਲੀ**

ਮਾਏ ਮੈਂ ਘੜਵੰਜੀ ਲਿਪਾਈ ਨੀ,
ਉੱਤੋਂ ਦੀ ਲੰਘ ਗਿਆ ਮੋਰ,
ਮੋਰਾ ਵੇ ਉੱਡ-ਉੱਡ ਜਾਈਂ ਵੇ,
ਤੇਰੀ ਕਲਗੀ ਨੂੰ ਪਾਵਾਂ ਡੋਰ॥
ਮੋਰਾ ਵੇ ਪਾ ਗਲਵੱਕੜੀ ਵੇ,
ਮੇਰੀ ਮੋਰਾਂ ਵਰਗੀ ਤੋਰ॥

ਇਹ ਕੋਈ ਸਦੀਆਂ ਪੁਰਾਣੀ ਗੱਲ ਨਹੀਂ, ਬਲਕਿ ਥੋੜ੍ਹੇ ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਮੋਰ ਕੂਕਦੇ, ਪੈਲਾਂ ਪਾਉਂਦੇ ਤੇ ਅਨੇਕਾਂ ਪੰਛੀਆਂ ਦੀ ਚਹਿ-ਚਹਾਟ ਸੁਣਨ ਨੂੰ ਮਿਲਦੀ ਸੀ। ਉਦੋਂ ਲੋਕਾਂ ਨੂੰ 'ਬਰਡ ਵਾਚਿੰਗ' ਯਾਨੀ ਪੰਛੀਆਂ ਨੂੰ ਵਿਸ਼ੇਸ਼ ਤੌਰ 'ਤੇ ਵੇਖਣ ਜਾਣਾ, ਉਹ ਵੀ ਮਹਿੰਗੇ ਕੈਮਰੇ ਅਤੇ ਦੂਰਬੀਨਾਂ ਖ਼ਰੀਦਣ ਦਾ ਰੁਝਾਨ ਨਹੀਂ ਸੀ ਹੁੰਦਾ। ਗ਼ਰੀਬ ਜਾਂ ਮੱਧ ਵਰਗੀ ਪਰਿਵਾਰਾਂ ਦੇ ਮੈਂਬਰਾਂ ਦਾ ਗਾਈਡ ਘਰ ਦਾ ਵੱਡਾ ਬਜ਼ੁਰਗ, ਬਾਪੂ-ਦਾਦਾ ਹੀ ਹੁੰਦਾ ਸੀ ਤੇ ਘਰੀਂ ਜਾਂ ਖੇਤੀਂ ਤੁਰਦਿਆਂ ਫਿਰਦਿਆਂ ਸਭਨਾਂ ਨਾਲ ਜਾਣ ਪਛਾਣ ਹੋ ਜਾਂਦੀ ਸੀ। ਸਾਡੇ ਆਪਣੇ ਘਰ ਦੇ ਦਰੀਂ ਲੱਗੀ ਕਿੱਕਰ ਉੱਪਰ ਹਰ ਸਾਲ ਬਿਜੜੇ ਆਲ੍ਹਣਾ ਬਣਾਉਂਦੇ ਸਨ ਤੇ ਅਸੀਂ ਰੀਝਾਂ ਨਾਲ ਤੀਲਾਂ ਚੁਗ ਕੇ ਲਿਆਉਂਦੇ ਤੇ ਆਲ੍ਹਣਾ ਬਣਾ ਰਹੇ ਬਿਜੜੇ ਨੂੰ ਵੇਖਦੇ ਸੀ। ਕੋਇਲਾਂ, ਘੁੱਗੀਆਂ, ਗਟਾਰਾਂ, ਮੈਨਾ, ਕੂੰਜਾਂ, ਟਟੀਰੀਆਂ, ਚੱਕੀ ਰਾਹੇ, ਤੋਤੇ, ਹਰੀਅਲ, ਮਮੋਲੇ, ਚਿੜੀਆਂ, ਮੁਰਗਾਬੀਆਂ ਆਦਿ ਸਭ ਨਾਲ ਜਾਣ-ਪਛਾਣ ਕਰਾਉਣ ਵਾਲਾ ਬਾਪੂ ਹੀ ਹੁੰਦਾ ਸੀ। ਪਰ ਅਫ਼ਸੋਸ! ਹੁਣ ਹਰ ਪਿੰਡ ਵਿੱਚ ਅਜਿਹਾ ਦਿਨ-ਬ-ਦਿਨ ਘਟਦਾ ਜਾ ਰਿਹਾ ਹੈ। ਤਰੱਕੀ ਦੀਆਂ ਪੌੜੀਆਂ ਚੜ੍ਹ ਰਿਹਾ ਇਨਸਾਨ ਦਿਨ-ਬ-ਦਿਨ ਕੁਦਰਤ ਤੋਂ ਦੂਰ ਹੁੰਦਾ ਜਾ ਰਿਹਾ। ਸਾਡੀ ਜੀਵਨ ਜਾਚ ਵਿੱਚ ਐਨਾ ਜ਼ਿਆਦਾ ਸ਼ੋਰ-ਸ਼ਰਾਬਾ ਅਤੇ ਬਣਾਵਟੀ ਪਣ ਵਧ ਚੁੱਕਿਆ ਹੈ ਕਿ ਕੁਦਰਤ ਦੀਆਂ ਨਿਆਮਤਾਂ ਸਾਡੇ ਤੋਂ ਦੂਰ-ਦੁਰੇਡੇ ਜਾ ਰਹੀਆਂ ਹਨ। ਪੰਛੀਆਂ ਦੇ ਰੈਣ-ਬਸੇਰੇ ਰੁੱਖ ਝਾੜੀਆਂ ਹਨ ਅਤੇ ਉਹ ਅਸੀਂ ਸੁੱਖ ਨਾਲ ਦਿਨ-ਬ-ਦਿਨ ਖ਼ਤਮ ਕਰਦੇ ਜਾ ਰਹੇ ਹਾਂ। ਮਨੁੱਖ ਨੇ ਆਪਣੀਆਂ ਮੁੱਢਲੀਆਂ ਲੋੜਾਂ ਕੁਦਰਤੀ ਦਾਤਾਂ ਨਾਲੋਂ ਬਣਾਵਟੀ ਵਸਤਾਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ ਹੈ। ਕਦੇ ਕਿਸੇ ਨੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਸਾਡੇ ਚਿੜੀਆਂ ਦੇ ਚੰਬੇ ਸਾਡੇ ਤੋਂ ਕੰਨੀ ਕੁਤਰਾਉਣਾ ਸ਼ੁਰੂ ਕਰ ਦੇਣਗੇ। ਮੋਰਾਂ ਦੀਆਂ ਪੈਲਾਂ ਸੁਹਾਣੇ ਮੌਸਮ ਦੀ ਬਜਾਏ, ਨਵੀਂ ਪੀੜ੍ਹੀ 'ਯੂ-ਟਿਊਬ' ਉੱਪਰ ਵੇਖ ਕੇ ਦਿਲ ਪਰਚਾਵਾ ਕਰਿਆ ਕਰੇਗੀ। 'ਡਿਸਕਵਰੀ' ਵਰਗੇ ਟੀ.ਵੀ. ਚੈਨਲਾਂ ਰਾਹੀਂ ਸਾਡੇ ਬੱਚੇ ਤਿੱਤਰ-ਬਟੇਰੇ, ਬਾਜ, ਇੱਲਾਂ ਆਦਿ ਪੰਛੀਆਂ ਦੇ ਨਾਲ ਰੂ-ਬ-ਰੂ ਹੋਇਆ ਕਰਨਗੇ। ਕਿਸ ਨੇ ਸੋਚਿਆ ਸੀ ਕਿ ਕਦੇ ਕੁਦਰਤ ਜਾਂ ਪੰਛੀ ਪ੍ਰੇਮੀਆਂ ਨੂੰ ਪੰਛੀਆਂ ਖਾਤਰ ਲੱਕੜ ਦੇ ਆਲ੍ਹਣੇ ਬਣਾਉਣੇ ਪੈਣਗੇ?

ਜੇਕਰ ਆਮ ਇਨਸਾਨ ਤੇ ਸਰਕਾਰਾਂ ਰਲ ਕੇ ਵਿਉਂਤਬੰਦੀ ਕਰਨ ਤਾਂ ਅਜੇ ਵੀ ਕੁਝ ਹੋ ਸਕਦਾ ਹੈ।



ਸਭ ਤੋਂ ਮੁੱਢਲੀ ਗੱਲ ਤਾਂ ਇਹ ਹੈ ਕਿ ਅੱਜ ਵੀ ਹਰ ਪਿੰਡ-ਸ਼ਹਿਰ ਲੋਕ ਫੁੱਲ-ਬੂਟਿਆਂ, ਬਾਗ਼-ਬਗੀਚਿਆਂ ਦੇ ਸ਼ੌਕੀਨ ਹਨ ਅਤੇ ਹਰ ਸਾਲ ਲੱਖਾਂ ਪੌਦੇ ਪੰਜਾਬ ਦੀ ਧਰਤ 'ਤੇ ਲਾਏ ਜਾਂਦੇ ਹਨ, ਜਿਨ੍ਹਾਂ ਨੂੰ ਪੰਛੀਆਂ ਮੁਤਾਬਕ ਵਿਉਂਤਬੰਦੀ ਹੇਠ ਲਿਆਂਦਾ ਜਾ ਸਕਦਾ ਹੈ। ਫ਼ਲ ਅਤੇ ਰਸ ਵਾਲੇ ਫੁੱਲ ਇਨ੍ਹਾਂ ਦੀ ਮੁੱਖ ਖੁਰਾਕ ਹਨ। ਸਾਨੂੰ ਆਪਣੀਆਂ ਬਗ਼ੀਚੀਆਂ ਵਿੱਚ ਪੰਛੀਆਂ ਦੇ ਖਾਣਯੋਗ ਪਦਾਰਥਾਂ ਦਾ ਹੱਲ ਮੁੱਖ ਰੂਪ ਵਿੱਚ ਕਰਨਾ ਚਾਹੀਦਾ ਹੈ। ਜਿਸ ਖਾਤਰ ਅਜਿਹੇ ਰੁੱਖ ਲਾਉਣੇ ਚਾਹੀਦੇ ਹਨ, ਜਿਨ੍ਹਾਂ ਦੇ ਫ਼ਲਾਂ ਨੂੰ ਪੰਛੀ ਚਾਅ ਨਾਲ ਖਾਂਦੇ ਹਨ। ਤੂਤ, ਮੰਦਾਰ, ਢੱਕ, ਅੰਬ, ਜਾਮਨ, ਲਲਟਾਨਾ, ਸਿੰਬਲ, ਪਿੱਪਲ, ਬੋਹੜ, ਗੁੜਹਲ, ਗੁਲਾਬ ਆਦਿ ਦੇ ਰੁੱਖ ਪੰਛੀਆਂ ਲਈ ਬੜੇ ਢੁਕਵੇਂ ਹਨ। ਇਨ੍ਹਾਂ ਤੋਂ ਇਲਾਵਾ ਪੰਛੀਆਂ ਖਾਤਰ ਛੋਟੀਆਂ ਬਗ਼ੀਚੀਆਂ ਵਿੱਚ ਦਾਲਾਂ, ਅਨਾਜ ਅਤੇ ਸੂਰਜਮੁਖੀ ਆਦਿ ਫੁੱਲਾਂ ਦੇ ਬੀਜ ਚੋਗੇ ਖਾਤਰ ਪਾਉਣੇ ਚਾਹੀਦੇ ਹਨ। ਪਰ ਸਥਾਨ ਅਜਿਹਾ ਹੋਣਾ ਚਾਹੀਦਾ ਹੈ, ਜਿੱਥੇ ਕਾਟੋ ਤੋਂ ਬਚਾਅ ਕੀਤਾ ਜਾ ਸਕੇ। ਰੋਟੀ ਜਾਂ ਵੱਡੀਆਂ ਵਸਤਾਂ ਉੱਪਰ ਕਾਂ ਬਹੁਤ ਝਪਟਦੇ ਹਨ ਅਤੇ ਛੋਟੇ ਪੰਛੀਆਂ ਦੀ ਆਮਦ ਘੱਟ ਹੁੰਦੀ ਹੈ। ਫ਼ਲਾਂ ਵਾਲੇ ਦਰੱਖ਼ਤ ਬੇਰ, ਮਲ੍ਹੇ, ਅਮਰੂਦ ਆਦਿ ਵੀ ਪੰਛੀਆਂ ਦੀ ਪਸੰਦੀਦਾ ਖੁਰਾਕ ਹੁੰਦੀ ਹੈ। ਖਾਣ ਵਾਲੀਆਂ ਵਸਤਾਂ ਦੇ ਨਾਲ-ਨਾਲ ਬਗ਼ੀਚੀਆਂ ਵਿੱਚ ਪਾਣੀ ਦਾ ਖ਼ਾਸ ਪ੍ਰਬੰਧ ਹੋਣਾ ਚਾਹੀਦਾ ਹੈ। ਵੱਡੀਆਂ ਬਗ਼ੀਚੀਆਂ ਵਿੱਚ ਕਈ ਤਰੀਕਿਆਂ ਰਾਹੀਂ ਪਾਣੀ ਸਟੋਰ ਕੀਤਾ ਜਾਂਦਾ ਹੈ, ਪਰ ਛੋਟੀਆਂ ਬਗ਼ੀਚੀਆਂ ਵਿੱਚ 'ਬਰਡ ਬਾਥ' ਯਾਨੀ ਮਿੱਟੀ ਜਾਂ ਕਿਸੇ ਹੋਰ ਸਮੱਗਰੀ ਦੇ ਬਣੇ ਬਰਤਨ ਰੱਖਣੇ ਚਾਹੀਦੇ ਹਨ, ਜਿਨ੍ਹਾਂ ਵਿੱਚੋਂ ਪੰਛੀ ਪਾਣੀ ਅਸਾਨੀ ਨਾਲ ਪੀ ਸਕਣ। 'ਬਰਡ ਫੀਡਰ' ਯਾਨੀ ਪੰਛੀਆਂ ਲਈ ਦਾਣੇ ਆਦਿ ਪਾਉਣ ਖਾਤਰ ਵੀ ਬਹੁਤ ਵਧੀਆ ਢਾਂਚੇਨੁਮਾ ਵਸਤਾਂ ਬਾਜ਼ਾਰੋਂ ਮਿਲ ਜਾਂਦੀਆਂ ਹਨ।

ਸਭ ਤੋਂ ਮਹੱਤਵਪੂਰਨ ਤੇ ਅਹਿਮ ਗੱਲ ਇਹ ਹੈ ਕਿ ਬਹੁਤ ਜ਼ਿਆਦਾ ਪੰਛੀ ਦਾਲਾਂ ਜਾਂ ਅਨਾਜ ਦੇ ਨਾਲ-ਨਾਲ ਕੀੜੇ-ਮਕੌੜੇ ਖਾਣਾ ਬਹੁਤ ਪਸੰਦ ਕਰਦੇ ਹਨ। ਪਰ ਅੱਜਕੱਲ੍ਹ ਉਹ ਮਿਲਦੇ ਹੀ ਬੜੇ ਘੱਟ ਹਨ। ਕਿਉਂਕਿ ਅਸੀਂ ਆਪਣੇ ਖੇਤਾਂ ਤਾਂ ਕੀ ਘਰੇਲੂ ਬਗ਼ੀਚੀਆਂ ਤਕ ਰਸਾਇਣਿਕ ਖਾਦਾਂ 'ਤੇ ਜ਼ਹਿਰਾਂ ਦੀ ਵਰਤੋਂ ਐਨੀ ਜ਼ਿਆਦਾ ਕਰ ਦਿੱਤੀ ਹੈ ਜਿਸ ਕਾਰਨ ਕੀੜਾ-ਮਕੌੜਾ ਪੰਛੀਆਂ ਨੂੰ ਮਿਲਦਾ ਘੱਟ ਹੈ। ਆਪਣੇ ਬਾਗ਼-ਬਗ਼ੀਚੀਆਂ ਵਿੱਚ ਪੰਛੀਆਂ ਦੀ ਆਮਦ ਵਧਾਉਣ ਦਾ ਬਹੁਤ ਵੱਡਾ ਨੁਸਖਾ ਇਹ ਹੈ ਕਿ ਜੈਵਿਕ ਤਰੀਕੇ ਨਾਲ ਫੁੱਲ-ਫ਼ਲ ਸਬਜ਼ੀਆਂ ਉਗਾਉਣਾ ਤੁਹਾਡੀ ਸਿਹਤ ਲਈ ਵੀ ਲਾਭਕਾਰੀ ਤੇ ਪੰਛੀਆਂ ਦੀ ਖੁਰਾਕ ਲਈ ਵੀ ਉੱਤਮ।

ਉੱਡੀਂ ਵੇ ਤਿੱਤਰਾ, ਉੱਡੀਂ ਵੇ ਮੋਰਾ,
ਉੱਡੀਂ ਵੇ ਕਾਲਿਆ ਕਾਵਾਂ।
ਪਹਿਲਾ ਸੁਨੇਹਾ ਮੇਰੇ ਮਾਪਿਆਂ
ਨੂੰ ਦੇਵੀਂ, ਦੂਜਾ ਭੈਣ-ਭਰਾਵਾਂ।
ਤੀਜਾ ਸੁਨੇਹਾ ਮੇਰੇ ਪਿੱਪਲਾਂ ਨੂੰ
ਦੇਵੀਂ, ਜਿੱਥੇ ਮੈਂ ਪੀਘਾਂ ਪਾਵਾਂ...

ਸਾਡੀ ਇਹ ਲੋਕ ਬੋਲੀ ਸਾਫ਼ ਤੇ ਸਪੱਸ਼ਟ ਦਰਸਾਉਂਦੀ ਹੈ ਕਿ ਕਿਵੇਂ ਪੰਛੀ ਅਤੇ ਰੁੱਖ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਸਨ। ਜੋ ਤਰੱਕੀ ਦੇ ਦੌਰ ਨੇ ਸਾਥੋਂ ਨਿਖੇੜ ਕੇ ਰੱਖ ਦਿੱਤੇ ਹਨ। ਪਰ ਅੱਜ ਵੀ ਬੜੇ ਅਜਿਹੇ ਸੱਜਣ ਸਾਡੇ ਸਮਾਜ ਵਿੱਚ ਮੌਜੂਦ ਹਨ ਜਿਹੜੇ ਕੁਦਰਤ ਅਤੇ ਉਸ ਦੀਆਂ ਨਿਆਮਤਾਂ ਨੂੰ ਮੋਹ ਵੀ ਕਰਦੇ ਹਨ ਅਤੇ ਉਨ੍ਹਾਂ ਖਾਤਰ ਨਿੱਜੀ ਜਾਂ ਸੰਸਥਾਵਾਂ ਦੇ ਰੂਪ ਵਿੱਚ ਬੜੇ ਚੰਗੇ ਕਾਰਜ ਕਰਦੇ ਹਨ। ਪਰ ਮੇਰੀ ਕੁਝ ਸੱਜਣਾਂ ਨੂੰ ਇਹ ਗੁਜ਼ਾਰਿਸ਼ ਜ਼ਰੂਰ ਹੈ ਕਿ ਜੇ ਉਹ ਸੋਚਦੇ ਹਨ ਕਿ ਲੱਕੜ ਦੇ ਬਣਾਏ ਆਲ੍ਹਣਿਆਂ ਨਾਲ ਅਸੀਂ ਪੰਛੀ ਬਚਾ ਲਵਾਂਗੇ ਤਾਂ ਉਹ ਕੁਝ ਹੱਦ ਤਕ ਹੀ ਠੀਕ ਹੈ। ਕਿਉਂਕਿ ਜੇਕਰ ਤਕਨੀਕੀ ਰੂਪ ਵਿੱਚ ਵੇਖਿਆ ਜਾਵੇ ਤਾਂ ਪੰਜਾਬ ਵਿੱਚ ਤਕਰੀਬਨ 300 ਦੇ ਕਰੀਬ ਪੰਛੀਆਂ ਦੀਆਂ ਜਾਤੀਆਂ ਪਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ 5-7 ਹੀ ਅਜਿਹੇ ਹਨ, ਜਿਹੜੇ ਇਨ੍ਹਾਂ ਲੱਕੜ ਦੇ ਆਲ੍ਹਣਿਆਂ ਵਿੱਚ ਰਹਿਣਾ ਪਸੰਦ ਕਰਦੇ ਹਨ। ਦਰਅਸਲ, ਕੁਦਰਤ ਬੜੀ ਵਿਸ਼ਾਲ ਹੈ। ਇੱਕ ਪਾਸੇ ਤਾਂ ਟਟਹੀਰੀ ਮਿੱਟੀ ਦੀਆਂ ਢੀਮਾਂ ਵਿੱਚ ਆਂਡੇ ਦੇਣਾ ਬਸੰਦ ਕਰਦੀ ਹੈ ਅਤੇ ਦੂਜੇ ਪਾਸੇ ਇੱਲ੍ਹਾਂ, ਗਿਰਝਾਂ ਬੋਹੜਾਂ, ਪਿੱਪਲਾਂ ਵਰਗੇ ਉੱਚੇ ਲੰਮੇ ਦਰੱਖਤਾਂ ਉੱਪਰ ਆਲ੍ਹਣੇ ਪਾਉਣੇ ਪਸੰਦ ਕਰਦੀਆਂ ਹਨ। ਰੰਗ-ਬਿਰੰਗੇ ਲੱਕੜ ਦੇ ਆਲ੍ਹਣੇ ਬਣਾਉਣ ਨਾਲੋਂ ਵੱਧ ਤੋਂ ਵੱਧ ਰੁੱਖ-ਝਾੜੀਆਂ ਲਾਉਣੇ ਹੀ ਇਨ੍ਹਾਂ ਲਈ ਲਾਭਕਾਰੀ ਹਨ। ਤੁਸੀਂ ਬਿਜੜੇ ਦੀ ਉਦਾਹਰਨ ਹੀ ਲੈ ਲਵੋ। ਉਸ ਨੇ ਆਪਣੀ ਚੁੰਝ ਰਾਹੀਂ ਤੀਲ੍ਹਾ-ਤੀਲ੍ਹਾਂ ਇਕੱਠਾ ਕਰਕੇ ਆਪਣੇ ਮਹਿਬੂਬ ਨੂੰ ਖ਼ੂਬਸੂਰਤ ਆਲ੍ਹਣੇ ਨਾਲ ਆਕਰਸ਼ਿਤ ਕਰਨਾ ਹੁੰਦਾ ਹੈ।

# ਜ਼ਿੰਦਗੀ ਦਾ ਹੁਲਾਰਾ ਹਨ ਲੋਕ ਨਾਚ

**ਪ੍ਰਿਤਪਾਲ ਮਾਹਲ**

ਲੋਕ ਨਾਚ ਆਪਣੇ ਸਮੇਂ ਦੀ ਰਹਿਣੀ-ਬਹਿਣੀ ਤੇ ਕੁਦਰਤੀ ਵਾਤਾਵਰਣ ਦਾ ਸਹੀ ਦਰਪਣ ਹੁੰਦੇ ਹਨ ਕਿਉਂਕਿ ਨੱਚਣ ਵਾਲਾ ਸਾਰੇ ਨਾਚ ਕਰਮ ਆਪਣੇ ਆਲੇ ਦੁਆਲੇ ਦੇ ਜੀਵਨ ਵਿੱਚੋਂ ਲੈਂਦਾ ਹੈ। ਸ਼ੁਰੂ ਵਿੱਚ ਨਾਚ, ਗੀਤ ਤੇ ਸੰਗੀਤ ਤਿੰਨੇ ਰਲੇ ਮਿਲੇ ਹੁਨਰ ਸਨ, ਤਿੰਨੇ ਖ਼ੁਸ਼ੀ ਦਾ ਸਾਧਨ ਸਨ, ਪਰ ਜਿਉਂ ਸੱਭਿਅਤਾ ਵੱਧਦੀ ਗਈ ਇਹ ਤਿੰਨ ਹੁਨਰ ਇੱਕ ਦੂਜੇ ਤੋਂ ਦੂਰ ਹੁੰਦੇ ਗਏ। ਨਾਚ ਵਧਕੇ ਨਾਟ ਸ਼ਾਸਤਰ ਦੇ ਨਿਯਮਾਂ ਵਿੱਚ ਬੱਝ ਗਿਆ, ਗੀਤ ਪਿੰਗਲ ਦੇ ਬੰਧਨਾਂ ਵਿੱਚ ਜਕੜਿਆ ਗਿਆ ਤੇ ਰਾਗ ਸ਼ਾਸਤਰੀ ਸੰਗੀਤ ਵਿੱਚ। ਸਾਜ਼ ਸੰਗੀਤ ਢੋਲਕ ਦੀ ਤਾਲ ਤੋਂ ਵਧਦਾ ਇੰਨੇ ਸਾਜ਼ਾਂ ਵਿੱਚ ਫੈਲ ਗਿਆ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਨਾਂ ਤਾਂ ਕੀ ਗਿਣਤੀ ਵੀ ਯਾਦ ਨਹੀਂ ਰਹਿੰਦੀ।

ਕਲਾਸੀਕਲ ਨਾਚ ਵਿੱਚ ਸੂਖਮ ਭਾਵਾਂ ਨੂੰ ਦਰਸਾਉਣ ਲਈ ਚਿਹਰੇ ਉੱਤੇ ਤੇਜ਼ ਰੌਸ਼ਨੀ ਪਾਈ ਜਾਂਦੀ ਹੈ ਤੇ ਜੇ ਕਲਾਸੀਕਲ ਨੱਚਣ ਵਾਲੇ ਨੇ ਢੁਕਵੀਂ ਪੁਸ਼ਾਕ ਨਾ ਪਾਈ ਹੋਵੇ ਤਾਂ ਨਾ ਉਹ ਚੰਗੀ ਤਰ੍ਹਾਂ ਨੱਚ ਸਕਦਾ ਹੈ ਤੇ ਨਾ ਹੀ ਦਰਸ਼ਕਾਂ ਨੂੰ ਮੋਹ ਸਕਦਾ ਹੈ। ਇਸ ਨੂੰ ਪੂਰੀ ਤਰ੍ਹਾਂ ਲੁਭਾਏਮਾਨ ਹੋਣ ਲਈ ਸੋਹਣੀ ਸਟੇਜ ਦਾ ਹੋਣਾ ਵੀ ਜ਼ਰੂਰੀ ਹੈ। ਇਸ ਦੇ ਉਲਟ ਲੋਕ ਨਾਚ ਲਈ ਹਰ ਪੁਸ਼ਾਕ ਢੁਕਵੀਂ ਹੈ, ਜਿੰਨੇ ਸਰੂਰ ਤੇ ਜਿੰਨੀ ਖ਼ੁਸ਼ੀ ਵਿੱਚ ਕੋਈ ਨੱਚੇਗਾ ਓਨਾ ਹੀ ਸੁਹਜ ਤੇ ਰੰਗ ਉਸ ਦੇ ਨਾਚ ਵਿੱਚ ਝਲਕੇਗਾ। ਸਾਡੇ ਇਨ੍ਹਾਂ ਨਾਚਾਂ ਵਿੱਚ ਓਨੀ ਹੀ ਤਕੜਾਈ ਤੇ ਜੋਸ਼ ਹੈ ਜਿੰਨੀ ਪੰਜਾਬੀਆਂ ਵਿੱਚ ਮੰਨੀ ਅਤੇ ਸਮਝੀ ਜਾਂਦੀ ਹੈ।

ਪੰਜਾਬ ਦੇ ਲੋਕ ਨਾਚ, ਭੰਗੜਾ, ਗਿੱਧਾ, ਝੂੰਮਰ ਲੁੱਡੀ, ਧਮਾਲ, ਕਿੱਕਲੀ ਤੇ ਸੰਮੀ ਆਦਿ ਹਨ, ਪਰ ਇਨ੍ਹਾਂ ਵਿੱਚੋਂ ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਉਸ ਵੇਲੇ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ। ਗਿੱਧਾ ਇਨ੍ਹਾਂ ਮੁਟਿਆਰਾਂ ਦਾ ਸਰੀਰਿਕ ਤੇ ਨਾਟਕੀ ਪ੍ਰਗਟਾਅ ਹੈ। ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ ਭੰਗੜਾ ਜ਼ਰੂਰ ਪੈਂਦਾ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾਅ ਤੇ ਉਨ੍ਹਾਂ ਦੀ ਕਰੜਾਈ ਤੇ ਗਠੀਲੇਪਣ ਦੀ ਇੱਕ ਪ੍ਰਤੱਖ ਤਸਵੀਰ ਹੈ। ਇਹ ਨਾਚ ਅਸਲ ਵਿੱਚ ਹੈ ਤਾਂ ਪੱਛਮੀ ਪੰਜਾਬ ਦੇ ਸ਼ੇਖ਼ੂਪੁਰੇ, ਗੁਜਰਾਤ ਤੇ ਸਿਆਲਕੋਟ ਜ਼ਿਲ੍ਹਿਆਂ ਦਾ ਪਰ ਜੋਸ਼-ਪ੍ਰਧਾਨ ਹੋਣ ਕਰਕੇ ਇਹ ਪੰਜਾਬ ਦਾ ਲੋਕ ਨਾਚ ਹੋ ਨਿੱਬੜਿਆ।

ਢੋਲ ਇਸ ਨਾਚ ਦਾ ਸਭ ਤੋਂ ਜ਼ਰੂਰੀ ਸਾਜ਼ ਹੈ, ਬਾਕੀ ਸਾਰੇ ਸਾਜ਼ ਉਸ ਦਾ ਸਾਥ ਦੇਣ ਲਈ ਹੁੰਦੇ ਹਨ। ਇਨ੍ਹਾਂ ਵਿੱਚ ਨਗੋਜ਼ੇ, ਤੂੰਬਾ, ਚਿਮਟਾ, ਕਾਟੋ, ਸੱਪ ਗੱਲ ਕੀ ਜਿਹੜਾ ਵੀ ਸਾਜ਼ ਕਿਸੇ ਕੋਲ ਹੋਵੇ ਨਾਲ ਢੁਕ ਜਾਂਦਾ ਹੈ। ਆਮ ਕਸਰਤ ਕਰਦੇ ਸਮੇਂ ਮਨੁੱਖ ਨੂੰ ਸਿਰਫ਼ ਸਰੀਰ ਦੀ ਤਕੜਾਈ ਦਾ ਹੀ ਖ਼ਿਆਲ ਹੁੰਦਾ ਹੈ, ਪਰ ਭੰਗੜਾ ਪਾਉਂਦੇ ਸਮੇਂ ਮਨ ਤੇ ਸਰੀਰ ਦੋਹਾਂ ਦੀ ਕਸਰਤ ਹੁੰਦੀ ਹੈ। ਇਹ ਇੱਕੋ ਨਾਚ ਹੈ ਜਿਹੜਾ ਪੰਜਾਬੀਆਂ ਨੂੰ ਖ਼ੁਸ਼ ਅਤੇ ਬਲਵਾਨ ਯੋਧੇ ਬਣੇ ਰਹਿਣ ਵਿੱਚ ਸਹਾਈ ਹੁੰਦਾ ਹੈ।



ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਪਹਿਲਾ ਦਰਜਾ ਗਿੱਧੇ ਦਾ ਹੈ ਕਿਉਂਕਿ ਹੋਰ ਨਾਚਾਂ ਦਾ ਸਬੰਧ ਵਧੇਰੇ ਕਰਕੇ ਪੱਛਮੀ ਪੰਜਾਬ ਨਾਲ ਹੈ। ਗਿੱਧਾ ਹੈ ਤਾਂ ਸਾਰੇ ਪੰਜਾਬ ਦਾ ਹੀ, ਪਰ ਕਈ ਮੌਸਮ ਵੀ ਇਸ ਨਾਲ ਸਬੰਧ ਰੱਖਦੇ ਹਨ। ਸਾਉਣ ਦੇ ਮਹੀਨੇ ਔਰਤਾਂ ਗਿੱਧੇ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ। ਇਸ ਦੀ ਏਨੀ ਮਹੱਤਤਾ ਹੈ ਕਿ ਹਰ ਵਿਆਹੀ ਕੁੜੀ ਇਨ੍ਹਾਂ ਦਿਨਾਂ ਵਿੱਚ ਪੇਕੇ ਘਰ ਜ਼ਰੂਰ ਆਉਂਦੀ ਹੈ। ਗਿੱਧਾ ਪਾਉਂਦੀਆਂ ਕੁੜੀਆਂ ਕੇਵਲ ਨੱਚਦੀਆਂ ਹੀ ਨਹੀਂ ਸਗੋਂ ਮਨ ਦੇ ਭਾਵਾਂ ਨੂੰ ਖੁੱਲ੍ਹੀ ਤਰ੍ਹਾਂ ਪ੍ਰਗਟਾਉਂਦੀਆਂ ਹਨ ਜੋ ਗੀਤਾਂ ਰਾਹੀਂ ਹੁੰਦਾ ਹੈ। ਇਨ੍ਹਾਂ ਦੇ ਬੋਲ ਰਚਣ ਵਾਲੇ ਦਾ ਨਾਂ ਪਤਾ ਹੀ ਨਹੀਂ ਹੁੰਦਾ। ਕੁੜੀਆਂ ਆਪਣੇ ਮਨ ਦੇ ਪਿਆਰ ਉਛਾਲ ਨੂੰ ਨਿਡਰ ਹੋ ਪ੍ਰਗਟ ਕਰਦੀਆਂ ਹਨ ਜਿਵੇਂ:

ਤੈਨੂੰ ਵੇਖਿਆਂ ਸਬਰ ਨਾ ਆਵੇ
ਯਾਰਾ ਤੇਰਾ ਘੁੱਟ ਭਰ ਲਾਂ

ਗਿੱਧੇ ਵਿੱਚ ਤਾਲ ਤਾੜੀ ਨਾਲ ਉਸਾਰਿਆ ਜਾਂਦਾ ਹੈ। ਬੋਲੀ ਪਾ ਕੇ ਉਸ ਬੋਲੀ ਦਾ ਭਾਵ ਨਾਚ ਅਭਿਨੈ ਜਾਂ ਨ੍ਰਿਤ ਨਾਟਕੀ ਢੰਗ ਨਾਲ ਸਾਕਾਰ ਕੀਤਾ ਜਾਂਦਾ ਹੈ। ਇਸ ਵਿੱਚ ਪਿਆਰ, ਬਿਰਹਾ ਤੇ ਨਿੱਤ ਦੇ ਘਰੇਲੂ ਜੀਵਨ ਦੀਆਂ ਝਾਕੀਆਂ ਹੁੰਦੀਆਂ ਹਨ। ਕੋਈ ਗੀਤ ਸੱਸ-ਨੂੰਹ ਦਾ ਝਗੜਾ ਦਰਸਾਉਂਦਾ ਹੈ, ਕਿਤੇ ਵੀਰ ਤੇ ਬਾਬਲ ਦੀ ਸਿਫ਼ਤ ਹੁੰਦੀ ਹੈ, ਕਿਤੇ ਮਾਂ ਦੀ ਛਾਂ ਦੀ ਗੱਲ ਤੇ ਕਿਤੇ ਪਤੀ ਦੀ ਮੁਹੱਬਤ ਤੇ ਕਦੀ ਪਤੀ ਦੀ ਬੁਰਾਈ।

ਝੂਮਰ ਪੰਜਾਬ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਵੱਧ ਕਲਾਤਮਿਕ ਨਾਚ ਹੈ। ਇਹ ਨਿਰੋਲ ਖ਼ੁਸ਼ੀ ਪ੍ਰਗਟਾਉਂਦਾ ਹੈ। ਝੂਮਰ ਨੱਚਣ ਵਾਲਾ ਬੜੇ ਕਲਾਤਮਿਕ ਤੇ ਨਜ਼ਾਕਤ ਨਾਲ ਝੂਮਦਾ ਹੈ ਜਿਵੇਂ ਫੁੱਲਾਂ ਲੱਦੀਆਂ ਡਾਲੀਆਂ ਝੂਮਦੀਆਂ ਹਨ। ਇਸ ਦੀ ਲੈਅ ਲੰਬੀ ਹੁੰਦੀ ਹੈ ਤੇ ਢੋਲ ਦੀ ਤਾਲ ਕੋਮਲ ਹੁੰਦੀ ਹੈ। ਅਸਲ ਵਿੱਚ ਇਹ ਲਹੂ ਗੇੜ ਵਰਗਾ ਹੈ ਤੇ ਚੱਕਰ ਧੁਨੀ ਨਾਲ ਮਘਦਾ ਹੈ।

ਝੂਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਵਸਨੀਕਾਂ ਦਾ ਮਰਦਾਵਾਂ ਨਾਚ ਹੈ। ਇਸ ਵਿੱਚ ਲਾਇਲਪੁਰ, ਸ਼ੇਖ਼ੂਪੁਰਾ, ਮਿੰਟਗੁਮਰੀ ਅਤੇ ਝੰਗ ਜ਼ਿਲ੍ਹਿਆਂ ਦਾ ਕੁਝ ਇਲਾਕਾ ਆਉਂਦਾ ਹੈ।

ਵਹੀਰਾਂ ਵਿੱਚ ਟੁਰਦੀਆਂ ਡਾਚੀਆਂ ਦੀਆਂ ਲੰਮੀਆਂ ਗਰਦਨਾਂ ਦਾ ਹੁਲਾਰ ਤੇ ਉਨ੍ਹਾਂ ਦੇ ਗਲ ਪਈਆਂ ਟੱਲੀਆਂ ਦੀ ਟੁਣਕਾਰ ਜਾਂਗਲੀਆਂ ਦੇ ਮਨਾਂ ਨੂੰ ਲੈਅ ਮਈ ਬਣਾ ਦਿੰਦੀਆਂ ਹਨ। ਇਹ ਲੋਕ ਆਪ ਤਾਂ ਨੱਚਦੇ ਹੀ ਸਨ ਆਪਣੇ ਘੋੜਿਆਂ ਤੇ ਊਠਾਂ 'ਤੇ ਬੈਠ ਕੇ ਉਨ੍ਹਾਂ ਨੂੰ ਵੀ ਖ਼ੁਸ਼ੀ ਵਿੱਚ ਨਚਾਉਂਦੇ ਸਨ। ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ ਤੇ ਢੋਲ ਵੀ ਅਜਿਹਾ ਜਿਸ ਦੀ ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।

ਮੈਂ ਤਾਂ ਪਾਣੀ ਭਰੇਨੀ ਆਂ ਪੱਤਣੋਂ
ਭੈੜੇ ਨੈਣ ਨਾ ਰਹਿੰਦੇ ਤੱਕਣੋਂ

ਨੱਚਦੇ ਹੋਏ ਝੂਮਰੀ ਮੂੰਹ ਵਿੱਚੋਂ ਸ਼ੀ ਸ਼ੀ ਦੀ ਆਵਾਜ਼ ਕੱਢਦੇ ਹਨ ਜਿਸ ਨੂੰ ਫੁੰਮਣੀਆਂ ਕੱਢਣੀਆਂ ਕਹਿੰਦੇ ਹਨ।

ਸੰਮੀ ਔਰਤਾਂ ਦਾ ਨਾਚ ਹੈ ਤੇ ਇਸਦਾ ਸਬੰਧ ਵੀ ਸਾਂਦਲਬਾਰ ਦੇ ਇਲਾਕੇ ਨਾਲ ਹੈ। ਚਾਨਣੀਆਂ ਰਾਤਾਂ ਵਿੱਚ ਜਦੋਂ ਕੁੜੀਆਂ ਇੱਕਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਬਾਹਾਂ ਦੇ ਉਲਾਰ ਨਾਲ ਚੂੜੀਆਂ ਦੀ ਛਣਕਾਰ ਪੈਰਾਂ ਦੀ ਧਮਕ ਤੇ ਝਾਂਜਰਾਂ ਦੀ ਟੁਣਕਾਰ ਇੱਕੋ ਸਮੇਂ ਹੁੰਦੀ ਹੈ। ਇਸ ਨਾਚ ਵਿੱਚ ਕਿਸੇ ਸਾਜ਼ ਦੀ ਲੋੜ ਨਹੀਂ। ਤਾਲ ਦਾ ਹਿਸਾਬ ਕੇਵਲ ਤਾੜੀਆਂ ਤੇ ਚੁਟਕੀਆਂ ਨਾਲ ਹੀ ਰੱਖਿਆ ਜਾਂਦਾ ਹੈ।



ਕਿੱਕਲੀ ਅਸਲ ਵਿੱਚ ਨਿੱਕੀਆਂ ਕੁੜੀਆਂ ਦਾ ਨਾਚ ਹੈ। ਕਦੇ ਕਦੇ ਨਿੱਕੇ ਮੁੰਡੇ ਕੁੜੀਆਂ ਰਲ ਕੇ ਵੀ ਕਿੱਕਲੀ ਪਾ ਲੈਂਦੇ ਹਨ। ਭਰਾ ਤੇ ਭੈਣ ਦਾ ਪਿਆਰ ਹਾਣ ਦਾ ਹੈ, ਇਹੀ ਕਾਰਨ ਹੈ ਕਿ ਕਿੱਕਲੀ ਵਿੱਚ ਬਹੁਤੇ ਗੀਤ ਭੈਣ ਵੱਲੋਂ ਭਰਾ ਦੇ ਪਿਆਰ ਦਾ ਵਰਣਨ ਕਰਦੇ ਹਨ ਜਿਵੇਂ:

ਕਿੱਕਲੀ ਕਲੀਰ ਦੀ ਪੱਗ
ਮੇਰੇ ਵੀਰ ਦੀ
ਦੁਪੱਟਾ ਮੇਰੇ ਭਾਈ ਦਾ
ਫਿੱਟੇ ਮੂੰਹ ਜਵਾਈ ਦਾ

ਇਸ ਤਰ੍ਹਾਂ ਹੀ ਲੁੱਡੀ ਪੰਜਾਬ ਦਾ ਖ਼ੁਸ਼ੀ ਦਾ ਨਾਚ ਹੈ। ਲੋਕ ਕਿਸੇ ਜਿੱਤ ਦੀ ਖ਼ੁਸ਼ੀ ਵਿੱਚ ਲੁੱਡੀ ਪਾਉਂਦੇ ਹਨ। ਅੱਜ ਦੇ ਯੁੱਗ ਵਿੱਚ ਲੋਕ ਨਾਚ ਸਿਰਫ਼ ਲੋਕ ਨਾਚ ਹੀ ਨਹੀਂ, ਇਸ ਦੇ ਵਿਖਾਵੇ ਵਿੱਚ ਲੋਕਾਂ ਦੇ ਸੂਝ ਪੱਧਰ ਦਾ ਵੀ ਪਤਾ ਲੱਗਦਾ ਹੈ। ਮੇਰੇ ਵਿਸ਼ਵਾਸ ਵਿੱਚ ਲੋਕ ਨਾਚ ਨੱਚਣ ਲਈ ਮਨ ਦਾ ਕਲਾਕਾਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀਆਂ ਦਾ ਦਿਲ ਬੜਾ ਨਿੱਘਾ ਹੈ ਤੇ ਇਹ ਬੜਾ ਭਰਪੂਰ ਹਾਸਾ ਹੱਸਦੇ ਹਨ। ਹਰ ਦੇਸ਼ ਦੀ ਕਲਾ ਉਸ ਦੇ ਸੱਭਿਆਚਾਰ ਦਾ ਪ੍ਰਤੀਕ ਹੋ ਨਿਬੜਦੀ ਹੈ।

# ਮਨੋਰੰਜਨ ਤੇ ਗਿਆਨ ਦਾ ਸੋਮਾ-ਲੋਕ ਬੁਝਾਰਤਾਂ

## ਸੁਖਦੇਵ ਮਾਦਪੁਰੀ



ਆਦਿ ਕਾਲ ਤੋਂ ਹੀ ਲੋਕ ਬੁਝਾਰਤਾਂ ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਰਹੀਆਂ ਹਨ। ਇਹ ਆਦਿ ਮਨੁੱਖ ਦੇ ਮੁਢਲੇ ਮਨੋਰੰਜਕ ਸਾਧਨ ਹੀ ਨਹੀਂ ਰਹੀਆਂ ਬਲਕਿ ਇਹ ਉਨ੍ਹਾਂ ਦੇ ਵਸਤੂ ਗਿਆਨ ਨੂੰ ਪ੍ਰਚੰਡ ਕਰਨ ਦਾ ਵੀ ਪ੍ਰਮੁੱਖ ਸਾਧਨ ਸਨ। ਜਿਸ ਤਰ੍ਹਾਂ ਲੋਕ ਗੀਤ ਲੋਕ ਮਾਨਸ ਦੇ ਮਨੋਭਾਵ ਪ੍ਰਗਟਾਉਣ ਲਈ ਆਪਣਾ ਪ੍ਰਮੁੱਖ ਸਥਾਨ ਰੱਖਦੇ ਹਨ, ਉਸੇ ਤਰ੍ਹਾਂ ਲੋਕ ਬੁਝਾਰਤਾਂ ਵੀ ਲੋਕ ਬੁੱਧੀ ਦਾ ਚਮਤਕਾਰ ਦਿਖਾਉਣ ਲਈ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਇਹ ਲੋਕ ਸਾਹਿਤ ਦੇ ਮੁਢਲੇ ਰੂਪਾਂ ਵਿੱਚੋਂ ਪ੍ਰਮੁੱਖ ਹਨ ਤੇ ਇਨ੍ਹਾਂ ਦੀ ਧਾਰਾ ਸਦੀਆਂ ਤੋਂ ਵਹਿੰਦੀ ਆ ਰਹੀ ਹੈ।

ਬੁਝਾਰਤਾਂ ਦਾ ਇਤਿਹਾਸ, ਮਨੁੱਖੀ ਇਤਿਹਾਸ ਜਿੰਨਾ ਹੀ ਪੁਰਾਣਾ ਹੈ। ਇਹ ਸਾਰੇ ਸੰਸਾਰ ਦੀਆਂ ਬੋਲੀਆਂ ਅਤੇ ਭਾਸ਼ਾਵਾਂ ਵਿੱਚ ਉਪਲੱਬਧ ਹਨ। ਬੁਝਾਰਤਾਂ ਨੂੰ ਅੰਗਰੇਜ਼ੀ ਵਿੱਚ ਰਿਡਲ, ਫ਼ਰਾਂਸੀਸੀ ਵਿੱਚ ਡੈਵਨੰਟੀ, ਲਾਤੀਨੀ ਭਾਸ਼ਾ ਵਿੱਚ ਐਨੀਗਮਾ, ਜਰਮਨ ਵਿੱਚ ਰਤੀਜ਼ਲ, ਚੀਨੀ ਵਿੱਚ ਮੀ ਯੂ, ਉਰਦੂ ਤੇ ਹਿੰਦੀ ਵਿੱਚ ਪਹੇਲੀ, ਸਿੰਧੀ ਵਿੱਚ ਗਝਾਰਤ, ਪਸ਼ਤੋ ਵਿੱਚ ਅੜ, ਬੰਗਾਲੀ ਵਿੱਚ ਧਾਂਦਾ, ਸੰਸਕ੍ਰਿਤ ਵਿੱਚ ਪ੍ਰਹੇਲਕਾ, ਫਾਰਸੀ ਵਿੱਚ ਚੀਸਤਾਂ, ਅਰਬੀ ਵਿੱਚ ਲਗਜ਼ ਅਤੇ ਪੰਜਾਬੀ ਵਿੱਚ ਬੁਝਾਰਤ ਅਤੇ ਬਾਤਾਂ ਆਖਦੇ ਹਨ। ਮੁਦਾਵਣੀ, ਬੁਝੌਵਲ, ਬੁਝੱਕਾ ਅਤੇ ਬਤੌਲੀ ਆਦਿ ਪੰਜਾਬ ਦੀਆਂ ਸਥਾਨਕ ਬੋਲੀਆਂ ਵਿੱਚ ਬੁਝਾਰਤਾਂ ਦੇ ਪ੍ਰਚਲਿਤ ਨਾਂ ਹਨ।

ਬੁਝਾਰਤਾਂ ਸਾਰੇ ਸੰਸਾਰ ਦੀਆਂ ਕੌਮਾਂ ਦਾ ਵਡਮੁੱਲਾ ਤੇ ਕੌਮੀ ਵਿਰਸਾ ਹਨ ਜਿਨ੍ਹਾਂ 'ਤੇ ਸਾਰੀਆਂ ਕੌਮਾਂ ਮਾਣ ਕਰਦੀਆਂ ਹਨ। ਇਨ੍ਹਾਂ ਦੇ ਸਾਹਿਤਕ, ਇਤਿਹਾਸਕ ਅਤੇ ਸਭਿਆਚਾਰਕ ਮਹੱਤਵ ਨੂੰ ਮੁੱਖ ਰੱਖਦਿਆਂ ਵਿਦਵਾਨਾਂ ਵੱਲੋਂ ਬੁਝਾਰਤਾਂ ਦੇ ਸੰਗ੍ਰਹਿ ਕਰਨ ਦੇ ਯਤਨ ਆਰੰਭੇ ਗਏ। ਯੂਨਾਨੀ ਵਿਦਵਾਨਾਂ ਨੇ ਸਭ ਤੋਂ ਪਹਿਲਾਂ 'ਡੀਮਾਂਡ ਜਵਾਈਸ' ਨਾਂ ਦਾ ਯੂਨਾਨੀ ਬੁਝਾਰਤਾਂ ਦਾ ਸੰਗ੍ਰਹਿ 1151 ਵਿੱਚ ਤਿਆਰ ਕੀਤਾ। ਗਿਲਜ਼ ਬੇਜ਼ ਦੇ ਯਤਨਾਂ ਸਦਕਾ 1852 ਵਿੱਚ ਫਰਾਂਸੀਸੀ ਬੁਝਾਰਤਾਂ ਦਾ ਸੰਗ੍ਰਹਿ ਪ੍ਰਕਾਸ਼ਿਤ ਹੋਇਆ। ਇਸੇ ਪ੍ਰਕਾਰ ਅਰਬੀ ਭਾਸ਼ਾ ਵਿੱਚ ਵੀ ਬੁਝਾਰਤਾਂ ਦੇ ਕਈ ਸੰਗ੍ਰਹਿ ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿੱਚੋਂ ਅਬੂ ਅੱਲਾ ਮਹੱਰਰੀ ਨੇ 'ਅਕੀਦ ਅਲਗਿਆਤ' ਨਾਂ ਦਾ ਅਰਬੀ ਬੁਝਾਰਤਾਂ ਦਾ ਸੰਗ੍ਰਹਿ ਚੌਥੀ ਪੰਜਵੀ ਹਿਜਰੀ ਵਿੱਚ ਤਿਆਰ ਕੀਤਾ ਸੀ। ਅਸਚਰਜਤਾ, ਅਦਭੁੱਤਤਾ ਅਤੇ ਹਾਸਰਸ ਵਿੱਚ ਗਲੇਫੀਆਂ ਇਹ ਬੁਝਾਰਤਾਂ ਸੰਸਾਰ ਦੇ ਕੋਨੇ-ਕੋਨੇ ਵਿੱਚ ਫੈਲੀਆਂ ਹੋਈਆਂ ਹਨ ਅਤੇ ਸੰਸਾਰ ਭਰ ਦੇ ਲੋਕਾਂ ਦੇ ਮਨੋਰੰਜਨੀ ਸਾਹਿਤ ਦਾ ਅਨਮੋਲ ਖ਼ਜ਼ਾਨਾ ਹਨ। ਐਡਨਬਰਾ ਯੂਨੀਵਰਸਿਟੀ ਦਾ ਪ੍ਰੋਫ਼ੈਸਰ ਜਾਰਜ ਕਰਿਸਟਲ ਬੁਝਾਰਤਾਂ ਨੂੰ ਦੁਨੀਆਂ ਦਾ ਸਭ ਤੋਂ ਪੁਰਾਤਨ ਹਾਸਰਸ ਸਾਧਨ ਮੰਨਦਾ ਹੈ। ਭਾਰਤ ਵਿੱਚ ਬੁਝਾਰਤਾਂ ਪਾਉਣ ਅਤੇ ਬੁੱਝਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਇਹ ਨਿਆਣਿਆਂ ਅਤੇ ਸਿਆਣਿਆਂ ਦੇ ਬੁੱਧੀ ਸੰਗਰਾਮ ਦੇ ਸਾਂਝੇ ਅਖਾੜੇ ਦੇ ਰੂਪ ਵਿੱਚ ਪ੍ਰਚਲਿਤ ਰਹੀਆਂ ਹਨ। ਮੌਖਿਕ ਰੂਪ ਵਿੱਚ ਇਹ ਪੀੜ੍ਹੀਓ ਪੀੜ੍ਹੀ ਸਾਡੇ ਤੀਕ ਪੁੱਜਦੀਆਂ ਹਨ। ਜਿੱਥੋਂ ਤਕ ਲਿਖਤੀ ਸਾਹਿਤ ਵਿੱਚ ਬੁਝਾਰਤਾਂ ਪਾਉਣ ਦੀ ਪਰੰਪਰਾ ਦਾ ਸਵਾਲ ਹੈ ਤਾਂ ਵੈਦਿਕ ਕਾਲ ਵਿੱਚ ਇਹ ਪਰੰਪਰਾ ਵਿਖਾਈ ਦਿੰਦੀ ਹੈ। ਰਿਗਵੇਦ ਵਿੱਚ ਆਤਮਾ ਪਰਮਾਤਮਾ ਦੇ ਸਰੂਪ ਸਬੰਧੀ ਵਿਸ਼ਲੇਸ਼ਣ ਕਰਨ ਵਾਲੇ ਰੂਪਆਤਮਕ ਢੰਗ ਨਾਲ ਆਏ ਮੰਤਰ ਬੁਝਾਰਤ ਨਾਲੋਂ ਘੱਟ ਕੌਤਕ ਪੂਰਨ ਨਹੀਂ। ਪੰਜਾਬੀ ਦੇ ਲਿਖਤੀ ਸਾਹਿਤ ਵਿੱਚ ਬੁਝਾਰਤਾਂ ਦਾ ਸਭ ਤੋਂ ਪੁਰਾਣਾ ਜ਼ਿਕਰ ਸ਼ਾਇਦ ਗੁਰੂ ਗ੍ਰੰਥ ਸਾਹਿਬ ਵਿੱਚ ਮਿਲਦਾ ਹੈ।

ਬਾਈਬਲ ਵਿੱਚ ਵੀ ਬੁਝਾਰਤਾਂ ਪਾਉਣ ਦਾ ਵਰਨਣ ਆਉਂਦਾ ਹੈ। ਪੁਰਾਣੇ ਕਬੀਲਿਆਂ ਵਿੱਚ ਹੁਣ ਤਕ ਬੁਝਾਰਤਾਂ ਪਾਉਣ ਦਾ ਰਿਵਾਜ ਚੱਲਿਆ ਆ ਰਿਹਾ ਹੈ। ਭਾਰਤ ਦੇ ਆਦਿਵਾਸੀ ਕਬੀਲਿਆਂ ਵਿੱਚੋਂ ਗੌਂਡ, ਪਰਧਾਨ ਤੇ ਬ੍ਰਿਹੋਰ ਜਾਤੀਆਂ ਦੇ ਵਿਆਹਾਂ ਸਮੇਂ ਲਾੜੇ ਪਾਸੋਂ ਬੁਝਾਰਤ ਪੁੱਛਣੀ ਇੱਕ ਲਾਜ਼ਮੀ ਰਸਮ ਹੈ। ਪੰਜਾਬ ਵਿੱਚ ਵੀ ਵਿਆਹ ਸਮੇਂ ਲਾੜੇ ਦੀਆਂ ਸਾਲੀਆਂ ਉਸ ਪਾਸੋਂ 'ਛੰਦ ਪਰਾਗੇ ਆਈਏ ਜਾਈਏ' ਦੀ ਰਸਮ ਸਮੇਂ ਛੰਦ ਸੁਣ ਕੇ ਹਾਸੇ ਠੱਠ ਦਾ ਮਾਹੌਲ ਸਿਰਜਦੀਆਂ ਹਨ।

ਪੁਰਾਤਨ ਸਮੇਂ ਤੋਂ ਹੀ ਬੁਝਾਰਤਾਂ ਕਿਸੇ ਗੰਭੀਰ ਉਦੇਸ਼ ਦੀ ਪੂਰਤੀ ਕਰਦੀਆਂ ਰਹੀਆਂ ਹਨ। ਬੁਝਾਰਤਾਂ ਬੁੱਝਣ ਦਾ ਮਕਸਦ ਬੁੱਝਣ ਵਾਲੇ ਦੀ ਬੁੱਧੀ ਦੀ ਪ੍ਰੀਖਿਆ ਲੈਣਾ ਹੈ। ਪੰਜਾਬ ਦੀਆਂ ਅਨੇਕਾਂ ਲੋਕ ਕਹਾਣੀਆਂ ਵਿੱਚ ਸ਼ਹਿਜ਼ਾਦੀਆਂ ਰਾਜਕੁਮਾਰਾਂ ਪਾਸੋਂ ਉਨ੍ਹਾਂ ਦੀ ਬੁੱਧੀ ਪ੍ਰੀਖਿਆ ਲੈਣ ਲਈ ਬੁਝਾਰਤਾਂ ਪੁੱਛਦੀਆਂ ਹਨ ਤੇ ਜਿਹੜਾ ਬੁੱਝ ਲਵੇ ਉਹਦੇ ਨਾਲ ਵਿਆਹ ਕਰਵਾ ਲੈਂਦੀਆਂ ਹਨ ਅਤੇ ਜੋ ਨਾ ਬੁੱਝ ਸਕੇ ਤਾਂ ਉਸ ਨੂੰ ਮੌਤ ਤਕ ਦੀ ਸਜ਼ਾ ਦਿੱਤੀ ਜਾਂਦੀ ਹੈ।

ਪੰਜਾਬੀ ਬੁਝਾਰਤਾਂ ਪੰਜਾਬੀ ਲੋਕ ਸਾਹਿਤ ਦਾ ਵਿਸ਼ੇਸ਼ ਅਤੇ ਮਹੱਤਵਪੂਰਨ ਅੰਗ ਹਨ। ਪੰਜਾਬ ਦੇ ਲੋਕ ਬੁਝਾਰਤਾਂ ਪਾ ਕੇ ਅਤੇ ਬੁੱਝ ਕੇ ਸਦਾ ਹੀ ਆਨੰਦ ਮਾਣਦੇ ਰਹੇ ਹਨ। ਬੁਝਾਰਤਾਂ ਨੂੰ ਬੁੱਝਣ ਵਾਲੀਆਂ ਬਾਤਾਂ ਵੀ ਕਿਹਾ ਜਾਂਦਾ ਹੈ। ਕੇਵਲ ਬਾਲਕ ਹੀ ਬਾਤਾਂ ਪਾਉਣ ਅਤੇ ਬੁੱਝਣ ਦੀ ਖ਼ੁਸ਼ੀ ਹਾਸਲ ਨਹੀਂ ਸੀ ਕਰਦੇ ਬਲਕਿ ਸਿਆਣੇ ਵੀ ਇਨ੍ਹਾਂ ਵਿੱਚ ਦਿਲਚਸਪੀ ਲੈਂਦੇ ਰਹੇ ਹਨ। ਇਹ ਨਿਆਣਿਆਂ ਸਿਆਣਿਆਂ ਦੇ ਬੁੱਧੀ ਸੰਗ੍ਰਾਮ ਦਾ ਸਾਂਝਾ ਅਖਾੜਾ ਰਹੀਆਂ ਹਨ ਜਿਸ ਵਿੱਚ ਵੱਡੇ-ਵੱਡੇ ਸਿਆਣਿਆਂ ਨੂੰ ਵੀ ਮਿੱਠੀਆਂ ਹਾਰਾਂ ਝੱਲਣੀਆਂ ਪੈਂਦੀਆਂ ਸਨ।

ਪੰਜਾਬੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਬੁਝਾਰਤਾਂ ਮਿਲਦੀਆਂ ਹਨ। ਇਨ੍ਹਾਂ ਵਿੱਚ ਪੰਜਾਬ ਦਾ ਲੋਕ ਜੀਵਨ ਸਾਫ਼ ਨਜ਼ਰ ਆਉਂਦਾ ਹੈ। ਇਹ ਪੰਜਾਬੀ ਸਭਿਆਚਾਰ ਦਾ ਦਰਪਣ ਹਨ। ਇਹ ਐਨੀਆਂ ਸੁਹਜ ਭਰਪੂਰ, ਅਦਭੁੱਤ, ਰਸੀਲੀਆਂ ਅਤੇ ਵੰਨ ਸੁਵੰਨੀਆਂ ਹਨ ਕਿ ਸ਼ਾਇਦ ਹੀ ਕੋਈ ਅਜਿਹਾ ਵਿਸ਼ਾ ਹੋਵੇ ਜਿਸ ਬਾਰੇ ਪੰਜਾਬੀ ਵਿੱਚ ਬੁਝਾਰਤਾਂ ਨਾ ਹੋਣ। ਮਨੁੱਖੀ ਸਰੀਰ ਦੇ ਅੰਗਾਂ, ਪ੍ਰਕਿਰਤੀ, ਬਨਸਪਤੀ, ਜੀਵ ਜੰਤੂਆਂ, ਘਰੇਲੂ ਵਸਤਾਂ, ਭਿੰਨ-ਭਿੰਨ ਧੰਦਿਆਂ ਨਾਲ ਸਬੰਧਤ, ਸੰਦਾਂ ਅਤੇ ਵਿਗਿਆਨਕ ਕਾਢਾਂ ਬਾਰੇ ਬੜੀਆਂ ਪਿਆਰੀਆਂ ਤੇ ਸੁਹਜ ਭਰਪੂਰ ਬੁਝਾਰਤਾਂ ਪਾਈਆਂ ਜਾਂਦੀਆਂ ਹਨ। ਪੰਜਾਬੀ ਬੁਝਾਰਤਾਂ ਸਾਹਿਤ, ਇਤਿਹਾਸ, ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਇਨ੍ਹਾਂ ਵਿੱਚ ਸਦੀਆਂ ਪੁਰਾਣੇ ਪੰਜਾਬ ਦੇ ਇਤਿਹਾਸਕ ਅਤੇ ਸਭਿਆਚਾਰਕ ਤੱਤ ਸਮੋਏ ਹੋਏ ਹਨ। ਵਿਗਿਆਨ ਦੀ ਪ੍ਰਗਤੀ ਦੇ ਕਾਰਨ ਮਨੋਰੰਜਨ ਦੇ ਸਾਧਨ ਤਬਦੀਲ ਹੋ ਗਏ ਹਨ। ਬਿਜਲਈ ਉਪਕਰਨਾਂ ਨੇ ਤਾਂ ਇਸ ਖੇਤਰ ਵਿੱਚ ਬਹੁਤ ਪ੍ਰਭਾਵ ਪਾਇਆ ਹੈ। ਰੇਡੀਓ, ਟੈਲੀਵਿਜ਼ਨ, ਮੋਬਾਈਲ ਅਤੇ ਕੇਬਲ ਕਲਚਰ ਨੇ ਸਮੂਹਿਕ ਤੌਰ 'ਤੇ ਮਾਣੇ ਜਾਂਦੇ ਮਨੋਰੰਜਨ ਦੇ ਸਾਧਨ ਕਿਸੇ ਹੱਦ ਤਕ ਸਮਾਪਤ ਹੀ ਕਰ ਦਿੱਤੇ ਹਨ ਜਿਸ ਕਾਰਨ ਬੁਝਾਰਤਾਂ ਪਾਉਣ ਅਤੇ ਬੁੱਝਣ ਦੀ ਪਰੰਪਰਾ ਖ਼ਤਮ ਹੋ ਰਹੀ ਹੈ। ਇਸ ਲਈ ਇਨ੍ਹਾਂ ਨੂੰ ਸਾਂਭਣ ਦੀ ਅਤਿਅੰਤ ਲੋੜ ਹੈ। ਇਹ ਸਾਡੀ ਵਿਰਾਸਤ ਦਾ ਵਡਮੁੱਲਾ ਸਰਮਾਇਆ ਹਨ।

# ਲੋਕ ਗੀਤਾਂ ਦੇ ਅੰਦਰਲਾ ਸੱਚ

## ਧਿਆਨ ਸਿੰਘ ਸ਼ਾਹ ਸਿਕੰਦਰ





ਲੋਕ ਗੀਤ ਦਿਲਾਂ ਦੀ ਧੜਕਣ ਹੁੰਦੇ ਹਨ। ਲੋਕ ਗੀਤ ਮਨਾਂ ਦਾ ਉਦਗਾਰ ਹੁੰਦੇ ਹਨ। ਲੋਕ ਗੀਤ ਢਿੱਡਾਂ ਵਿਚਲਾ ਸੱਚ ਹੁੰਦੇ ਹਨ। ਲੋਕ ਗੀਤ ਸਮਿਆਂ ਦਾ ਦਰਪਣ ਹੁੰਦੇ ਹਨ। ਲੋਕ ਗੀਤ ਸਾਂਝੀ ਲੋਕ-ਪੀੜਾ ਹੁੰਦੇ ਹਨ। ਲੋਕ ਗੀਤ ਸੱਚ ਤੇ ਸੁੱਚਾ ਇਤਿਹਾਸ ਹੁੰਦੇ ਹਨ। ਲੋਕ ਗੀਤ ਜੀਵੇ ਗਏ ਜੀਵਨ ਦਾ ਅਸਲ ਹੁੰਦੇ ਹਨ। ਲੋਕ ਗੀਤ ਪਰਤ-ਦਰ-ਪਰਤ ਡੂੰਘੀਆਂ ਤਹਿਆਂ ਸਮੋਈ ਬੈਠੇ ਹੁੰਦੇ ਹਨ।

ਲੋਕ ਗੀਤਾਂ ਨੂੰ ਅਸੀਂ ਗਾਉਂਦੇ ਹਾਂ, ਸੁਣਦੇ ਹਾਂ, ਸੁਣ ਕੇ ਝੂਮਦੇ ਹਾਂ, ਨੱਚਦੇ ਹਾਂ, ਗੁਣਗੁਣਾਉਂਦੇ ਹਾਂ, ਪਰ ਉਨ੍ਹਾਂ ਦੇ ਧੁਰ ਅੰਦਰ ਛੁਪੀ ਵੇਦਨਾ ਸੰਵੇਦਨਾ ਤਕ ਘੱਟ ਵੱਧ ਹੀ ਪੁੱਜਦੇ ਹਾਂ। ਲੋਕ ਗੀਤਾਂ ਨੂੰ ਅਸੀਂ ਪਿਆਰਦੇ ਹਾਂ, ਪਰ ਉਨ੍ਹਾਂ ਹੇਠ ਛੁਪੇ ਸਮਿਆਂ ਦੇ ਸੱਚ ਨੂੰ ਕਦੇ ਵੀ ਨਹੀਂ ਵਿਚਾਰਦੇ। ਜੇਕਰ ਅਸੀਂ ਲੋਕ ਗੀਤਾਂ ਦੀ ਗਹਿਰਾਈ ਤਕ ਪਹੁੰਚ ਸਕੀਏ ਤਾਂ ਉਹ ਸਾਡੇ ਲਈ ਅਨੂਠਾ ਆਨੰਦੀ ਹੁਲਾਰਾ ਬਣ ਜਾਂਦੇ ਹਨ। ਕੁਝ ਉਦਾਹਰਣਾਂ ਹਾਜ਼ਰ ਹਨ:

ਜੱਟੀ ਹੱਟ 'ਤੇ ਸ਼ਰਾਬਣ ਹੋਈ,<br>
ਸੱਪ-ਰੰਗੀ ਛੀਂਟ ਵੇਖ ਕੇ।

ਇਹ ਲੋਕ-ਬੋਲੀ ਆਪਣੇ ਆਪ ਵਿੱਚ ਇੱਕ ਸੰਸਾਰ ਸਮੋਈ ਬੈਠੀ ਹੈ। ਜੱਟੀ ਜੋ ਸਾਰਾ ਸਾਰਾ ਵਰ੍ਹਾ ਕਰੜੀ ਘਾਲਣਾ ਕਰਦੀ ਹੈ, ਨਰਮਾ ਕਪਾਹ- ਚੁਗਦੀ, ਤੁੰਬਦੀ, ਛੰਡਦੀ, ਵੇਲਦੀ, ਕੱਤਦੀ, ਅਟੇਰਦੀ ਰਹੀ, ਉਹਦਾ ਪਹਿਨਣ ਪੱਚਰਨ ਦਾ ਸ਼ੌਕ ਫਿਰ ਵੀ ਪੂਰਾ ਨਹੀਂ ਹੁੰਦਾ। ਸਾਡੀ ਅਰਥ ਵਿਵਸਥਾ ਹੀ ਕੁਝ ਅਜਿਹੀ ਹੈ। ਇਹ ਸਾਡੀ ਅਰਥ ਵਿਵਸਥਾ 'ਤੇ ਬੜਾ ਵੱਡਾ ਕਟਾਖਸ਼ ਹੈ। ਕੱਪੜੇ ਦੀ ਹੱਟੀ 'ਤੇ ਸੋਹਣੀ ਛੀਂਟ ਤੇ ਉਹ ਵੀ ਸੱਪ-ਰੰਗੀ! ਡੰਗ ਜਾਂਦੀ ਹੈ ਉਹਦੇ ਹਿਰਦੇ ਨੂੰ, ਉਹਦੀ ਪਹਿਨਣ ਰੀਝ ਨੂੰ ਅਤੇ ਉਹ ਮਦਮਸਤ ਹੋ ਜਾਂਦੀ ਹੈ ਛੀਟ ਦੇ ਰੰਗਾਂ 'ਤੇ ਹੀ। ਖਚਰਾ ਹਟਵਾਣੀਆਂ ਜੱਟੀ ਦੀ ਇਸ ਕਮਜ਼ੋਰੀ ਨੂੰ ਭਲੀਭਾਂਤ ਜਾਣਦਾ ਹੈ। ਉਹ ਉਹਦੀ ਇਸ ਕਮਜ਼ੋਰੀ ਦਾ ਸੋਸ਼ਣ ਕਰਨਾ ਵੀ ਜਾਣਦਾ ਹੈ। ਉਹਦਾ ਇਹ ਵਪਾਰ ਹੈ। ਉਹਦੀ ਕਮਾਈ ਦਾ ਇਹ ਹੁਨਰ ਹੈ। ਹੁਨਰ ਕਮਾਲ ਦਾ ਹੈ। ਕਿਵੇਂ ਉਹਨੇ ਫਟਾਕਾ ਮਾਰ ਕੇ ਥਾਨ ਖਿਲਾਰਿਆ ਹੋਵੇਗਾ- ਭਖ ਪੈਂਦੀ ਜਵਾਨੀ ਸਾਹਮਣੇ। ਆਤਮ-ਵਿਸ਼ਵਾਸ ਦੀ ਭਰੀ, ਗਰਬ ਦੀ ਭਰੀ, ਜਥ੍ਹੇ ਦੀ ਭਰੀ ਜੱਟੀ ਕਿਵੇਂ ਹਾਰ ਗਈ ਹੋਵੇਗੀ ਆਪਣੇ ਸ਼ੌਕ ਸਾਹਵੇਂ। ਮਨਮੋਹਕ ਰੰਗਾਂ ਦੀ ਛੀਂਟ ਸਾਹਵੇਂ। ਪਲੋ ਪਲੀ ਖ਼ਰੀਦਦਾਰ ਬਣ ਗਈ ਹੋਵੇਗੀ ਭਾਵੇਂ ਕਰਜ਼ਾਈ ਹੋ ਕੇ ਹੀ ਸਹੀ। ਕਿੱਡਾ ਵੱਡਾ ਮਨੋਵਿਗਿਆਨਕ ਪਹਿਲੂ ਛੋਹ ਗਈ ਹੈ ਇਹ ਇੱਕ ਸਤਰ ਹੀ! ਜੱਟੀ ਦਾ ਮਨੋਵਿਗਿਆਨ, ਹਟਵਾਣੀਏ ਦਾ ਮਨੋਵਿਗਿਆਨ, ਸਾਰੀ ਸਮਾਜਿਕ ਵਿਵਸਥਾ ਦਾ ਮਨੋਵਿਗਿਆਨ। ਤੇ ਫਿਰ ਸਮਿਆਂ ਦਾ ਸੱਚ- ਇੱਕ ਸੱਚਾ ਇਤਿਹਾਸ- ਘਰਾਂ, ਸਮਾਜਾਂ, ਰਾਜਾਂ, ਆਰਥਿਕ ਸਥਿਤੀਆਂ, ਕੱਪੜੇ ਦੀ ਕਿੱਲਤ ਦੇ ਵਕਤਾਂ ਦਾ। ...ਤੇ ਬੜਾ ਹੀ ਕੁਝ ਹੋਰ। ਜਿੰਨਾ ਵਿਚਾਰੋ ਓਨਾ ਹੀ ਹੋਰ ਡੂੰਘੇਰਾ, ਓਨਾ ਹੀ ਹੋਰ ਮਿੱਠਾ, ਓਨਾ ਹੀ ਹੋਰ ਵਧੇਰੇ ਮਾਣਨਯੋਗ।

× × ×

ਮਿੱਟੀ ਦਾ ਬਾਵਾ ਬਣਾਉਨੀ ਆਂ,<br>
ਝੱਗਾ ਪਾਉਨੀ ਆਂ,<br>
ਉੱਤੇ ਦੇਨੀ ਆਂ ਖੇਸੀ<br>
ਨਾ ਰੋ ਮਿੱਟੀ ਦਿਆ ਬਾਵਿਆ,<br>
ਵੇ ਤੇਰਾ ਪਿਓ ਪਰਦੇਸੀ।

ਇੱਥੇ ਵੀ ਗੱਲ ਧੁਰ ਕਲੇਜੇ 'ਤੇ ਵੱਜਦੀ ਹੈ। ਦਰਦ ਨਵਵਿਆਹੀ ਮੁਟਿਆਰ ਦਾ ਜਿਹਦਾ ਗੱਭਰੂ (ਪਤੀ) ਲਾਮ 'ਤੇ ਚਲਾ ਗਿਆ ਜਾਂ ਪਰਦੇਸੀਂ ਚਲਾ ਗਿਆ ਕਮਾਈ ਕਰਨ। ਚਲਾ ਗਿਆ ਇਕੱਲੀ ਨੂੰ ਛੱਡ ਕੇ। ਉਹਦੀਆਂ ਰੀਝਾਂ, ਮੁਹੱਬਤਾਂ ਸਭ ਅਧਵਾਟੇ ਰਹਿ ਗਈਆਂ, ਅਧੂਰੀਆਂ। ਔਰਤ ਜ਼ਾਤ ਮਮਤਾ ਦੀ ਮੂਰਤ ਹੁੰਦੀ ਹੈ। ਇੱਕ ਨਿੱਕੀ ਜਿਹੀ ਬੱਚੀ ਦੇ ਹਿਰਦੇ ਵਿੱਚ ਵੀ ਇੱਕ ਮਾਂ ਬੈਠੀ ਹੁੰਦੀ ਹੈ। ਹਰ ਮੁਟਿਆਰ ਮਾਂ ਬਣਨਾ ਲੋਚਦੀ ਹੈ। ਇਸ ਲੋਚਾ, ਇਸ ਮਾਂਪੁਣੇ ਦੀ ਮੂਲ ਪ੍ਰਵਿਰਤੀ ਕਾਰਨ ਹੀ ਇਸ਼ਕ ਮੁਹੱਬਤ ਜਾਗਦੀ ਹੈ, ਕਾਮ ਇੱਛਾ ਜਾਗਦੀ ਹੈ, ਮਮਤਾ ਜਾਗਦੀ ਹੈ। ਤੇ ਫਿਰ ਹਰ ਵਿਆਹੀ ਵਰ੍ਹੀ ਮੁਟਿਆਰ ਲਈ ਇਹ ਸਾਰੀਆਂ ਭਾਵਨਾਵਾਂ ਹੱਕ-ਬਜਾਨਬ ਹਨ।

ਇਨ੍ਹਾਂ ਸਤਰਾਂ 'ਚ ਨਵਵਿਆਹੀ ਮੁਟਿਆਰ ਦੇ ਬਿਰਹੇ ਦੀ ਡੂੰਘੀ ਚੀਸ ਹੈ, ਮਿਲਾਪ ਦੀ ਤਾਂਘ ਲਈ ਅੰਬਰ ਚੀਰਵੀਂ ਹੂਕ ਹੈ; ਪਰ ਓਧਰ ਇੱਕ ਪਰਿਵਾਰਕ ਮਜਬੂਰੀ ਹੈ, ਅਰਥ ਵਿਵਸਥਾ ਦੀ ਤਸਵੀਰ ਹੈ, ਸਮਿਆਂ ਦਾ ਇਤਿਹਾਸ ਹੈ। ਗੀਤ ਦੀ ਅਦਾਇਗੀ ਵਿੱਚ ਅਭਿਨੈ ਹੈ, ਕਾਵਿਕ ਨਾਟਕੀਅਤਾ ਤੇ ਮਨ ਦੀ ਤਸੱਲੀ ਵੀ ਹੈ। ਪਰ 'ਮਿੱਟੀ ਦਾ ਬਾਵਾ' ਤਾਂ ਨਾ ਬੋਲਦਾ, ਨਾ ਚਾਲਦਾ, ਨਾ ਹੁੰਗਾਰਾ ਹੀ ਦਿੰਦਾ ਹੈ, ਪਰ ਰੋਂਦਾ ਜ਼ਰੂਰ ਹੈ। ਕਿੰਨਾ ਗਹਿਰਾ ਰੁਦਨ ਹੈ। ਕਿੰਨੀ ਡੂੰਘੀ ਪੀੜ ਹੈ, ਕਲੇਜਾ ਚੀਰਵੀਂ ਪੀੜ। ਹਿਰਦੇ 'ਚ ਬੈਠੀ ਮਮਤਾ ਨੂੰ ਤਾਂ ਜਿਊਂਦਾ ਜਾਗਦਾ ਬਾਵਾ ਲੋੜੀਂਦਾ ਹੈ, ਜੋ ਬੋਲਦਾ ਚਾਲਦਾ, ਬੁੱਲ੍ਹੀਆਂ ਟੇਰਦਾ, ਲੱਤਾਂ-ਬਾਹਾਂ ਮਾਰਦਾ, ਹੁੰਗਾਰੇ ਭਰਦਾ, ਉੱਛਲ-ਉੱਛਲ ਪੈਂਦਾ, ਗਲ ਨੂੰ ਚੰਬੜਦਾ, ਸੌ-ਸੌ ਖੇਖਣ ਕਰਦਾ, ਸੀਨੇ ਠੰਢ ਪਾਉਂਦਾ, ਮਾਂ ਦੀ ਮਮਤਾ ਨੂੰ ਤ੍ਰਿਪਤ ਕਰਦਾ ਹੋਵੇ।

ਮਿੱਟੀ ਦਾ ਬਾਵਾ ਤਾਂ ਬੱਸ ਝੂਠਾ ਜਿਹਾ ਮਨ ਦਾ ਠੁੰਮਣਾ ਹੀ ਬਣ ਕੇ ਰਹਿ ਜਾਂਦਾ ਹੈ, ਅਸਲ ਦੀ ਨਕਲ। ਤੇ ਗੀਤ ਇੱਕ ਵਿਛੋੜੇ ਦਾ ਦਰਦ, ਬਿਰਹੇ ਦੀ ਚੀਸ, ਦੱਬਿਆ ਘੁੱਟਿਆ ਰੁਦਨ ਤੇ ਇੱਕ ਸੁੱਚੀ ਚਾਹਤ ਦੇ ਜਾਂਦਾ ਹੈ।

ਖੂਹੇ 'ਤੇ ਪਾਣੀ ਭਰੇਂਦੀਏ ਮੁਟਿਆਰੇ ਨੀ।<br>
ਘੁੱਟ ਕੁ ਪਾਣੀ ਪਿਲਾ ਬਾਂਕੀਏ ਨਾਰੇ ਨੀ।

ਘੱਟ ਕੁ ਪਾਣੀ ਨੂੰ ਤਰਸਦੀ, ਲਾਮ ਤੋਂ ਮੁੜੇ, ਥੱਕੇ ਟੁੱਟੇ ਫ਼ੌਜੀ ਦੀ ਰੂਹ- ਲੰਮੇ ਵਿਯੋਗ ਪਿੱਛੋਂ ਮਿਲਣ-ਸਿੱਕ ਦਾ ਇੱਕ ਤਰਲਾ, ਆਪਣਿਆਂ ਨੂੰ ਗਲੇ ਮਿਲਣ ਦੀ ਚਾਹਤ। ਪਰ ਮੁਟਿਆਰ, ਬਾਂਕੀ ਨਾਰ ਦਾ ਸਦਾਚਾਰ ਕਿਸੇ ਓਪਰੇ ਮਰਦ ਸਿਰ ਅਹਿਸਾਨ ਕਰ ਕੇ ਕੋਈ ਨਵਾਂ ਪੁਆੜਾ ਨਹੀਂ ਸਹੇੜਨਾ ਚਾਹੁੰਦਾ। ਸਮਾਜਿਕ ਬੰਦਸ਼ਾਂ, ਰਹੁ-ਰੀਤਾਂ ਦੀ ਪਵਿੱਤਰ ਦੀਵਾਰ ਬੜੀ ਉੱਚੀ ਹੈ।

ਆਪਣਾ ਭਰਿਆ ਨਾ ਦਿਆਂ ਸਿਪਾਹੀਆ ਵੇ!<br>
ਲੱਜ ਪਈ ਭਰ ਪੀ ਕਿ ਮੈਂ ਤੇਰੀ ਮਹਿਰਮਾ ਨਾ ਆਂ।

ਝੇੜੇ ਝਗੜਦਿਆਂ, ਰੇੜਕੇ ਰਿੜਕਦਿਆਂ ਆਖ਼ਿਰਕਾਰ ਪਛਾਣ ਹੋ ਹੀ ਜਾਂਦੀ ਹੈ। ਵੇਦਨਾ ਕਿੰਨੀ ਗਹਿਰੀ ਹੈ:

ਨਿੱਕੀ ਹੁੰਦੀ ਨੂੰ ਛੱਡ ਗਇਓਂ ਸਿਪਾਹੀਆ ਵੇ!<br>
ਹੁਣ ਹੋਈ ਮੁਟਿਆਰ ਤੇ ਮੈਂ ਤੇਰੀ ਮਹਿਰਮ ਹੋਈ।

ਪੁਰਾਣੇ ਵੇਲਿਆਂ ਦੀ ਬਾਤ ਹੈ, ਪੁਰਾਣਾ ਇਤਿਹਾਸ ਹੈ, ਪੁਰਾਣੇ ਸਮਾਜਿਕ ਰਿਵਾਜ, ਨਿੱਕੀਆਂ ਨਿੱਕੀਆਂ ਮਾਸੂਮ ਬਾਲੜੀਆਂ ਦੇ ਵਿਆਹ, ਸਹੁਰੇ ਘਰ ਦਾ ਗੋਲਪੁਣਾ ਕਰਦੀ ਬਾਲ-ਵਧੂ ਦਾ ਸੰਤਾਪ, ਪਤੀ ਦੀ ਲਾਮ 'ਤੇ ਚਲੇ ਜਾਣ ਦੀ ਮਜਬੂਰੀ, ਵਹੁਟੀ ਨੂੰ ਆਪਣੇ ਲਾੜੇ ਦੀ ਪਛਾਣ ਤਕ ਨਾ ਰਹਿਣੀ; ਤੇ ਫਿਰ ਭਰ ਜਵਾਨ ਮੁਟਿਆਰ ਦਾ ਆਪਣੇ ਪਤੀ ਨਾਲ ਅਚਨਚੇਤੀ ਮਿਲਾਪ। ਉਹ ਵੀ ਖੂਹ 'ਤੇ, ਇੱਕ ਮੌਕਾ ਮੇਲ। ਭਰ ਜਵਾਨ ਮੁਟਿਆਰ ਦਾ ਸਹਿਕਦਾ ਸਬਰ ਸੰਤੋਖ ਤੇ ਸਬਰ ਸੰਤੋਖ ਦੀ ਤਹਿ 'ਤੇ ਵਿਛੋੜੇ ਦਾ ਹੇਰਵਾ। ਮਹਿਰਮਾ ਨਾ ਹੋਣ ਤੋਂ ਮਹਿਰਮ ਹੋਣ ਦਾ ਸਫ਼ਰ- ਕਿੰਨਾ ਹੀ ਕੁਝ ਸਾਂਭੀ ਬੈਠਾ ਹੈ ਇਹ ਗੀਤ। ਉਹ ਇਤਿਹਾਸ ਜੋ ਇਤਿਹਾਸਕਾਰਾਂ ਨੇ ਨਾ ਕਦੇ ਲਿਖਿਆ ਹੈ, ਨਾ ਕਦੇ ਲਿਖ ਸਕਣਾ ਹੈ। ਇਤਿਹਾਸ ਤਾਂ ਰਾਜਿਆਂ ਰਜਵਾੜਿਆਂ ਦਾ ਲਿਖਿਆ ਜਾਂਦਾ ਹੈ- ਜੰਗਾਂ ਯੁੱਧਾਂ ਦਾ, ਜਿੱਤਾਂ ਹਾਰਾਂ ਦਾ। ਇਤਿਹਾਸ ਤਾਂ ਵੱਡੇ ਲੋਕਾਂ ਦਾ ਲਿਖਿਆ ਜਾਂਦਾ ਹੈ- ਨਿਮਾਣੀਆਂ ਰੂਹਾਂ 'ਚ ਕਲਵਲ ਹੁੰਦੇ ਜਜ਼ਬਿਆਂ ਦਾ ਇਤਿਹਾਸ ਕਿਹੜਾ ਇਤਿਹਾਸਕਾਰ ਲਿਖੇਗਾ।

ਫੁਲਝੀਏ ਧਰੇਕੇ, ਇੱਕ ਫੁੱਲ ਮੈਨੂੰ ਦੇ!<br>
ਮੈਂ ਵੀ ਜਾਣਾ ਪੇਕੇ, ਇੱਕ ਫੁੱਲ ਮੈਨੂੰ ਦੇ।

ਰੱਬ, ਗੁਰ ਪੀਰ, ਦੇਵੀ ਦੇਵਤਿਆਂ ਤੋਂ ਤਾਂ ਸਭ ਲੋਕ ਮੰਗਾਂ ਮੰਗਦੇ ਤੇ ਮੰਨਤਾਂ ਮੰਨਦੇ ਹਨ; ਪਰ ਰੁੱਖਾਂ ਬੂਟਿਆਂ, ਕਾਵਾਂ-ਕਬੂਤਰਾਂ, ਚਿੜੀਆਂ ਤੇ ਘੁੱਗੀਆਂ ਤੋਂ ਲੋਕ ਗੀਤ ਹੀ ਮੰਨਤਾਂ ਮੰਗਦੇ ਹਨ। ਇੱਥੇ ਫੁੱਲਾਂ ਲੱਦੀ ਧਰੇਕ ਅੱਗੇ ਅਰਜੋਈ ਹੈ। ਖਿੜੀ ਪੁੜੀ ਧਰੇਕ ਵੀ ਪੇਕੇ ਪੁੱਜੀ ਵਿਆਹੁਤਾ ਦਾ ਚਿੰਨ੍ਹ ਬਣ ਜਾਂਦੀ ਹੈ। ਫੁੱਲਾਂ ਨਾਲ ਲੱਦੀ ਧਰੇਕ ਪ੍ਰਸੰਨਤਾ ਦੀ ਸਿਖਰ ਹੈ; ਪ੍ਰਾਪਤੀ ਦਾ ਰੂਪ ਹੈ। ਸਹੁਰੇ ਵੱਸਦੀ ਮੁਟਿਆਰ ਨੇ ਪੇਕੇ ਘਰ ਜਾਣਾ ਹੈ। ਗੋਦ ਵਿੱਚ ਖਿੜ ਖਿੜ ਕਰਦਾ ਇੱਕ ਫੁੱਲ ਹੋਵੇ, ਪੇਕੇ ਘਰ- ਘਰਦਿਆਂ, ਸਖੀਆਂ ਸਹੇਲੀਆਂ ਨੂੰ ਆਪਣੀ ਪ੍ਰਾਪਤੀ ਦੀ ਖ਼ੁਸ਼ੀ ਵਿੱਚ ਭਾਈਵਾਲ ਬਣਾਉਣ ਲਈ, ਆਪਣੇ ਮੁਕੰਮਲ ਹੋ ਜਾਣ ਦੇ ਸਬੂਤ ਲਈ। ਔਰਤ ਜਾਨ 'ਤੇ ਖੇਡ ਕੇ ਮਾਂ ਬਣਦੀ ਹੈ; ਪਰ ਉਹ ਮਾਂ ਬਣ ਕੇ ਮੁਕੰਮਲ ਹੋਈ ਅਨੁਭਵ ਕਰਦੀ ਹੈ। 'ਫੁੱਲੜੀ' ਮੁਕੰਮਲ ਹੋਣ ਦੀ ਲੋੜ, ਮਮਤਾ ਦੀ ਤ੍ਰਿਪਤੀ ਦੀ ਇੱਛਾ, ਧਰੇਕ ਵਾਂਗ ਹੀ ਸੁਗੰਧੀਆਂ ਤੇ ਖੇੜਿਆਂ ਭਰਿਆ ਆਪਾ ਲੈ ਕੇ ਪੇਕੇ ਘਰ ਪਰਤਣਾ, ਰੱਬ ਬਣ ਜਾਣ ਵਰਗਾ ਕਰਤਾਰੀ ਸਵੈਮਾਣ! ਨਿੱਕੇ ਜਿਹੇ ਗੀਤ ਵਿੱਚ ਕਿੱਡੀ ਵੱਡੀ ਗੱਲ ਹੈ। ਇਨ੍ਹਾਂ ਗੱਲਾਂ ਦਾ ਕੋਈ ਅੰਤ ਨਹੀਂ। ਖ਼ਜ਼ਾਨਾ ਹਨ ਸਾਡੇ ਲੋਕ ਗੀਤ। ਬਾਕੀ ਗੱਲਾਂ ਫਿਰ ਕਦੇ।

# ਖੁੱਸੀ ਸਰਦਾਰੀ ਤਿੱਲੇਵਾਲੀ ਜੁੱਤੀ ਦੀ

**ਗੁਰਨਾਮ ਸਿੰਘ ਅਕੀਦਾ**

ਪਟਿਆਲਾ ਦੀ ਵਿਰਾਸਤ ਬਹੁਤ ਅਮੀਰ ਹੈ। ਇੱਥੇ ਬਣਦੀਆਂ ਵਿਰਾਸਤੀ ਵਸਤਾਂ ਵਿੱਚੋਂ ਇੱਕ ਤਿੱਲੇਵਾਲੀ ਜੁੱਤੀ ਪੂਰੀ ਦੁਨੀਆਂ ਵਿੱਚ ਮਸ਼ਹੂਰ ਹੈ। ਅਜੋਕੇ ਸਮੇਂ ਵਿੱਚ ਜੁੱਤੀ ਬਣਾਉਣ ਲਈ ਲੋੜੀਂਦਾ ਸਾਮਾਨ ਕੋਰੀਆ, ਜਪਾਨ, ਤਾਇਵਾਨ ਆਦਿ ਮੁਲਕਾਂ ਤੋਂ ਆਉਣ ਕਰ ਕੇ ਇਹ ਸਿਲਾਈ ਤੋਂ ਬਿਨਾਂ ਕੈਮੀਕਲ ਨਾਲ ਬਣਦੀ ਹੈ ਜਿਸ 'ਤੇ ਤਿੱਲਾ ਨਹੀਂ ਪੈਂਦਾ। ਇਸ ਕਰਕੇ ਤਿੱਲੇ ਵਾਲੀ ਜੁੱਤੀ ਦੀ ਵਿਰਾਸਤ ਲੋਪ ਹੋਣ ਕੰਢੇ ਹੈ ਜਿਸ ਕਾਰਨ ਕਾਰੀਗਰ ਵੀ ਮਾਯੂਸ ਹਨ। ਉਂਜ, ਪਟਿਆਲਾ ਜੁੱਤੀ ਬਣਾਉਣ ਦਾ ਪਿਛੋਕੜ ਬੜਾ ਹੀ ਦਿਲਚਸਪ ਹੈ ਜਿਸ ਨੂੰ ਜੀਨਗਰ ਭਾਈਚਾਰਾ ਬਣਾਉਂਦਾ ਸੀ।

**ਜੀਨਗਰ ਭਾਈਚਾਰੇ ਦਾ ਪਿਛੋਕੜ**

ਇਸ ਭਾਈਚਾਰੇ ਦਾ ਪਿਛੋਕੜ ਰਾਜਸਥਾਨ ਦਾ ਹੈ। ਇਹ ਭਾਈਚਾਰਾ ਘੋੜਿਆਂ ਦੀਆਂ ਜੀਨਾਂ (ਕਾਠੀਆਂ) ਬਣਾਉਣ ਕਰ ਕੇ ਜੀਨਗਰ ਦੇ ਨਾਂ ਨਾਲ ਪ੍ਰਸਿੱਧ ਹੋਇਆ। ਇਹ ਆਪਣੇ ਆਪ ਨੂੰ ਕਸ਼ੱਤਰੀਆਂ ਦੇ ਵੰਸ਼ਜ ਦੱਸਦੇ ਹਨ। ਚਮੜੇ ਦਾ ਕੰਮ ਕਰਨ ਕਰਕੇ ਇਹ ਭਾਈਚਾਰਾ ਰਵੀਦਾਸੀਆ ਕੌਮ ਨਾਲ ਹੀ ਸਬੰਧਿਤ ਹੋ ਗਿਆ। ਇਹ ਕਾਰੀਗਰ ਰਿਆਸਤਾਂ ਦੀਆਂ ਫ਼ੌਜਾਂ ਲਈ ਜੁੱਤੇ ਬਣਾਉਂਦੇ ਸਨ। ਇਸ ਦੇ ਨਾਲ ਹੀ ਉਹ ਘੋੜਿਆਂ ਦੀਆਂ ਜੀਨਾਂ (ਕਾਠੀਆਂ), ਬੈਲਟਾਂ (ਪੇਟੀਆਂ), ਟੋਪੀਆਂ, ਕੋੜੇ ਆਦਿ ਬਣਾਉਂਦੇ ਸਨ। ਇਸ ਭਾਈਚਾਰੇ ਨੂੰ ਵੀ ਮੋਚੀਆਂ ਦੀ ਇੱਕ ਕਿਸਮ ਵੀ ਕਿਹਾ ਜਾਂਦਾ ਹੈ। ਵੱਖ ਵੱਖ ਰਿਆਸਤਾਂ ਦੇ ਮਹਾਰਾਜਿਆਂ ਵਾਂਗ ਮਹਾਰਾਜਾ ਪਟਿਆਲਾ ਨੇ ਵੀ ਰਾਜਸਥਾਨ ਤੋਂ ਜੀਨਗਰ ਸਮਾਜ ਦੇ ਕਾਰੀਗਰਾਂ ਨੂੰ ਪਟਿਆਲਾ ਦੀ ਫ਼ੌਜ ਵਿੱਚ ਚਮੜੇ ਦਾ ਕੰਮ ਕਰਨ ਲਈ ਭਰਤੀ ਕੀਤਾ। ਇਨ੍ਹਾਂ ਨੂੰ ਪਟਿਆਲਾ ਦੇ ਤੋਪਖ਼ਾਨੇ ਕੋਲ ਹੀ ਰਹਿਣ ਲਈ ਥਾਂ ਦਿੱਤੀ ਗਈ। ਪਹਿਲਾਂ ਇੱਥੇ 10-11 ਪਰਿਵਾਰ ਹੀ ਆਏ ਸਨ ਜਿਨ੍ਹਾਂ ਵਿੱਚੋਂ ਖਿਆਲੀ ਰਾਮ, ਮਥੁਰਾ ਦਾਸ, ਈਸ਼ਰ ਦਾਸ, ਚੰਦੂ ਰਾਮ, ਗੋਬਿੰਦ ਰਾਮ, ਚੇਤ ਰਾਮ, ਸਰਜਾ ਰਾਮ, ਚਮਨ ਲਾਲ, ਹੰਸ ਰਾਜ, ਬੰਸੀ ਲਾਲ ਆਦਿ ਨਾਂ ਜ਼ਿਕਰਯੋਗ ਹਨ। ਫ਼ੌਜ ਦੇ ਕੰਮ ਕਰਨ ਦੇ ਨਾਲ ਨਾਲ ਇਹ ਕਾਰੀਗਰ ਜੁੱਤੀਆਂ 'ਤੇ ਵੀ ਆਪਣਾ ਕਮਾਲ ਦਿਖਾਉਣ ਲੱਗ ਪਏ। ਇੱਥੋਂ ਦੇ ਕਾਰੀਗਰ ਦਾਅਵਾ ਕਰਦੇ ਹਨ ਕਿ ਸਭ ਤੋਂ ਪਹਿਲਾਂ ਤਿੱਲੇ ਵਾਲੀ ਜੁੱਤੀ ਮਹਾਰਾਜਿਆਂ ਲਈ ਉਨ੍ਹਾਂ ਨੇ ਬਣਾਈ ਸੀ। ਉਸ ਤੋਂ ਬਾਅਦ ਹੀ ਮਹਾਰਾਜਿਆਂ ਵਿੱਚ ਤਿੱਲੇ ਵਾਲੀ ਜੁੱਤੀ ਪਾਉਣ ਦਾ ਰਿਵਾਜ ਸ਼ੁਰੂ ਹੋਇਆ। ਇਨ੍ਹਾਂ ਦੀ ਆਬਾਦੀ ਪੂਰੇ ਭਾਰਤ ਵਿੱਚ ਹੈ, ਪਰ ਪੰਜਾਬ ਵਿੱਚ ਇਹ ਲੁਧਿਆਣਾ, ਪਟਿਆਲਾ, ਜਲੰਧਰ, ਮਾਨਸਾ, ਸੁਨਾਮ, ਸੰਗਰੂਰ, ਬਠਿੰਡਾ, ਅੰਮ੍ਰਿਤਸਰ, ਧੂਰੀ ਆਦਿ ਸ਼ਹਿਰਾਂ ਵਿੱਚ ਰਹਿੰਦੇ ਹਨ। ਲਾਹੌਰ ਰਿਆਸਤ ਵਿੱਚ ਵੀ ਇਨ੍ਹਾਂ ਦੀ ਆਬਾਦੀ ਕਾਫ਼ੀ ਸੀ, ਪਰ ਦੇਸ਼ਵੰਡ ਮਗਰੋਂ ਇਹ ਪੰਜਾਬ ਵਿੱਚ ਆ ਗਏ। ਇਹ ਲੋਕ ਆਪਣੇ ਘਰਾਂ ਵਿੱਚ ਮਾਰਵਾੜੀ ਭਾਸ਼ਾ ਹੀ ਬੋਲਦੇ ਹਨ, ਪਰ ਆਮ ਤੌਰ 'ਤੇ ਠੇਠ ਪੰਜਾਬੀ ਹੀ ਬੋਲੀ ਜਾਂਦੀ ਹੈ।

ਪੰਜਾਬ ਦੇ ਪਿੰਡਾਂ ਦੇ ਜੁੱਤੀ ਬਣਾਉਣ ਵਾਲੇ ਕਾਰੀਗਰ ਹੀ ਪੰਜਾਬੀ ਜੁੱਤੀ ਬਣਾਉਂਦੇ ਹਨ। ਪਟਿਆਲਾ ਦੇ ਤੋਪਖ਼ਾਨਾ ਮੋੜ (ਜੇਜੀਆਂ ਮੁਹੱਲਾ) ਵਿੱਚ ਰਹਿਣ ਵਾਲੇ ਜੀਨਗਰ ਪਰਿਵਾਰਾਂ ਦੀਆਂ ਔਰਤਾਂ ਵੀ ਜੁੱਤੀ ਬਣਾਉਣ ਵਿੱਚ ਪੂਰਾ ਸਾਥ ਦਿੰਦੀਆਂ ਸਨ। ਉਹ ਜੁੱਤੀ 'ਤੇ ਤਿੱਲੇ ਨਾਲ ਕਢਾਈ ਕਰਦੀਆਂ ਸਨ। ਉਨ੍ਹਾਂ ਦੇ ਔਜ਼ਾਰ ਕਟਾਰਣੀ ਤੇ ਟੇਕਣੀ ਹੁੰਦੇ ਸਨ ਜੋ ਵੱਖ ਵੱਖ ਤਰ੍ਹਾਂ ਦੇ ਤਿੱਲੇ ਕੱਢ ਕੇ ਜੁੱਤੀ ਨੂੰ ਖ਼ੂਬਸੂਰਤ ਰੰਗਤ ਦਿੰਦੀਆਂ ਸਨ। ਤਿੱਲੇ ਦੀ ਕਢਾਈ ਦੀਆਂ ਕਿਸਮਾਂ ਸਾਟ, ਜੰਜੀਰੀ, ਕੰਠੀ, ਮੋਰਨੀ, ਸਪਾਟ ਆਦਿ ਜ਼ਿਕਰਯੋਗ ਹਨ। ਸਪਾਟ ਕਢਾਈ ਨੂੰ ਪੂਰੀ ਜੁੱਤੀ 'ਤੇ ਕੱਢਿਆ ਜਾਂਦਾ ਹੈ, ਬਾਕੀ ਤਿੱਲੇ ਜੁੱਤੀ ਦੇ ਵੱਖ ਵੱਖ ਹਿੱਸਿਆਂ ਵਿੱਚ ਪਾਏ ਜਾਂਦੇ ਹਨ। ਜੁੱਤੀਆਂ ਵੱਖ ਵੱਖ ਤਰ੍ਹਾਂ ਦੇ ਚਮੜੇ ਤੋਂ ਬਣਦੀਆਂ ਹਨ ਜਿਵੇਂ 'ਕਾਫ਼' ਚਮੜਾ ਗਊ ਦੇ ਚੰਮ ਤੋਂ ਤਿਆਰ ਹੁੰਦਾ ਸੀ, 'ਕੁਰਮ' ਨਿੱਕੇ ਕਟਰੂ ਜਾਂ ਵੱਛੇ ਤੋਂ ਤਿਆਰ ਹੁੰਦਾ, 'ਕਰੋਕੋਡਾਈਲ' ਮਗਰਮੱਛ ਦੀ ਖੱਲ ਤੋਂ, 'ਧਉੜੀ' ਬਲਦ, ਝੋਟਾ, ਮੱਝ ਤੋਂ ਬਣਾਈ ਜਾਂਦੀ ਸੀ। ਬੱਕਰੇ ਤੇ ਨਿੱਕੇ ਵੱਛੜੇ ਜਾਂ ਕੱਟਰੂ ਦੀ ਖੱਲ ਦੀ ਜੁੱਤੀ ਬਹੁਤ ਹੀ ਨਰਮ ਮੰਨੀ ਜਾਂਦੀ ਸੀ। ਪਟਿਆਲਾ ਦੇ ਕਾਰੀਗਰਾਂ ਨੇ ਊਠ ਦੇ ਚਮੜੇ ਦੀ ਜੁੱਤੀ ਵੀ ਬਣਾਈ ਜੋ ਮਜ਼ਬੂਤ ਤੇ ਹੰਢਣਸਾਰ ਹੁੰਦੀ ਸੀ। ਧਉੜੀ ਦੀ ਜੁੱਤੀ ਵੀ ਮਜ਼ਬੂਤ ਹੁੰਦੀ ਸੀ। ਇਸ ਤੋਂ ਇਲਾਵਾ ਦੇਸੀ ਜੁੱਤੀ, ਸਿੱਧੇ ਤਿੱਲੇ ਵਾਲੀ, ਦਿੱਲੀ ਫ਼ੈਸ਼ਨ, ਖੁੱਸਾ ਤਿੱਲੇਦਾਰ, ਮੋਤੀਆਂ ਵਾਲੀ, ਮੌਜਾ, ਨੋਕ ਵਾਲੀ ਜੁੱਤੀ ਆਦਿ ਵੀ ਇੱਥੇ ਬਣਦੀਆਂ ਸਨ।

**ਖ਼ਤਮ ਹੋ ਰਹੀ ਜੁੱਤੀ**

ਹੁਣ ਪੰਜਾਬ ਵਿੱਚ ਚਮੜੇ ਦੀ ਜੁੱਤੀ ਬਣਾਉਣ ਦਾ ਰਿਵਾਜ ਖ਼ਤਮ ਹੋ ਰਿਹਾ ਹੈ। ਪਟਿਆਲਾ ਦੇ ਜੀਨਗਰ ਭਾਈਚਾਰੇ ਵਿੱਚ ਤਿੱਲੇ ਦੀ ਕਢਾਈ ਕਰਨ ਵਾਲੀਆਂ ਔਰਤਾਂ ਦੀ ਗਿਣਤੀ ਮਹਿਜ਼ 15-20 ਰਹਿ ਗਈ ਹੈ। 85 ਸਾਲ ਦੀ ਉਮਰ ਭੋਗ ਚੁੱਕੀ ਬੀਬੀ ਕੇਸਰ ਦੇਵੀ ਨੇ ਕਿਹਾ ਕਿ ਕਦੇ ਉਹ ਇੱਕ, ਦੋ ਜਾਂ ਤਿੰਨ ਆਨੇ ਵਿੱਚ ਇੱਕ ਜੁੱਤੀ ਦੀ ਕਢਾਈ ਕਰਦੀ ਹੁੰਦੀ ਸੀ। ਫ਼ਿਲਮ 'ਰਜ਼ੀਆ ਸੁਲਤਾਨ' ਵਿੱਚ ਹੇਮਾ ਮਾਲਿਨੀ ਵੱਲੋਂ ਪਹਿਨੀ ਗਈ ਜੁੱਤੀ ਉਸ ਦੇ ਪਤੀ ਭੰਵਰ ਲਾਲ ਨਿਰਮਾਣ ਨੇ ਬਣਾਈ ਸੀ। ਕੇਸਰ ਦੇਵੀ ਨੂੰ ਜੰਮੂ ਕਸ਼ਮੀਰ ਖਾਦੀ ਬੋਰਡ ਵਿੱਚ ਬੁਲਾਇਆ ਗਿਆ ਸੀ। ਉੱਥੇ ਉਸ ਨੇ 25 ਕੁੜੀਆਂ ਨੂੰ ਤਿੱਲੇ ਦੀ ਕਢਾਈ ਸਿਖਾਈ ਸੀ। ਇਨ੍ਹਾਂ ਨੂੰ ਮਲਾਲ ਹੈ ਕਿ ਪੰਜਾਬ ਸਰਕਾਰ ਨੇ ਇਸ ਅਹਿਮ ਕਾਰੋਬਾਰ ਨੂੰ ਸੰਭਾਲਣ ਲਈ ਕੋਈ ਕਾਰਜ ਨਹੀਂ ਕੀਤਾ। ਇਸ ਕਰਕੇ ਤਿੱਲੇ ਵਾਲੀ ਜੁੱਤੀ ਲੋਪ ਹੋਣ ਕੰਢੇ ਹੈ। ਹੁਣ ਪੰਜਾਬ ਵਿੱਚ ਚਮੜੇ ਦੀ ਜੁੱਤੀ ਵੀ ਕਿਤੇ ਕਿਤੇ ਬਣਦੀ ਹੈ।



**ਚਮੜੇ ਦੀ ਜੁੱਤੀ ਦੀ ਥਾਂ ਚੀਨੀ ਮੋਜੜੀ**

ਪਟਿਆਲਾ ਦੇ ਜੇਜੀਆਂ ਮੁਹੱਲੇ ਵਿੱਚ 3,000 ਤੋਂ ਵੱਧ ਕਾਰੀਗਰ ਚਮੜੇ ਦੀ ਜੁੱਤੀ ਬਣਾਉਣੀ ਛੱਡ ਗਏ ਹਨ। ਔਰਤਾਂ ਨੇ ਤਿੱਲੇ ਦੀ ਕਢਾਈ ਕਰਨ ਵਾਲੇ ਔਜ਼ਾਰ ਵੀ ਗੁਆ ਲਏ ਹਨ। ਜੁੱਤੀ ਬਣਾਉਣ ਵਾਲੇ ਰੰਬੀ, ਆਰ, ਪੱਥਰ ਦੀ ਸਿੱਲ, ਮੋਗਰੀ (ਲੱਕੜ ਦੀ ਹਥੌੜੀ), ਰੰਬਾ, ਸੂਈ-ਧਾਗਾ, ਅਕਵਾਈ, ਕਲਬੂਤ, ਕੰਡੀ (ਕਟਾਰ), ਖਬੀੜ, ਕਲਾਂਮ (ਦੋ ਫੱਟੀਆਂ ਨੂੰ ਜੋੜ ਕੇ ਬਣਾਈ ਕਢਾਈ ਵਾਲੀ ਸੋਟੀ) ਆਦਿ ਸੰਦ ਬੀਤੇ ਦੀ ਗੱਲ ਬਣ ਗਏ ਹਨ। ਇਹ ਹੁਣ ਕੱਪੜਾ, ਖਾਦੀ, ਕਰੈਪ (ਫੋਮ), ਸਿੰਥੈਟਿਕ ਸ਼ੀਟ ਤੇ ਕੈਮੀਕਲ ਨਾਲ ਜੁੱਤੀਆਂ ਬਣਾਉਣ ਲੱਗੇ ਹਨ। ਵਿਆਹ ਵਿੱਚ ਲਾੜੇ ਦੇ ਪਾਉਣ ਵਾਲੀ ਅਚਕਨ ਨਾਲ ਜੁੱਤੀ ਖੁਸਾ ਬਣਾਈ ਜਾਂਦੀ ਹੈ। ਇਸ ਖ਼ੂਬਸੂਰਤ ਲੱਗਣ ਵਾਲੇ ਖੁੱਸੇ ਦੀ ਉਮਰ ਬਹੁਤ ਘੱਟ ਹੁੰਦੀ ਹੈ। ਇਸੇ ਤਰ੍ਹਾਂ ਬੱਚਿਆਂ ਲਈ ਬਚਕਾਨਾ, ਔਰਤਾਂ ਲਈ ਲੱਕੀ ਜੁੱਤੀ ਵੀ ਇਸੇ ਸਾਮਾਨ ਦੀ ਬਣਦੀ ਹੈ। ਇਹ ਇਨ੍ਹਾਂ ਨੂੰ ਚਾਇਨੀਜ਼ ਮੋਜੜੀ ਕਹਿੰਦੇ ਹਨ। ਜੁੱਤੀ ਬਣਾਉਣ ਵਾਲਾ ਸਾਮਾਨ ਜਪਾਨ, ਕੋਰੀਆ, ਤਾਇਵਾਨ ਆਦਿ ਤੋਂ ਆਉਂਦਾ ਹੈ ਅਤੇ ਕੁਝ ਸਾਮਾਨ ਭਾਰਤ ਵਿੱਚ ਵੀ ਬਣਦਾ ਹੈ। ਇਸ ਨੂੰ ਬਣਾਉਣ ਲਈ ਵਰਤਿਆ ਜਾਂਦਾ ਕੈਮੀਕਲ ਖ਼ਤਰਨਾਕ ਗੰਧ ਛੱਡਦਾ ਹੈ ਜਿਸ ਕਰਕੇ ਇਨ੍ਹਾਂ ਕਾਰੀਗਰਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਰਹੀਆਂ ਹਨ। ਵਪਾਰੀ ਵੱਲੋਂ ਮਿਲੇ ਸਾਮਾਨ ਤੋਂ ਜੁੱਤੀ ਤਿਆਰ ਕਰਨ ਉੱਤੇ ਇਹ 15 ਤੋਂ 25 ਰੁਪਏ ਤਕ ਲੈਂਦੇ ਹਨ। ਇੱਕ ਦਿਨ ਵਿੱਚ ਇੱਕ ਪਰਿਵਾਰ 30 ਤੋਂ 45 ਜੁੱਤੀਆਂ ਤਿਆਰ ਕਰ ਦਿੰਦਾ ਹੈ। ਇਸ ਕਾਰਨ ਤਿੱਲੇ ਦੀ ਕਢਾਈ ਕਰਨ ਵਾਲੇ ਕਾਰੀਗਰ ਵਿਹਲੇ ਹੋ ਗਏ ਹਨ। ਇਨ੍ਹਾਂ ਕਾਰੀਗਰਾਂ ਲਈ ਪ੍ਰਦਰਸ਼ਨੀਆਂ ਵਿੱਚ ਵੀ ਥਾਂ ਨਹੀਂ ਹੈ। ਪ੍ਰਦਰਸ਼ਨੀਆਂ ਦੇ ਕਾਰਡ ਬਣਦੇ ਹਨ, ਪਰ ਕਦੇ ਵੀ ਇਨ੍ਹਾਂ ਨੂੰ ਬੁਲਾਇਆ ਨਹੀਂ ਜਾਂਦਾ ਸਗੋਂ ਕੁਝ ਹੋਰ ਲੋਕ ਹੀ ਕਾਰੀਗਰਾਂ ਦੇ ਨਾਂ 'ਤੇ ਮਿਲਣ ਵਾਲੇ ਲਾਭ ਲੈ ਲੈਂਦੇ ਹਨ।

**ਸਰਕਾਰੀ ਯਤਨ**

ਕੇਂਦਰ ਸਰਕਾਰ ਨੇ ਫੁਟਵੀਅਰ ਡਿਜ਼ਾਈਨ ਡਿਵੈਲਪਮੈਂਟ ਇੰਸਟੀਚਿਊਟ (ਐੱਫਡੀਡੀਆਈ) ਦੇ ਰਾਜਸਥਾਨ, ਮੱਧ ਪ੍ਰਦੇਸ਼, ਤਾਮਿਲਨਾਡੂ, ਹਰਿਆਣਾ, ਯੂਪੀ ਵਿੱਚ ਛੇ ਕੇਂਦਰ ਖੋਲ੍ਹੇ ਹਨ, ਪਰ ਪੰਜਾਬ ਇਸ ਤੋਂ ਵਿਰਵਾ ਰਿਹਾ ਹੈ। ਐੱਫਡੀਡੀਆਈ ਨੇ ਹੁਣ ਇਸ ਦਾ ਨਾਂ ਫੈਸ਼ਨ ਨਾਲ ਜੋੜ ਦਿੱਤਾ ਹੈ। ਪਟਿਆਲਾ ਵਿੱਚ ਭਾਈਚਾਰੇ ਨੇ ਇੱਕ ਕੇਂਦਰ ਸਥਾਪਿਤ ਕੀਤਾ ਸੀ, ਪਰ ਹੁਣ ਇਹ ਵੀ ਬੰਦ ਹੋ ਗਿਆ ਹੈ। ਹੁਣ ਬਨੂੜ ਕੋਲ ਇਸ ਦਾ ਸੈਂਟਰ ਬਣਨ ਜਾ ਰਿਹਾ ਹੈ, ਪਰ ਇਸ ਕਲਾ ਨੂੰ ਜਿਊਂਦਾ ਰੱਖਣ ਲਈ ਸਰਕਾਰ ਵੱਲੋਂ ਕੋਈ ਯਤਨ ਨਹੀਂ ਕੀਤਾ ਗਿਆ।

# ਉਮਰ ਦਾ ਨਾਜ਼ੁਕ ਮੋੜ



**ਕਿਰਨਪ੍ਰੀਤ ਕੌਰ**

ਬੱਚਿਆਂ ਵਿਚ ਅੱਲ੍ਹੜਪੁਣਾ (ਕਿਸ਼ੋਰ ਅਵਸਥਾ) 13 ਤੋਂ 19 ਸਾਲ ਦਰਮਿਆਨ ਹੁੰਦੀ ਹੈ। ਇਹ ਉਮਰ ਥੋੜ੍ਹੀ ਕੱਚੀ ਤੇ ਜ਼ਿੰਦਗੀ ਵਿਚ ਬਹੁਤ ਕੁਝ ਸਿੱਖਣ ਦੀ ਹੁੰਦੀ ਹੈ। ਇਸ ਉਮਰ ਲਈ ਗਈ ਸਿੱਖਿਆ ਜ਼ਿੰਦਗੀ ਦੀ ਬੁਨਿਆਦ ਬਣਦੀ ਹੈ ਅਤੇ ਅੱਗੇ ਜਾ ਕੇ ਇਹੀ ਸਾਡੇ ਸੰਸਕਾਰ ਬਣਦੇ ਹਨ। ਸਾਇੰਸ ਦੇ ਪੱਖ ਤੋਂ ਦੇਖੀਏ ਤਾਂ ਇਸ ਉਮਰ ਵਿਚ ਸਾਡੇ ਅੰਦਰ ਕਾਫ਼ੀ ਸਰੀਰਿਕ ਅਤੇ ਮਾਨਸਿਕ ਤਬਦੀਲੀਆਂ ਆਉਂਦੀਆਂ ਹਨ।

ਇਹ ਸਮਾਂ ਜਵਾਨੀ ਦੀ ਸ਼ੁਰੂਆਤ ਦਾ ਹੁੰਦਾ ਹੈ। ਮਾਨਸਿਕ ਪੱਧਰ 'ਤੇ ਬਦਲ ਰਹੇ ਹਾਰਮੋਨ ਸਾਡੇ ਵਿਹਾਰ 'ਤੇ ਗਹਿਰਾ ਅਸਰ ਪਾਉਂਦੇ ਹਨ। ਅਕਸਰ ਦੇਖਿਆ ਜਾਂਦਾ ਹੈ ਕਿ ਇਸ ਉਮਰ ਵਿਚ ਬੱਚਿਆਂ ਅੰਦਰ ਚਿੜਚਿੜਾਪਣ ਅਤੇ ਗੁੱਸਾ ਵਧੇਰੇ ਹੁੰਦਾ ਹੈ। ਉਨ੍ਹਾਂ ਦਾ ਮਾਪਿਆਂ ਪ੍ਰਤੀ ਲਗਾਅ ਘਟ ਜਾਂਦਾ ਹੈ ਅਤੇ ਦੋਸਤਾਂ ਦੀਆਂ ਗੱਲਾਂ ਵਧੇਰੇ ਪ੍ਰਭਾਵਿਤ ਕਰਦੀਆਂ ਹਨ। ਉਹ ਆਪਣੇ ਅੰਦਰ ਕੁਝ ਪਿਆਰ ਅਤੇ ਸਾਥ ਦੀ ਕਮੀ ਮਹਿਸੂਸ ਕਰਦੇ ਹਨ। ਇਸ ਲਈ ਇਸ ਅਵਸਥਾ ਵਿਚ ਬੱਚਿਆਂ ਦਾ ਗ਼ਲਤ ਰਾਹ ਪੈਣ ਜਾਂ ਗ਼ਲਤ ਸੰਗਤ ਨਾਲ ਜੁੜ ਜਾਣ ਦਾ ਡਰ ਵਧੇਰੇ ਹੋ ਜਾਂਦਾ ਹੈ। ਸਾਡੇ ਘਰਾਂ ਦਾ ਮਾਹੌਲ ਅਤੇ ਮਾਂ ਬਾਪ ਵੱਲੋਂ ਮਿਲ ਰਹੀ ਸਿੱਖਿਆ ਇਸ ਉਮਰ ਵਿਚ ਬੱਚੇ 'ਤੇ ਸਭ ਤੋਂ ਡੂੰਘਾ ਅਸਰ ਪਾਉਂਦੀ ਹੈ ਕਿਉਂਕਿ ਇੱਥੇ ਆ ਕੇ ਹੀ ਬੱਚੇ ਦੀ ਸੋਚ ਦਾ ਆਧਾਰ ਬਣਦਾ ਹੈ। ਇਸ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਮਝਣ, ਘਰ ਵਿਚ ਸੋਹਣਾ ਅਤੇ ਸਾਕਾਰਾਤਮਕ ਮਾਹੌਲ ਬਣਾ ਕੇ ਰੱਖਣ। ਬੱਚਿਆਂ ਨੂੰ ਪਿਆਰ ਦਿੱਤਾ ਜਾਏ ਤਾਂ ਕਿ ਉਨ੍ਹਾਂ ਦੇ ਮਨ ਅੰਦਰ ਇਹ ਗੱਲ ਨਾ ਆਏ ਕਿ ਉਨ੍ਹਾਂ ਨੂੰ ਕੋਈ ਸਮਝਣ ਵਾਲਾ ਨਹੀਂ। ਉਨ੍ਹਾਂ ਨੂੰ ਚੰਗੇ ਸੰਸਕਾਰ ਅਤੇ ਸਾਹਿਤ ਨਾਲ ਜੋੜਕੇ ਚੰਗੇ ਇਨਸਾਨ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।



ਅਸੀਂ ਦੇਖਦੇ ਹਾਂ ਕਿ ਜਿਹੜੇ ਮਾਪੇ ਇਸ ਉਮਰ ਵਿਚ ਆਪਣੇ ਬੱਚਿਆਂ ਵੱਲ ਘੱਟ ਧਿਆਨ ਦਿੰਦੇ ਹਨ, ਬੱਚਿਆਂ ਦੇ ਚਿੜਚਿੜੇਪਣ ਅਤੇ ਗੁੱਸੇ ਨੂੰ ਨਾ ਸਮਝਦੇ ਹੋਏ, ਲੜਾਈ ਜਾਂ ਨਾਕਾਰਾਤਮਕ ਮਾਹੌਲ ਨੂੰ ਜਨਮ ਦਿੰਦੇ ਹਨ, ਉਨ੍ਹਾਂ ਬੱਚਿਆਂ ਦਾ ਆਪਣੇ ਘਰ ਪਰਿਵਾਰ ਪ੍ਰਤੀ ਮੋਹ ਟੁੱਟਣ ਲੱਗਦਾ ਹੈ ਅਤੇ ਉਹ ਬਾਹਰ ਦੀ ਬੁਰੀ ਸੰਗਤ ਦਾ ਸ਼ਿਕਾਰ ਹੋ ਜਾਂਦੇ ਹਨ। ਇਹੀ ਕਾਰਨ ਹੈ ਕਿ ਇਸ ਉਮਰ ਵਿੱਚ ਨੌਜਵਾਨ ਵਧੇਰੇ ਨਸ਼ਿਆਂ ਵਿੱਚ ਪੈਂਦੇ ਹਨ। ਕੁੜੀਆਂ ਮੁੰਡੇ ਆਪਸ ਵਿਚ ਪਿਆਰ ਟੋਲਦੇ ਹਨ ਅਤੇ ਕਈ ਗ਼ਲਤ ਕੰਮ ਵੀ ਹੁੰਦੇ ਹਨ। ਮਾਪਿਆਂ ਵੱਲੋਂ ਪਾਲਣ ਪੋਸ਼ਣ ਵਿੱਚ ਕੀਤੀ ਗਈ ਲਾਪਰਵਾਹੀ ਕਾਰਨ ਇਹੋ ਜਿਹੀਆਂ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ, ਪਰ ਇਸ ਵਿੱਚ ਕੇਵਲ ਮਾਪਿਆਂ ਨੂੰ ਹੀ ਨਹੀਂ, ਬੱਚਿਆਂ ਨੂੰ ਵੀ ਖ਼ੁਦ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ ਪੈਣਗੀਆਂ।

ਉਨ੍ਹਾਂ ਨੂੰ ਆਪਣੇ ਮਾਪਿਆਂ ਨਾਲ ਹਰ ਗੱਲ ਖੁੱਲ੍ਹ ਕੇ ਕਰਨੀ ਚਾਹੀਦੀ ਹੈ ਅਤੇ ਡਰ ਕੇ ਰਹਿਣ ਨਾਲੋਂ ਆਪਣੀਆਂ ਸਮੱਸਿਆਵਾਂ ਨੂੰ ਘਰਦਿਆਂ ਨਾਲ ਸਾਂਝਾ ਕਰਨਾ ਚਾਹੀਦਾ ਹੈ। ਕੁੜੀਆਂ ਲਈ ਤਾਂ ਇਹ ਗੱਲ ਵਧੇਰੇ ਮਹੱਤਵ ਰੱਖਦੀ ਹੈ। ਅੱਜਕੱਲ੍ਹ ਦੇ ਮਾਹੌਲ ਵਿਚ ਜਿੱਥੇ ਉਹ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ, ਉੱਥੇ ਹੀ ਆਪਣੇ ਘਰ ਵਿਚ ਵੀ ਡਰ ਡਰ ਕੇ ਰਹਿਣ ਲਈ ਮਜਬੂਰ ਹਨ।

ਕਈ ਮਾਪੇ ਬੱਚਿਆਂ 'ਤੇ ਰੋਅਬ ਜ਼ਿਆਦਾ ਰੱਖਦੇ ਹਨ, ਇਸ ਲਈ ਬੱਚੇ ਆਪਣੀ ਸਮੱਸਿਆ ਦੱਸਣ ਤੋਂ ਡਰ ਜਾਂਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਜੇਕਰ ਉਹ ਦੱਸਦੇ ਹਨ ਤਾਂ ਉਨ੍ਹਾਂ 'ਤੇ ਟੋਕਾ-ਟਾਕੀ ਅਤੇ ਪਾਬੰਦੀ ਲੱਗ ਜਾਵੇਗੀ। ਇਸ ਤਰ੍ਹਾਂ ਦੇ ਕੁਝ ਡਰ ਬੱਚਿਆਂ ਨੂੰ ਘਰ ਪਰਿਵਾਰ ਤੋਂ ਦੂਰ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਕਈ ਭੋਲੇ ਭਾਲੇ ਬੱਚੇ ਗ਼ਲਤ ਕੰਮਾਂ ਵਿਚ ਫਸ ਜਾਂਦੇ ਹਨ। ਅੱਜ ਅਸੀਂ ਰੋਜ਼ਾਨਾ ਬਲਾਤਕਾਰ, ਨਸ਼ਿਆਂ ਨਾਲ ਹੋ ਰਹੀਆਂ ਮੌਤਾਂ, ਖ਼ੁਦਕੁਸ਼ੀਆਂ ਆਦਿ ਬਾਰੇ ਪੜ੍ਹਦੇ/ਸੁਣਦੇ ਹਾਂ। ਇਨ੍ਹਾਂ ਦੇ ਬਹੁਤੇ ਕਾਰਨ ਹਨ, ਪਰ ਉਨ੍ਹਾਂ ਵਿਚੋਂ ਇੱਕ ਕਾਰਨ ਮਾਪਿਆਂ ਦੀ ਅਣਗਹਿਲੀ ਕਾਰਨ ਬੱਚਿਆਂ ਦਾ ਬੁਰੀ ਸੰਗਤ ਵਿੱਚ ਪੈਣਾ ਹੈ। ਅਜਿਹੇ ਵਿੱਚ ਪ੍ਰੇਸ਼ਾਨੀਆਂ ਵਧ ਜਾਂਦੀਆਂ ਹਨ। ਚੰਗੇ ਮਾੜੇ ਦੀ ਸਮਝ ਖ਼ਤਮ ਹੋਣ ਲੱਗਦੀ ਹੈ ਅਤੇ ਮਨੁੱਖ ਵਿਕਾਰਾਂ ਨਾਲ ਘਿਰ ਜਾਂਦਾ ਹੈ। ਇਸ ਲਈ ਸਹੀ ਸੋਚ ਤੇ ਚੰਗਾ ਪਾਲਣ ਪੋਸ਼ਣ ਹੋਣਾ ਬਹੁਤ ਜ਼ਰੂਰੀ ਹੈ। ਨੌਜਵਾਨਾਂ ਨੇ ਹੀ ਸਾਡੇ ਸਮਾਜ ਨੂੰ ਸੇਧ ਦੇਣੀ ਹੈ, ਇਸ ਲਈ ਇਨ੍ਹਾਂ ਦੀ ਸੋਚ ਦਾ ਸਹੀ ਅਤੇ ਅਗਾਂਹਵਧੂ ਹੋਣਾ ਬਹੁਤ ਜ਼ਰੂਰੀ ਹੈ। ਆਓ, ਅਸੀਂ ਸਾਰੇ ਹੀ ਆਪਣੀ ਜ਼ਿੰਮੇਵਾਰੀ ਨਿਭਾਈਏ। ਮਾਪੇ ਬੱਚਿਆਂ ਨੂੰ ਚੰਗੀ ਸੋਚ ਦੇਣ ਅਤੇ ਬੱਚੇ ਵੀ ਉਨ੍ਹਾਂ ਦਾ ਆਦਰ ਕਰਕੇ ਚੰਗੇ ਸੰਸਕਾਰ ਅਪਣਾਉਣ ਤਾਂ ਜੋ ਚੰਗੇ ਸਮਾਜ ਦੀ ਸਿਰਜਣਾ ਹੋ ਸਕੇ।..



# ਸ੍ਰੀ ਹਰਿਮੰਦਰ ਸਾਹਿਬ ਵਿੱਚ ਤਿੰਨ ਪੁਰਾਤਨ ਬੇਰੀਆਂ

**- ਬਿਕਰਮਜੀਤ ਸਿੰਘ**



ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਪਰਿਕਰਮਾ ਵਿੱਚ ਸੁਸ਼ੋਭਿਤ ਤਿੰਨ ਪੁਰਾਤਨ ਬੇਰੀਆਂ-ਦੁਖ ਭੰਜਨੀ ਬੇਰੀ, ਲਾਚੀ ਬੇਰੀ ਅਤੇ ਬੇਰ ਬੁੱਢਾ ਜੀ ਦਾ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਇਤਿਹਾਸਕ ਮਹੱਤਵ ਹੈ। ਇਨ੍ਹਾਂ ਬੇਰੀਆਂ ਨੂੰ ਸਿੱਖ ਗੁਰੂ ਸਾਹਿਬਾਨ ਅਤੇ ਗੁਰੂ ਘਰ ਦੇ ਅਨਿੰਨ ਸ਼ਰਧਾਲੂ ਸਿੱਖਾਂ ਦੀ ਛੋਹ ਪ੍ਰਾਪਤ ਹੋਣ ਦਾ ਮਾਣ ਹਾਸਲ ਹੈ। ਲਗਪਗ ਚਾਰ ਸੌ ਸਾਲ ਤੋਂ ਵੱਧ ਸਮੇਂ ਤੋਂ ਖੜ੍ਹੀਆਂ ਇਹ ਬੇਰੀਆਂ ਜਿੱਥੇ ਸਿੱਖ ਗੁਰੂ ਕਾਲ ਅਤੇ ਉਸ ਤੋਂ ਬਾਅਦ ਦੇ ਸਮੇਂ ਸਿੱਖਾਂ ਨਾਲ ਵਾਪਰੀਆਂ ਅਨੇਕਾਂ ਘਟਨਾਵਾਂ ਦੀ ਗਵਾਹੀ ਭਰਦੀਆਂ ਹਨ, ਉੱਥੇ ਹੀ ਇਨ੍ਹਾਂ ਬੇਰੀਆਂ ਦੀ ਹੋਂਦ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਇਤਿਹਾਸ ਦੇ ਕਈ ਪਹਿਲੂਆਂ ਨੂੰ ਜਨਮ ਦਿੱਤਾ ਹੈ। ਇਨ੍ਹਾਂ ਤਿੰਨਾਂ ਬੇਰੀਆਂ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਜੋ ਕਿ ਇਨ੍ਹਾਂ ਦੀ ਇਤਿਹਾਸਕ ਮਹੱਤਤਾ ਕਰਕੇ ਪੁਰਾਤਨ ਸਮੇਂ ਤੋਂ ਚੱਲਦੇ ਆ ਰਹੇ ਹਨ।

ਦੁਖ ਭੰਜਨੀ ਬੇਰੀ: ਇਤਿਹਾਸਕ ਸ੍ਰੋਤਾਂ ਅਨੁਸਾਰ ਇਸ ਬੇਰੀ ਥੱਲੇ ਇੱਕ ਛੋਟਾ ਜਿਹਾ ਪਾਣੀ ਦਾ ਟੋਭਾ ਹੁੰਦਾ ਸੀ। ਇਸ ਅਸਥਾਨ ਤੋਂ ਹੀ ਗੁਰੂ ਅਮਰਦਾਸ ਜੀ ਨੇ 'ਅੰਮ੍ਰਤੀ' ਨਾਂ ਦੀ ਬੂਟੀ ਲੱਭ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੰਗੂਠੇ ਦੇ ਦਰਦ ਦਾ ਇਲਾਜ ਕੀਤਾ ਸੀ। ਇਹ ਅਸਥਾਨ ਹੁਣ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਸਰੋਵਰ ਦੇ ਚੜ੍ਹਦੇ ਪਾਸੇ ਭਾਵ ਪੂਰਬੀ ਬਾਹੀ ਵੱਲ ਸਥਿਤ ਹੈ। ਇੱਥੇ ਸੰਮਤ 1637 ਸੰਨ 1580 ਵਿੱਚ ਕਸਬਾ ਪੱਟੀ ਦੇ ਇੱਕ ਸ਼ਾਹੂਕਾਰ ਦੁਨੀ ਚੰਦ ਦੀ ਧੀ ਦਾ ਕੁਸ਼ਟੀ ਪਤੀ ਇਸ਼ਨਾਨ ਕਰ ਕੇ ਠੀਕ ਹੋ ਗਿਆ ਸੀ। ਇਸ ਤਹਿਤ ਗੁਰੂ ਰਾਮਦਾਸ ਜੀ ਨੇ ਇਸ ਟੋਭੇ ਦੇ ਕੰਢੇ ਉੱਗੀ ਬੇਰੀ ਨੂੰ 'ਦੁਖ ਭੰਜਨੀ ਬੇਰੀ' ਦਾ ਨਾਂ ਦੇ ਦਿੱਤਾ। ਉਸ ਸਮੇਂ ਚੌਥੇ ਗੁਰੂ ਰਾਮਦਾਸ ਜੀ ਸ੍ਰੀ ਅੰਮ੍ਰਿਤਸਰ ਵਿੱਚ 'ਸੰਤੋਖਸਰ' ਸਰੋਵਰ ਦੀ ਕਾਰ ਸੇਵਾ ਕਰਵਾ ਰਹੇ ਸਨ। ਉਨ੍ਹਾਂ ਨੇ ਇਸ ਟੋਭੇ ਵਾਲੀ ਥਾਂ ਤੋਂ ਹੀ ਅੰਮ੍ਰਿਤ-ਸਰੋਵਰ ਦਾ ਟੱਕ ਲਗਾਇਆ ਸੀ। ਇਸ ਅਸਥਾਨ 'ਤੇ ਖੱਬੇ ਹੱਥ ਦੱਖਣ ਵੱਲ ਇੱਕ ਥੜ੍ਹਾ ਹੈ ਜਿਸ ਉੱਪਰ ਪਹਿਲਾਂ ਗੁਰੂ ਰਾਮਦਾਸ ਜੀ ਅਤੇ ਬਾਅਦ ਵਿੱਚ ਪੰਜਵੇਂ ਗੁਰੂ ਅਰਜਨ ਦੇਵ ਜੀ ਬੈਠਦੇ ਸਨ।

ਇਤਿਹਾਸਕ ਸ੍ਰੋਤਾਂ ਅਨੁਸਾਰ ਭਾਈ ਜੱਸਾ ਸਿੰਘ ਗ੍ਰੰਥੀ ਅਤੇ ਭਾਗ ਸਿੰਘ ਮੁਤੱਸਦੀ ਨੇ ਥੜ੍ਹੇ ਉੱਪਰ ਇੱਕ ਬੁੰਗਾ ਬਣਵਾਇਆ, ਜਿਸ ਨੂੰ 1888 ਬਿ: ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਚਾਰ ਹਜ਼ਾਰ ਰੁਪਏ ਖ਼ਰਚ ਕੇ ਸੁਨਹਿਰੀ ਕਰਵਾਇਆ। ਇਸ ਬੁੰਗੇ ਦੀ ਇਮਾਰਤ ਪੁਰਾਣੀ ਅਤੇ ਖ਼ਸਤਾ ਹੋਣ ਕਰਕੇ 1962-63 ਈਸਵੀ ਵਿੱਚ ਢਾਹ ਕੇ ਉਸ ਦੀ ਥਾਂ ਨਵੀਂ ਸੰਗਮਰਮਰ ਦੀ ਇਮਾਰਤ ਬਣਾਈ ਗਈ, ਜਿਸ ਦਾ ਸਾਰਾ ਖ਼ਰਚਾ ਗੁਰੂ ਘਰ ਦੇ ਇੱਕ ਸੇਵਕ ਸ. ਮੇਹਰ ਸਿੰਘ (ਚੱਢਾ) ਪਰਿਵਾਰ ਬੰਬਈ ਵਾਲਿਆਂ ਨੇ ਕੀਤਾ। ਇਹ ਜਗ੍ਹਾ ਗੁਰਦੁਆਰਾ 'ਦੁਖ ਭੰਜਨੀ ਬੇਰੀ' ਕਰਕੇ ਪ੍ਰਸਿੱਧ ਹੈ। ਇੱਥੇ ਦੋ ਥਾਵਾਂ 'ਤੇ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਨਿਰੰਤਰ ਚੱਲਦੇ ਰਹਿੰਦੇ ਹਨ। ਵਰਤਮਾਨ ਸਮੇਂ ਇੱਥੇ ਦਰਸ਼ਨ-ਇਸ਼ਨਾਨ ਕਰਨ ਆਏ ਲੱਖਾਂ ਸ਼ਰਧਾਲੂ ਨਤਮਸਤਕ ਹੁੰਦੇ ਹਨ ਅਤੇ ਆਤਮਿਕ ਸ਼ਾਂਤੀ ਪ੍ਰਾਪਤ ਕਰਦੇ ਹਨ।

ਲਾਚੀ ਬੇਰੀ: ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਦੇ ਨਾਲ ਦੱਖਣ ਵਾਲੇ ਪਾਸੇ ਲਾਚੀ ਬੇਰੀ ਸਥਿਤ ਹੈ। ਇਸ ਬੇਰੀ ਨੂੰ ਇਲਾਇਚੀਆਂ ਵਰਗੇ ਬੇਰ ਲੱਗਦੇ ਸਨ, ਜਿਸ ਕਾਰਨ ਗੁਰੂ ਅਰਜਨ ਦੇਵ ਜੀ ਨੇ ਇਸ ਬੇਰੀ ਦਾ ਨਾਂ 'ਲਾਚੀ ਬੇਰੀ' ਰੱਖ ਦਿੱਤਾ। ਇਸ ਬੇਰੀ ਹੇਠਾਂ ਬੈਠ ਕੇ ਗੁਰੂ ਅਰਜਨ ਦੇਵ ਜੀ 'ਅੰਮ੍ਰਿਤ-ਸਰੋਵਰ ਦੀ ਕਾਰ-



ਸੇਵਾ ਕਰਵਾਉਂਦੇ ਹੁੰਦੇ ਸਨ। ਇਸ ਤੋਂ ਇਲਾਵਾ ਗੁਰੂ ਘਰ ਦੇ ਪਰਮ ਸੇਵਕ ਭਾਈ ਸਾਲ੍ਹੋ ਜੀ ਵੀ ਇਸੇ ਅਸਥਾਨ 'ਤੇ ਬੈਠ ਕੇ ਕਾਰ-ਸੇਵਾ ਦੀ ਨਿਗਰਾਨੀ ਕਰਦੇ ਸਨ। ਸੰਮਤ 1797 (ਸੰਨ1740) ਵਿੱਚ ਮੱਸਾ ਰੰਗੜ ਜੋ ਕਿ ਮੁਗ਼ਲ ਹਾਕਮ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕਰ ਰਿਹਾ ਸੀ, ਦਾ ਸਿਰ ਵੱਢਣ ਆਏ ਦੋ ਸਿੱਖ ਸੂਰਮੇ ਭਾਈ ਮਹਿਤਾਬ ਸਿੰਘ ਮੀਰਾਂਕੋਟ ਅਤੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੇ ਨੇ ਬੀਕਾਨੇਰ ਤੋਂ ਆ ਕੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਜਾਣ ਤੋਂ ਪਹਿਲਾਂ ਆਪਣੇ ਘੋੜੇ ਇਸ ਬੇਰੀ ਨਾਲ ਬੰਨ੍ਹੇ ਸਨ ਅਤੇ ਮੱਸੇ ਦਾ ਸਿਰ ਵੱਢ ਕੇ ਲਿਆਉਣ ਤੋਂ ਬਾਅਦ ਇਸ ਅਸਥਾਨ ਤੋਂ ਆਪਣੇ ਘੋੜਿਆਂ ਉੱਤੇ ਸਵਾਰ ਹੋ ਕੇ ਵਾਪਸ ਹਰਨ ਹੋ ਗਏ ਸਨ। ਇਹ ਅਸਥਾਨ ਆਪਣੇ ਇਸ ਇਤਿਹਾਸ ਕਾਰਨ ਵੀ ਸਿੱਖ ਕੌਮ ਲਈ ਗੌਰਵ ਭਰਿਆ ਹੈ। ਇਸ ਨਾਲ ਧਾਰਮਿਕਤਾ ਅਤੇ ਸੂਰਬੀਰਤਾ ਦੋਵੇਂ ਜੁੜੀਆਂ ਹੋਈਆਂ ਹਨ। ਇਸ ਬੇਰੀ ਦੇ ਹੇਠਾਂ ਇੱਕ ਛੋਟਾ ਜਿਹਾ ਗੁਰਦੁਆਰਾ ਸੰਮਤ 1904 ਬਿ: ਵਿੱਚ ਸਰਦਾਰ ਹੀਰਾ ਸਿੰਘ ਪਸ਼ੌਰੀਏ ਨੇ ਤਿਆਰ ਕਰਵਾਇਆ ਸੀ ਜਿੱਥੇ ਹੁਣ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠਾਂ ਦੀ ਲੜੀ ਚੱਲਦੀ ਹੈ। ਪੁਰਾਤਨ ਸਮੇਂ ਇਸ ਦੇ ਪਿਛਲੇ ਪਾਸੇ ਇੱਕ ਪੌਣਾ ਸੀ ਪਰ ਬਾਅਦ ਵਿੱਚ ਇਹ ਜਗ੍ਹਾ ਸੰਗਤਾਂ ਦੀ ਸਹੂਲੀਅਤ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਪੁਲ ਨਾਲ ਮਿਲਾ ਦਿੱਤੀ ਗਈ।

ਬੇਰ ਬਾਬਾ ਬੁੱਢਾ ਜੀ: ਅੰਮ੍ਰਿਤ-ਸਰੋਵਰ ਦੀ ਉੱਤਰੀ ਬਾਹੀ ਦੀ ਪਰਿਕਰਮਾ ਵਿੱਚ ਬੇਰ ਬਾਬਾ ਬੁੱਢਾ ਜੀ ਸਥਿਤ ਹੈ, ਜੋ ਕਾਫ਼ੀ ਬਿਰਧ ਹੈ। ਇਸ ਬੇਰੀ ਹੇਠਾਂ ਬ੍ਰਹਮ ਗਿਆਨੀ ਤੇ ਹਰਿਮੰਦਰ ਸਾਹਿਬ ਦੇ ਪਹਿਲੇ ਹੈੱਡ-ਗ੍ਰੰਥੀ ਬਾਬਾ ਬੁੱਢਾ ਜੀ ਬਿਰਾਜਮਾਨ ਹੁੰਦੇ ਸਨ ਅਤੇ ਅੰਮ੍ਰਿਤ-ਸਰੋਵਰ ਦੀ ਕਾਰ ਸੇਵਾ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਕਰਦੇ ਸਨ। ਇਸ ਅਸਥਾਨ ਤੋਂ ਬਾਬਾ ਬੁੱਢਾ ਜੀ ਹਰ ਰੋਜ਼ ਸੰਗਤਾਂ ਨੂੰ ਕਹੀਆਂ-ਟੋਕਰੀਆਂ ਆਦਿ ਲੋੜੀਂਦਾ ਸਾਮਾਨ ਵੰਡਦੇ ਅਤੇ ਸ਼ਾਮ ਨੂੰ ਇਸੇ ਥਾਂ 'ਤੇ ਰਾਜ ਮਿਸਤਰੀਆਂ ਅਤੇ ਮਜ਼ਦੂਰਾਂ ਨੂੰ ਤਨਖ਼ਾਹਾਂ ਵੀ ਵੰਡਦੇ ਹੁੰਦੇ ਸਨ। ਚਾਰ ਸੌ ਸਾਲ ਤੋਂ ਵੱਧ ਸਮੇਂ ਤੋਂ ਖੜ੍ਹੀ ਇਸ ਬੇਰੀ ਨੂੰ ਲੋਹੇ ਦੇ ਗਾਡਰਾਂ ਦਾ ਆਸਰਾ ਦੇ ਕੇ ਅਤੇ ਮੁੱਢ ਦੇ ਚੁਫ਼ੇਰੇ ਸੁੰਦਰ ਚਿੱਟੇ ਸੰਗਮਰਮਰ ਦਾ ਥੜ੍ਹਾ ਬਣਾ ਕੇ, ਇਸ ਦੇ ਆਲ਼ੇ-ਦੁਆਲ਼ੇ ਜਾਲੀ ਲਗਾ ਕੇ, ਇਸ ਨੂੰ ਸੁਰੱਖਿਅਤ ਕੀਤਾ ਗਿਆ ਹੈ। ਹਰਿਮੰਦਰ ਸਾਹਿਬ ਦੀ ਪਰਿਕਰਮਾ ਕਰ ਰਿਹਾ ਹਰ ਸ਼ਰਧਾਲੂ ਇਸ ਬੇਰੀ ਪ੍ਰਤੀ ਆਪਣੀ ਸ਼ਰਧਾ ਭੇਟ ਕਰ ਕੇ ਅੱਗੇ ਲੰਘਦਾ ਹੈ। ਵਰਤਮਾਨ ਸਮੇਂ ਇਨ੍ਹਾਂ ਬੇਰੀਆਂ ਦੀ ਸਾਂਭ-ਸੰਭਾਲ, ਕਾਂਟ-ਛਾਂਟ, ਖਾਦ ਆਦਿ ਪਾਉਣ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਕੋਲੋਂ ਕਰਵਾਇਆ ਜਾ ਰਿਹਾ ਹੈ ਤਾਂ ਕਿ ਇਹ ਇਤਿਹਾਸਕ ਬੇਰੀਆਂ ਮਹਿਫ਼ੂਜ਼ ਰਹਿ ਸਕਣ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਇਨ੍ਹਾਂ ਬੇਰੀਆਂ 'ਤੇ ਵੱਡੀ ਗਿਣਤੀ ਵਿੱਚ ਮੁੜ ਬੇਰ ਲੱਗ ਰਹੇ ਹਨ। ਗੁਰੂ-ਕਾਲ ਤੋਂ ਲੈ ਕੇ ਹੁਣ ਤੱਕ ਇਨ੍ਹਾਂ ਬੇਰੀਆਂ ਦੀ ਸਾਂਭ-ਸੰਭਾਲ ਜਿੱਥੇ ਧਰਮ ਅਤੇ ਇਤਿਹਾਸ ਪ੍ਰਤੀ ਆਸਥਾ ਦਰਸਾਉਂਦੀ ਹੈ ਉੱਥੇ ਧਰਤੀ 'ਤੇ ਰਹਿਣ ਵਾਲੇ ਹਰ ਪ੍ਰਾਣੀ ਮਾਤਰ ਨੂੰ ਰੁੱਖਾਂ ਦੀ ਸਾਂਭ-ਸੰਭਾਲ ਪ੍ਰਤੀ ਸੁਚੇਤ ਕਰਨ ਦਾ ਅਮਲੀ ਕਾਰਜ ਅਤੇ ਸੰਦੇਸ਼ ਵੀ ਦਿੰਦੀ ਹੈ।

# ਮੁਗ਼ਲ ਕਾਲ ਵਿੱਚ ਨਰਾਤੇ ਕਿਵੇਂ ਮਨਾਏ ਜਾਂਦੇ ਸਨ

## ਮੁਸਲਿਮ ਸ਼ਾਸਕਾਂ ਨੇ ਕਿਵੇਂ ਮਨਾਏ ਹਿੰਦੂ ਤਿਉਹਾਰ



ਹਿੰਦੂਆਂ ਦੇ ਤਿਉਹਾਰ ਨਰਾਤੇ ਦੇਸ ਭਰ ਵਿੱਚ ਸ਼ਰਧਾ ਨਾਲ ਮਨਾਏ ਜਾਂਦੇ ਹਨ। ਐਤਕੀਂ ਇਹ ਤਿਉਹਾਰ 10 ਅਕਤੂਬਰ ਤੋਂ ਸ਼ੁਰੂ ਹੋਏ ਸਨ ਅਤੇ 18 ਅਕਤੂਬਰ ਤੱਕ ਚੱਲਣਗੇ। ਸੰਨ 1398 ਈ. ਵਿੱਚ ਤੈਮੂਰ ਲੰਗ ਦੇ ਭਾਰਤ ਉੱਪਰ ਹਮਲੇ ਸਮੇਂ ਵੀ ਨਰਾਤੇ ਚੱਲ ਰਹੇ ਸਨ। ਹਾਲਾਂਕਿ ਇਸ ਹਮਲੇ ਨਾਲ ਨਰਾਤਿਆਂ ਉੱਪਰ ਕੀ ਅਸਰ ਪਿਆ, ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ ਪਰ ਹਮਲੇ ਨਾਲ ਇਸ ਦਾ ਕੁਝ ਅਸਰ ਤਾਂ ਜ਼ਰੂਰ ਪਿਆ ਹੋਵੇਗਾ। ਉਸ ਸਮੇਂ ਦਿੱਲੀ ਦੇ ਕਾਲਕਾਜੀ ਅਤੇ ਝੰਡੇਵਾਲਨ ਮੰਦਰਾਂ ਵਿੱਚ ਨਰਾਤਿਆਂ ਦਾ ਭਰਵਾਂ ਮੇਲਾ ਲਗਦਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਦਿੱਲੀ ਦਾ ਝੰਡੇਵਾਲਲਨ ਮੰਦਰ 12ਵੀਂ ਸਦੀ ਵਿੱਚ ਪ੍ਰਿਥਵੀ ਰਾਜ ਚੌਹਾਨ ਦੇ ਰਾਜਕਾਲ ਦੌਰਾਨ ਉਨ੍ਹਾਂ ਦੀ ਧੀ ਨੇ ਬਣਵਾਇਆ ਸੀ। ਤੈਮੂਰ ਇਸ ਤੋਂ ਦੋ ਸਦੀਆਂ ਬਾਅਦ ਦਿੱਲੀ ਆਇਆ ਸੀ।



ਤੈਮੂਰ ਤੋਂ ਲਗਭਗ 341 ਸਾਲ ਬਾਅਦ 9 ਮਾਰਚ 1739 ਨੂੰ ਨਾਦਰ ਸ਼ਾਹ ਨੇ ਚੜ੍ਹਾਈ ਕੀਤੀ ਸੀ ਉਸ ਸਮੇਂ ਵੀ ਨਰਾਤੇ ਸ਼ੁਰੂ ਹੋਣ ਵਾਲੇ ਸਨ। ਮੁਹੰਮਦ ਸ਼ਾਹ ਰੰਗੀਲਾ ਅਤੇ ਮੁਗਲ ਬਾਦਸ਼ਾਹਾਂ ਦਾ ਰਵੱਈਆ ਕਾਫੀ ਧਰਮ ਨਿਰਪੱਖਤਾ ਵਾਲਾ ਰਿਹਾ ਸੀ। ਇਹ ਸਾਰੇ ਮੁਸਲਿਮ ਬਾਦਸ਼ਾਹ ਬਸੰਤ ਪੰਚਮੀ, ਹੋਲੀ ਅਤੇ ਦੀਵਾਲੀ ਆਦਿ ਤਿਉਹਾਰ ਮਨਾਉਂਦੇ ਸਨ। ਨਾਦਰ ਸ਼ਾਹ ਦੇ ਹਮਲੇ ਦੇ 100 ਸਾਲ ਬਾਅਦ ਆਏ ਬਹਾਦਰ ਸ਼ਾਹ ਜ਼ਫਰ, ਦਾਲ ਅਤੇ ਰਸਾ (ਪੂਰੀਆਂ ਨਾਲ) ਖਾਣ ਦੇ ਬਹੁਤ ਸ਼ੌਕੀਨ ਸਨ। ਨਰਾਤਿਆਂ ਦੇ ਤਿਉਹਾਰ ਮੌਕੇ ਇਹ ਪਕਵਾਨ ਉਨ੍ਹਾਂ ਨੂੰ ਚਾਂਦਨੀ ਚੌਂਕ ਦੇ ਸੇਠ ਭੇਜਦੇ ਸਨ। ਹਿੰਦੂ ਤਿਉਹਾਰਾਂ ਵਿੱਚ ਮੁਗਲ ਬਾਦਸ਼ਾਹਾਂ ਦੇ ਸ਼ਾਮਲ ਹੋਣ ਦੇ ਕਈ ਇਤਿਹਾਸਕ ਸਬੂਤ ਮਿਲਦੇ ਹਨ। ਸ਼ਾਹ ਆਲਮ ਨੇ ਨਰਾਤਿਆਂ ਦੇ ਮੌਕੇ ਦਿੱਲੀ ਦੇ ਕਾਲਕਾਜੀ ਮੰਦਰ ਦੀ ਮੁੜ ਉਸਾਰੀ ਕਰਵਾਉਣ ਵਿੱਚ ਮਦਦ ਕੀਤੀ ਸੀ। ਉਨ੍ਹਾਂ ਦੇ ਉੱਤਰਾਧਿਕਾਰੀ ਅਕਬਰ ਵੀ ਉਨ੍ਹਾਂ ਦੀ ਨੀਤੀ ਨੂੰ ਜਾਰੀ ਰੱਖਿਆ। ਅਕਬਰ ਦੇ ਬੇਟੇ ਨੇ ਵੀ ਪਿਤਾ-ਪੁਰਖਿਆਂ ਦੀ ਰੀਤ ਨਿਭਾਈ। ਇਸ ਮਗਰੋਂ ਬਰਤਾਨਵੀ ਰਾਜ ਸ਼ੁਰੂ ਹੋ ਗਿਆ। ਵੰਡ ਤੋਂ ਬਾਅਦ ਨਰਾਤਿਆਂ ਦੇ ਤਿਉਹਾਰ ਨੂੰ ਧੂਮ-ਧਾਮ ਨਾਲ ਮਨਾਇਆ ਜਾਣ ਲੱਗਾ। ਇਸ ਤੋਂ ਪਹਿਲਾਂ ਨਰਾਤੇ ਪ੍ਰਾਚੀਨ ਮੰਦਰਾਂ ਵਿੱਚ ਹੀ ਮਨਾਏ ਜਾਂਦੇ ਸੀ ਪਰ ਹੁਣ ਲੋਕ ਇਸ ਨੂੰ ਆਪਣੇ ਘਰਾਂ ਵਿੱਚ ਹੀ ਮਨਾ ਲੈਂਦੇ ਹਨ। ਇਸ ਮੌਕੇ ਲੋਕ ਲੋਕ ਭੰਡਾਰੇ ਕਰਦੇ ਹਨ ਅਤੇ ਨਾ ਸਿਰਫ ਘਰ ਵਾਲਿਆਂ ਨੂੰ ਸਗੋਂ ਰਾਹਗੀਰਾਂ ਨੂੰ ਵੀ ਭੋਜਨ ਛਕਾਉਂਦੇ ਹਨ। ਭੰਡਾਰੇ ਵਿੱਚ ਖਾਸ ਤਰ੍ਹਾਂ ਦਾ ਭੋਜਨ ਤਿਆਰ ਹੁੰਦਾ ਹੈ। ਇਸ ਨੂੰ ਬਣਾਉਣ ਸਮੇਂ ਸ਼ਰਧਾਲੂਆਂ ਦੀ ਭਾਵਨਾ ਇਸ ਦਾ ਸਵਾਦ ਕੁਝ ਖ਼ਾਸ ਬਣਾ ਦਿੰਦੀ ਹੈ। ਹਾਲਾਂਕਿ ਭੰਡਾਰਾ ਖਾਣ ਨਾਲ ਕਈ ਲੋਕਾਂ ਦੇ ਬੀਮਾਰ ਹੋਣ ਦੀਆਂ ਸ਼ਿਕਾਇਤਾਂ ਵੀ ਮਿਲਦੀਆਂ ਹਨ। ਨਰਾਤਿਆਂ ਦੌਰਾਨ ਦਿੱਲੀ ਦੇ ਹੀ ਛੱਤਰਪੁਰ ਵਿੱਚ ਲੱਗਣ ਵਾਲਾ ਮੇਲਾ ਵੀ ਕਾਫ਼ੀ ਪ੍ਰਸਿੱਧ ਹੈ। ਇੱਥੇ ਹੋਣ ਵਾਲੇ ਭੰਡਾਰੇ ਵਿੱਚ ਲੋਕਾਂ ਦੀਆਂ ਲੰਬੀਆਂ ਲਾਈਨਾਂ ਲੱਗ ਜਾਂਦੀਆਂ ਹਨ।

ਛੱਤਰਪੁਰ ਮੰਦਰ ਵਿੱਚ ਦੇਵੀ ਦੀ ਮੂਰਤੀ ਸੋਨੇ ਦੀ ਹੈ। ਇਸੇ ਮੰਦਰ ਦੇ ਕੋਲ ਇੱਕ ਹੋਰ ਮੰਦਰ ਹੈ। ਕਿਹਾ ਜਾਂਦਾ ਹੈ ਕਿ ਇਹ ਕਾਫੀ ਪੁਰਾਣਾ ਹੈ। ਰਵਾਇਤ ਹੈ ਕਿ ਇਸ ਦੀ ਉਸਾਰੀ ਮੁਸਲਮਾਨ ਸ਼ਾਸ਼ਕਾਂ ਦੇ ਰਾਜ ਕਾਲ ਵਿੱਚ ਹੋਈ ਸੀ। ਦਿੱਲੀ ਦੇ ਕਾਲਕਾਜੀ ਮੰਦਰ ਨੂੰ ਵੀ ਇਤਿਹਾਸਕ ਦੱਸਿਆ ਜਾਂਦਾ ਹੈ। ਹਾਲਾਂਕਿ, ਇਸਦੇ ਸਭ ਤੋਂ ਪੁਰਾਣੇ ਹਿੱਸੇ ਦੀ ਉਸਾਰੀ 1764 ਤੋਂ 1771 ਦੌਰਾਨ ਹੋਈ ਸੀ। ਨਰਾਤਿਆਂ ਦੇ ਤਿਉਹਾਰ ਤੋਂ ਇਲਾਵਾ ਉੱਥੇ ਹਰ ਮੰਗਲਵਾਰ ਨੂੰ ਕਾਲੀ ਦੇਵੀ ਦਾ ਮੇਲਾ ਲਗਦਾ ਹੈ। ਝੰਡੇਵਾਲਨ ਵਿੱਚ ਵੀ ਬਹੁਤ ਸਾਰੇ ਮੰਦਰ ਹਨ। ਇੱਥੇ ਵੀ ਦੇਵੀ ਦਾ ਇੱਕ ਪੁਰਾਣਾ ਮੰਦਰ ਹੈ। ਇੱਕ ਦਿਨ ਦੁਪਹਿਰ ਵੇਲੇ 60 ਹਜ਼ਾਰ ਸ਼ਰਧਾਲੂਆਂ ਨੇ ਮੱਥਾ ਟੇਕਿਆ ਅਤੇ 12 ਹਜ਼ਾਰ ਦੇ ਕਰੀਬ ਲੋਕਾਂ ਨੇ ਲੰਗਰ ਛਕਿਆ। ਦਿੱਲੀ ਦੇ ਹੀ ਕਨਾਟ ਪਲੇਸ ਦੇ ਨਜ਼ਦੀਕ ਇੱਕ ਹਨੂਮਾਨ ਮੰਦਰ ਵਿੱਚ ਵੀ ਮੰਗਲਵਾਰ ਅਤੇ ਸ਼ਨਿੱਚਰਵਾਰ ਨੂੰ ਸ਼ਰਧਾਲੂ ਵੱਡੀ ਗਿਣਤੀ ਵਿੱਚ ਜੁੜਦੇ ਹਨ। ਇਨ੍ਹਾਂ ਦਿਨਾਂ ਵਿੱਚ ਹਲਵਾਈਆਂ ਅਤੇ ਪੁਜਾਰੀਆਂ ਦੀ ਵੀ ਖ਼ੂਬ ਕਮਾਈ ਹੁੰਦੀ ਦੱਸੀ ਜਾਂਦੀ ਹੈ

# ਖਹਿਰਾ ਨੇ ਬਾਦਲ ਨੂੰ ਦੱਸੀ ਪੰਜਾਬ ਦਾ ਮਾਹੌਲ ਠੀਕ ਰੱਖਣ ਦੀ ਜੁਗਤ



ਚੰਡੀਗੜ੍ਹ- ਆਮ ਆਦਮੀ ਪਾਰਟੀ ਦੇ ਬਾਗ਼ੀ ਧੜੇ ਦੇ ਲੀਡਰ ਸੁਖਪਾਲ ਸਿੰਘ ਖਹਿਰਾ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਘਰ ਬੈਠਣ ਦੀ ਨਸੀਹਤ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ ਬਾਦਲਾਂ ਦੇ ਅਜਿਹਾ ਕਰਨ ਨਾਲ ਪੰਜਾਬ ਦਾ ਮਾਹੌਲ ਠੀਕ ਹੋ ਜਾਏਗੀ। ਖਹਿਰਾ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਗੋਲ਼ੀਕਾਂਡਾਂ ਦੀ ਪੜਤਾਲ ਲਈ ਬਣੀ ਵਿਸ਼ੇਸ਼ ਜਾਂਚ ਟੀਮ ਉਤੇ ਵੀ ਸਵਾਲ ਚੁੱਕੇ। ਖਹਿਰਾ ਨੇ ਸੁਖਬੀਰ ਬਾਦਲ ਵੱਲੋਂ ਪੰਜਾਬ ਦਾ ਮਾਹੌਲ ਖ਼ਰਾਬ ਹੋਣ ਲਈ ਫਿਕਰਮੰਦੀ ਜ਼ਾਹਰ ਕਰਨ ਤੇ ਪ੍ਰਕਾਸ਼ ਸਿੰਘ ਬਾਦਲ ਦੇ ਕਤਲ ਦੀ ਸਾਜ਼ਿਸ਼ ਬੇਨਕਾਬ ਹੋਣ 'ਤੇ ਕਿਹਾ ਕਿ ਬਾਦਲਾਂ ਨੂੰ ਘਰ ਹੀ ਬੈਠ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਬਾਦਲ ਨੂੰ ਸਿਆਸਤ ਛੱਡ ਕੇ ਘਰ ਬੈਠ ਜਾਣਾ ਚਾਹੀਦਾ ਹੈ। ਇਸ ਤੋਂ ਬਾਅਦ ਪੰਜਾਬ ਦਾ ਮਾਹੌਲ ਆਪਣੇ ਆਪ ਹੀ ਠੀਕ ਹੋ ਜਾਵੇਗਾ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਨੂੰ ਨਸੀਹਤ ਦਿੰਦੇ ਹੋਏ ਖਹਿਰਾ ਨੇ ਕਿਹਾ ਕਿ ਆਪਣੀ ਉਮਰ ਦੇ ਹਿਸਾਬ ਨਾਲ ਪ੍ਰਕਾਸ਼ ਸਿੰਘ ਬਾਦਲ ਨੂੰ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ। ਇਸ ਤੋਂ ਇਲਾਵਾ ਸੁਖਪਾਲ ਖਹਿਰਾ ਨੇ ਪੰਜਾਬ ਸਰਕਾਰ ਵੱਲੋਂ ਨਿਯੁਕਤ ਕੀਤੀ ਐਸਆਈਟੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ ਰਣਜੀਤ ਸਿੰਘ ਨੇ ਆਪਣੀ ਰਿਪੋਰਟ ਵਿੱਚ ਸਭ ਸਾਫ ਕਰ ਦਿੱਤਾ ਸੀ, ਪਰ ਸਰਕਾਰ ਐਕਸ਼ਨ ਲੈਣ ਦੀ ਬਜਾਏ ਮਾਮਲੇ ਦੀ ਤਫ਼ਤੀਸ਼ ਐਸਆਈਟੀ ਤੋਂ ਦੁਬਾਰਾ ਕਿਉਂ ਕਰਵਾ ਰਹੀ ਹੈ। ਖਹਿਰਾ ਨੇ ਕੈਪਟਨ ਸਰਕਾਰ 'ਤੇ ਇਲਜ਼ਾਮ ਲਾਏ ਕਿ ਕਾਰਵਾਈ ਨਾ ਕਰਨ ਦਾ ਬਹਾਨਾ ਐਸਆਈਟੀ ਦੀ ਨਿਯੁਕਤੀ ਹੈ।

# ਬਰਗਾੜੀ ਮੋਰਚੇ ਵਾਲੀ ਥਾਂ ਮੁਤਵਾਜ਼ੀ ਜੱਥੇਦਾਰਾਂ ਕੀਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼




ਬਰਗਾੜੀ- ਮੁਤਵਾਜ਼ੀ (ਸਮਾਨਾਂਤਰ) ਜੱਥੇਦਾਰਾਂ ਨੇ ਆਪਣੇ ਮੋਰਚੇ ਵਾਲੀ ਥਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਕਰ ਦਿੱਤਾ। ਇਸ ਥਾਂ 'ਤੇ ਇਹ ਸਾਰੇ ਬੀਤੀ 1 ਜੂਨ ਤੋਂ ਰੋਸ ਮੁਜ਼ਾਹਰਾ ਕਰ ਰਹੇ ਹਨ ਤੇ ਧਰਨੇ 'ਤੇ ਬੈਠੇ ਹਨ। ਇਸ ਮੋਰਚੇ ਦੇ ਮੰਚ ਤੋਂ ਸਾਲ 2015 ਦੌਰਾਨ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਪੁਲਿਸ ਗੋਲੀਬਾਰੀ ਨਾਲ ਹੋਈਆਂ ਨਿਰਦੋਸ਼ ਮੌਤਾਂ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਹੈ। ਉਦੋਂ ਤੋਂ ਹੀ ਆਮ ਸ਼ਰਧਾਲੂ ਰੋਜ਼ਾਨਾ ਵੱਡੀ ਗਿਣਤੀ 'ਚ ਇੱਥੇ ਪੁੱਜ ਰਹੇ ਹਨ। ਮੁਤਵਾਜ਼ੀ ਜੱਥੇਦਾਰ ਧਿਆਨ ਸਿੰਘ ਮੰਡ ਨੇ ਕਿਹਾ ਕਿ ਇੱਥੇ ਰੋਜ਼ਾਨਾ ਪੁੱਜਣ ਵਾਲੇ ਅਨੇਕ ਸ਼ਰਧਾਲੂਆਂ ਦੀ ਮੰਗ ਨੂੰ ਧਿਆਨ 'ਚ ਰੱਖ ਕੇ ਹੀ ਹੁਣ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹੁਣ ਇੱਥੇ ਹਫ਼ਤੇ ਦੇ ਸੱਤੇ ਦਿਨ ਅਰਦਾਸ ਹੋਇਆ ਕਰੇਗੀ। ਇਸ ਨਾਲ ਇਹ ਮੋਰਚਾ ਹੋਰ ਵੀ ਮਜ਼ਬੂਤ ਹੋਵੇਗਾ। ਆਮ ਸ਼ਰਧਾਲੂ ਹੁਣ ਸ਼ਾਮ ਸਮੇਂ ਵੱਧ ਗਿਣਤੀ 'ਚ ਪੁੱਜ ਸਕਦੇ ਹਨ। ਪ੍ਰਬੰਧਕ ਹੁਣ ਇੱਥੇ ਕੀਰਤਨ ਜਾਂ ਕਥਾ ਕਰਵਾਉਣ ਦੀ ਯੋਜਨਾ ਵੀ ਉਲੀਕ ਰਹੇ ਹਨ। ਬੀਤੀ 7 ਅਕਤੂਬਰ ਨੂੰ ਕੋਟਕਪੂਰਾ-ਬਰਗਾੜੀ ਮਾਰਚ ਦੌਰਾਨ ਸ਼ਰਧਾਲੂਆਂ ਦੇ ਭਾਰੀ ਇਕੱਠ ਨੂੰ ਧਿਆਨ 'ਚ ਰੱਖਦਿਆਂ ਸਮਾਨਾਂਤਰ ਜੱਥੇਦਾਰਾਂ ਵੱਲੋਂ ਛੇਤੀ ਹੀ ਸਰਬੱਤ-ਖ਼ਾਲਸਾ ਸੱਦੇ ਜਾਣ ਦੀ ਵੀ ਸੰਭਾਵਨਾ ਹੈ। ਤਲਵੰਡ ਸਾਬੋ ਦੇ ਸਮਾਨਾਂਤਰ ਜੱਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ, 'ਅਸੀਂ ਇਸ ਮਾਮਲੇ 'ਤੇ ਪੰਥਕ ਜੱਥੇਬੰਦੀਆਂ ਨਾਲ ਵਿਚਾਰ-ਵਟਾਂਦਰਾ ਕਰਾਂਗੇ ਤੇ ਫਿਰ ਹੀ ਸਰਬੱਤ-ਖ਼ਾਲਸਾ ਸੱਦਿਆ ਜਾਵੇਗਾ।

ਇਹ ਫ਼ੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਸਰਕਾਰ ਦੇ ਵਤੀਰੇ 'ਤੇ ਨਿਰਭਰ ਹੋਵੇਗਾ।' ਇੱਥੇ ਵਰਨਣਯੋਗ ਹੈ ਕਿ ਨੰਬਰ 2015 'ਚ ਅੰਮ੍ਰਿਤਸਰ 'ਚ ਚਾਬਾ ਵਿਖੇ ਸਰਬੱਤ ਖ਼ਾਲਸਾ ਸੱਦਿਆ ਗਿਆ ਸੀ, ਜਿੱਥੇ ਮੁਤਵਾਜ਼ੀ ਜੱਥੇਦਾਰਾਂ ਦੀ ਨਿਯੁਕਤੀ ਕੀਤੀ ਗਈ ਸੀ। ਪਿਛਲੀ ਵਾਰ ਸਰਬੱਤ ਖ਼ਾਲਸਾ ਦਸੰਬਰ 2016 'ਚ ਤਲਵੰਡੀ ਸਾਬੋ (ਬਠਿੰਡਾ) ਵਿਖੇ ਸੱਦਿਆ ਗਿਆ ਸੀ।

# ਰੇਸ਼ਮ ਸਿੰਘ ਨਿਆਮੀਵਾਲਾ ਦੇ ਬਿਆਨ ਦਰਜ ਕਰਨ ਤੋਂ ਕੰਨੀ ਕਤਰਾ ਰਹੇ ਨੇ ਪੁਲਿਸ ਅਧਿਕਾਰੀ: ਦਾਦੂਵਾਲ



ਫਰੀਦਕੋਟ, 17 ਅਕਤੂਬਰ (ਚ.ਨ.ਸ.): 14 ਅਕਤੂਬਰ 2015 ਨੂੰ ਬਹਿਬਲ ਕਲਾਂ ਗੋਲੀ ਕਾਂਡ ਵਿਚ ਸ਼ਹੀਦ ਹੋਏ ਭਾਈ ਕ੍ਰਿਸ਼ਨ ਭਗਵਾਨ ਸਿੰਘ ਨਿਆਮੀਵਾਲਾ ਦੇ ਛੋਟੇ ਭਰਾਤਾ ਭਾਈ ਰੇਸ਼ਮ ਸਿੰਘ ਨਿਆਮੀ ਵਾਲਾ ਜਿਨ੍ਹਾਂ ਉੱਪਰ ਕੁਝ ਦਿਨ ਪਹਿਲਾਂ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰ ਦਿੱਤਾ ਸੀ, ਜਿਸ ਦੌਰਾਨ ਉਹ ਸਿਰ ਵਿੱਚ ਸੱਟਾਂ ਲੱਗਣ ਕਰਕੇ ਗੰਭੀਰ ਜ਼ਖਮੀ ਹੋ ਗਏ ਸਨ ਤੇ ਬਠਿੰਡਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। ਉਨ੍ਹਾਂ ਦਾ ਪਤਾ ਲੈਣ ਵਾਸਤੇ ਭਾਈ ਬਲਜੀਤ ਸਿੰਘ ਦਾਦੂਵਾਲ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਹਸਪਤਾਲ ਵਿੱਚ ਪੁੱਜੇ। ਜ਼ਿਕਰਯੋਗ ਹੈ ਕਿ ਭਾਈ ਰੇਸ਼ਮ ਸਿੰਘ ਨਿਆਮੀਵਾਲਾ ਨੇ 14 ਅਕਤੂਬਰ 2015 ਨੂੰ ਬਹਿਬਲ ਗੋਲੀ ਕਾਂਡ ਦੇ ਦੋਸ਼ੀ ਪੁਲਿਸ ਅਫ਼ਸਰਾਂ ਉੱਪਰ ਹਾਈਕੋਰਟ ਦੇ ਵਿੱਚ ਕੇਸ ਫਾਈਲ ਕੀਤਾ ਹੋਇਆ ਹੈ, ਜੋ ਸੁਣਵਾਈ ਦੇ ਅਧੀਨ ਹੈ ਤੇ ਆਉਂਦੀ 29 ਨਵੰਬਰ ਨੂੰ ਉਸਦੀ ਤਰੀਕ ਹੈ, ਜਿੱਥੇ ਭਾਈ ਰੇਸ਼ਮ ਸਿੰਘ ਨੇ ਕੁਝ ਸਬੂਤ ਕੋਰਟ ਨੂੰ ਪੇਸ਼ ਕਰਨੇ ਹਨ। ਭਾਈ ਰੇਸ਼ਮ ਸਿੰਘ ਨੇ ਜਥੇਦਾਰ ਦਾਦੂਵਾਲ ਨੂੰ ਦੱਸਦਿਆਂ ਕਿਹਾ ਕਿ ਜਦੋਂ ਇੱਕ ਪੁਲਿਸ ਅਫਸਰ ਉਨ੍ਹਾਂ ਦੇ ਬਿਆਨ ਲੈਣ ਵਾਸਤੇ ਹਸਪਤਾਲ ਪੁੱਜਾ ਤਾਂ ਉਨ੍ਹਾਂ ਨੇ ਦੋਸ਼ੀ ਪੁਲਿਸ ਅਫ਼ਸਰਾਂ ਵੱਲ ਇਸ਼ਾਰਾ ਕੀਤਾ ਕਿ ਮੈਨੂੰ ਸਬੂਤ ਦੇ ਤੌਰ 'ਤੇ ਖਤਮ ਕਰਨ ਵਾਸਤੇ ਉਨ੍ਹਾਂ ਦਾ ਵੀ ਇਸ ਘਟਨਾ ਪਿੱਛੇ ਹੱਥ ਹੋ ਸਕਦਾ ਹੈ ਤਾਂ ਉਸ ਪੁਲਿਸ ਅਫਸਰ ਨੇ ਬਹਿਬਲ ਕਾਂਡ ਦੇ ਦੋਸ਼ੀ ਪੁਲਿਸ ਅਫਸਰਾਂ ਦਾ ਨਾਂ ਸੁਣ ਕੇ ਬਿਆਨ ਦਰਜ ਨਹੀਂ ਕੀਤੇ ਅਤੇ ਵਾਪਸ ਚਲਾ ਗਿਆ। ਜਥੇਦਾਰ ਦਾਦੂਵਾਲ ਨੇ ਇਸ ਸਮੇਂ ਕਿਹਾ ਕਿ ਸੁਖਬੀਰ ਬਾਦਲ ਦੀ ਗੱਡੀ ਤੇ ਕੋਈ ਬੇਅਦਬੀ ਦੇ ਰੋਸ ਵਜੋਂ ਜੁੱਤੀ ਸੁੱਟ ਦੇਵੇ ਤਾਂ 307 ਦਾ ਮੁਕੱਦਮਾ ਦਰਜ ਹੋ ਜਾਂਦਾ, ਪ੍ਰਕਾਸ਼ ਸਿੰਘ ਬਾਦਲ ਦੇ ਜੁੱਤੀ ਸੁੱਟ ਦੇਵੇ ਤੇ ਦੋ ਸਾਲ ਦੀ ਸਜ਼ਾ ਹੋ ਜਾਂਦੀ ਹੈ ਪਰ ਗਰੀਬ ਪੀੜਤ ਲੋਕਾਂ ਦੀ ਕੋਈ ਵੀ ਸੁਣਵਾਈ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਭਾਈ ਰੇਸ਼ਮ ਸਿੰਘ ਨਿਆਮੀਵਾਲਾ ਤੇ ਜਿਨ੍ਹਾਂ ਵੀ ਦੋਸ਼ੀਆਂ ਨੇ ਹਮਲਾ ਕੀਤਾ ਹੈ, ਉਨ੍ਹਾਂ ਉੱਪਰ ਤੁਰੰਤ ਕੇਸ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਡੱਕਣਾ ਚਾਹੀਦਾ ਹੈ ਤਾਂ ਕਿ ਆਮ ਲੋਕਾਂ ਨੂੰ ਇਨਸਾਫ ਮਿਲ ਸਕੇ ਕਿਉਂਕਿ ਇਥੇ ਕਾਨੂੰਨ ਸਰਮਾਏਦਾਰਾਂ ਦੇ ਹੱਕ ਵਿੱਚ ਭੁਗਤਦਾ ਹੈ ਗ਼ਰੀਬ ਆਮ ਪੀੜਤ ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ।

# ਦਿੱਲੀ 'ਚ ਹੋਣਗੀਆਂ ਸਿੱਖ ਖੇਡਾਂ, ਹਜ਼ਾਰਾਂ ਖਿਡਾਰੀ ਲੈਣਗੇ ਹਿੱਸਾ

ਚੰਡੀਗੜ੍ਹ- ਦਿੱਲੀ ਦੇ ਤਿਆਗਰਾਜ ਸਟੇਡੀਅਮ ਵਿੱਚ 22 ਤੋਂ 25 ਦਸੰਬਰ ਤੱਕ ਸਿੱਖ ਖੇਡਾਂ ਕਰਾਈਆਂ ਜਾਣਗੀਆਂ। ਇਨ੍ਹਾਂ ਖੇਡਾਂ ਦਾ ਉਦੇਸ਼ ਸਿੱਖ ਬੱਚਿਆਂ ਦੀ ਖੇਡ ਪ੍ਰਤਿਭਾ ਨੂੰ ਨਿਖਾਰਨਾ ਤੇ ਉਨ੍ਹਾਂ ਨੂੰ ਮੋਟਾਪੇ ਤੇ ਨਸ਼ੇ ਤੋਂ ਬਚਾਉਣਾ ਹੈ। ਇਹ ਖੇਡਾਂ ਪਹਿਲੀ ਵਾਰ ਆਸਟ੍ਰੇਲੀਆ ਵਿੱਚ ਕਰਾਈਆਂ ਗਈਆਂ ਸਨ। ਹੁਣ ਸਿੱਖ ਸੰਸਥਾ ਜਪ-ਜਾਪ ਸੇਵਾ ਟਰੱਸਟ, ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪੰਜਾਬੀ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਇਹ ਖੇਡਾਂ ਭਾਰਤ 'ਚ ਕਰਵਾਈਆਂ ਜਾ ਰਹੀਆਂ ਹਨ। ਇਨ੍ਹਾਂ ਖੇਡਾਂ ਵਿੱਚ ਲਗਪਗ ਤਿੰਨ ਹਜ਼ਾਰ ਸਿੱਖ ਖਿਡਾਰੀ ਹਿੱਸਾ ਲੈਣਗੇ। 22 ਦਸੰਬਰ ਤੋਂ ਸ਼ੁਰੂ ਹੋਣ ਵਾਲੀਆਂ ਖੇਡਾਂ 'ਚ ਗੱਤਕਾ, ਕਬੱਡੀ, ਰੱਸਾ-ਕੱਸੀ, ਬਾਂਹ ਮਰੋੜਨਾ ਆਦਿ ਵਰਗੀਆਂ ਰਵਾਇਤੀ ਸਿੱਖ ਖੇਡਾਂ ਤੋਂ ਇਲਾਵਾ ਆਧੁਨਿਕ ਸਾਈਕਲਿੰਗ, ਜਿਮਨਾਸਟਿਕ, ਐਥਲੈਟਿਕਸ ਤੇ ਬਾਸਕਟਬਾਲ ਵਰਗੇ 14 ਮੁਕਾਬਲੇ ਹੋਣਗੇ।

# ਬੈਂਕ ਨੇ 1 ਰੁਪਿਆ ਵਸੂਲਣ ਲਈ ਖ਼ਰਚੇ 85 ਰੁਪਏ !



ਨਵੀਂ ਦਿੱਲੀ,- ਦੇਸ਼ ਦੇ ਇੱਕ ਸਰਕਾਰੀ ਬੈਂਕ ਦਾ ਬੇਹੱਦ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਕ ਵੱਡੇ ਬੈਂਕ ਨੇ 85 ਰੁਪਏ ਖਰਚ ਕਰਕੇ ਕੋਰੀਅਰ ਦੁਆਰਾ ਗਾਹਕ ਤੋਂ 1 ਰੁਪਿਆ ਵਸੂਲਣ ਦਾ ਨੋਟਿਸ ਭੇਜਿਆ ਹੈ। ਬੈਂਕ ਨੇ ਇਸਦਾ ਭੁਗਤਾਨ ਆਰਟੀਜੀਐਸ, ਐਨਈਐਫਟੀ ਜਾਂ ਚੈੱਕ ਦੁਆਰਾ ਕਰਨ ਨੂੰ ਕਿਹਾ ਹੈ। ਜਾਣਕਾਰੀ ਮੁਤਾਬਕ ਗਾਜ਼ਿਆਬਾਦ ਦੇ ਇੱਕ ਗਾਹਕ ਨੂੰ ਆਈਡੀਬੀਆਈ ਬੈਂਕ ਤੋਂ 1 ਰੁਪਿਆ ਜਮਾਂ ਕਰਵਾਉਣ ਦਾ ਨੋਟਿਸ ਭੇਜਿਆ ਗਿਆ। ਉਦੋਂ ਤੱਕ ਖਾਤੇ ਨੂੰ ਬਕਾਇਆ ਰਾਸ਼ੀ ਦੀ ਸਥਿਤੀ 'ਚ ਰੱਖਣ ਅਤੇ ਤੁਰੰਤ ਭੁਗਤਾਨ ਕਰਨ ਦੀ ਗੱਲ ਕਹੀ ਗਈ ਹੈ। ਗਾਹਕ ਮੁਤਾਬਕ ਇਹ ਖਾਤਾ ਉਸਦਾ ਬੈਂਕ ਲੋਨ ਅਕਾਊਂਟ ਹੈ ਜਿਸਦੀ ਹਰੇਕ ਮਹੀਨੇ ਕਿਸ਼ਤ ਜਾ ਰਹੀ ਹੈ। ਅਜਿਹੇ ਚ ਗਾਹਕ ਨੂੰ ਇਹ ਸਮਝ ਨਹੀਂ ਆ ਰਿਹਾ ਕਿ ਇਹ ਰਕਮ ਬੈਂਕ ਕੋਲ ਕਿਵੇਂ ਨਹੀਂ ਗਈ। ਗਾਹਕ ਨੇ ਕਿਹਾ ਕਿ ਜੇਕਰ ਬਕਾਇਆ ਰਹਿ ਵੀ ਗਿਆ ਹੋਵੇ ਤਾਂ ਬੈਂਕ ਬਕਾਏ ਨੂੰ ਕਿਸ਼ਤ ਦੀ ਅਗਲੀ ਰਕਮ ਚ ਜੋੜ ਕੇ ਉਸਦੀ ਵਸੂਲੀ ਕਰ ਸਕਦਾ ਹੈ, ਇਸ ਤਰ੍ਹਾਂ ਨੋਟਿਸ ਭੇਜਣ ਦਾ ਕੀ ਮਤਲਬ ਹੈ। ਗਾਹਕ ਦਾ ਕਹਿਣਾ ਹੈ ਕਿ 1 ਰੁਪਏ ਦਾ ਭੁਗਤਾਨ ਕਰਨ ਲਈ ਉਸਨੂੰ ਆਰਟੀਜੀਐਸ, ਐਨਈਐਫਟੀ ਦੀ ਸੁਵਿਧਾ ਦੁਆਰਾ ਇਸ 1 ਰੁਪਏ ਤੋਂ ਕਈ ਗੁਣਾ ਵੱਧ ਖਰਚਾ ਕਰਨਾ ਪਵੇਗਾ ਜੋ ਕਿ ਇੱਕ ਹੋਰ ਨਵੀਂ ਮੁਸੀਬਤ ਵਾਲੀ ਗੱਲ ਹੈ। ਰਿਜ਼ਰਵ ਬੈਂਕ ਦੇ ਸਾਬਕਾ ਨਿਰਦੇਸ਼ਕ ਵਿਪਿਨ ਮਲਿਕ ਨੇ ਕਿਹਾ ਕਿ ਇਹ ਬੈਂਕ ਦੀ ਮਜਬੂਰੀ ਹੈ ਕਿ ਉਹ ਕਿਸੇ ਵੀ ਬੈਂਕ ਖਾਤੇ 'ਚ ਕੋਈ ਵੀ ਰਕਮ ਬਕਾਇਆ ਨਾ ਛੱਡੇ। ਉਨ੍ਹਾਂ ਕਿਹਾ ਸਰਕਾਰ ਵੱਲੋਂ ਬੈਂਕ ਨੂੰ ਅਜਿਹਾ ਅਧਿਕਾਰ ਦੇਣਾ ਚਾਹੀਦਾ ਹੈ ਜਿਸ ਵਿਚ ਬੈਂਕ 100 ਰੁਪਏ ਤੋਂ ਘੱਟ ਬਕਾਇਆ ਰਕਮ ਨੂੰ ਖਤਮ ਕਰਨ ਦਾ ਫੈਸਲਾ ਲੈ ਸਕੇ।

# ਰਾਜਸਥਾਨ ਦੀ ਮਹਾਰਾਣੀ 'ਵਸੁੰਧਰਾ' ਤੋਂ ਵੱਧ ਅਮੀਰ ਨੇ ਪੰਜਾਬ ਦੇ ਮਹਾਰਾਜਾ 'ਅਮਰਿੰਦਰ'



ਨਵੀਂ ਦਿੱਲੀ- ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਰਮਨ ਸਿੰਘ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਤੋਂ ਜ਼ਿਆਦਾ ਅਮੀਰ ਹਨ। ਸਿਆਸੀ ਪਾਰਟੀਆਂ ਉੱਤੇ ਨਜ਼ਰ ਰੱਖਣ ਵਾਲੇ ਸੰਗਠਨ ਐਸੋਸੀਏਸ਼ਨ ਫਾਰ ਡੈਮੋਕ੍ਰਿਟਿਕ ਰਿਫੌਰਮਜ਼ (ਏ.ਡੀ.ਆਰ.) ਦੀ ਇਕ ਰਿਪੋਰਟ ਅਨੁਸਾਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੀ ਸੰਪਤੀ 6.27 ਕਰੋੜ ਰੁਪਏ ਹੈ ਤੇ ਉਹ ਸਭ ਤੋਂ ਅਮੀਰ ਮੁੱਖ ਮੰਤਰੀਆਂ ਦੀ ਸੂਚੀ ਵਿੱਚ 14ਵੇਂ ਨੰਬਰ ਉੱਤੇ ਹਨ।

15ਵੇਂ ਸਥਾਨ 'ਤੇ, ਛੱਤੀਸਗੜ੍ਹ ਦੇ ਮੁੱਖ ਮੰਤਰੀ ਡਾ. ਰਮਨ ਸਿੰਘ ਹਨ। ਉਨ੍ਹਾਂ ਦੀ ਜਾਇਦਾਦ 5.61 ਕਰੋੜ ਹੈ। ਜਦੋਂ ਕਿ ਸਿੰਧੀਆ ਰਾਜਾਗਰਾਨੇ ਦੀ ਵਸੁੰਧਰਾ ਰਾਜੇ ਕੋਲ 4 ਕਰੋੜ ਦੀ ਜਾਇਦਾਦ ਹੈ।

# 31 ਮੁੱਖ ਮੰਤਰੀਆਂ 'ਚੋਂ 25 ਕਰੋੜਪਤੀ

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮ (ਏ.ਡੀ.ਆਰ.) ਦੁਆਰਾ ਜਾਰੀ ਇੱਕ ਰਿਪੋਰਟ ਅਨੁਸਾਰ, ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਤੇ ਟੀਡੀਪੀ ਮੁਖੀ ਚੰਦਰਬਾਬੂ ਨਾਇਡੂ ਦੇਸ਼ ਦੇ ਸਭ ਤੋਂ ਅਮੀਰ ਮੁੱਖ ਮੰਤਰੀ ਹਨ। ਉਨ੍ਹਾਂ ਦੀ ਚੱਲ-ਅਚੱਲ ਸੰਪਤੀ ਦਾ ਕੁੱਲ ਮੁੱਲ 177 ਕਰੋੜ ਰੁਪਏ ਹੋਣ ਦਾ ਅਨੁਮਾਨ ਗਿਆ ਹੈ। ਉਸੇ ਸਮੇਂ ਤ੍ਰਿਪੁਰਾ ਦੇ ਮੁੱਖ ਮੰਤਰੀ ਰਹਿ ਚੁੱਕੇ ਮਨਿਕ ਸਰਕਾਰ ਸਭ ਤੋਂ ਗ਼ਰੀਬ ਮੁੱਖ ਮੰਤਰੀ ਸਨ, ਜਿਨ੍ਹਾਂ ਦੀ ਜਾਇਦਾਦ ਸਿਰਫ 26 ਲੱਖ ਰੁਪਏ ਸੀ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ 48.31 ਕਰੋੜ ਦੀ ਸਪੰਤੀ ਹੈ। ਇਹ ਨਤੀਜਾ ਪੂਰੇ ਦੇਸ਼ 'ਚ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ, ਮੌਜੂਦਾ ਮੁੱਖ ਮੰਤਰੀਆਂ ਦੁਆਰਾ ਪੇਸ਼ ਕੀਤੇ ਹਲਫੀਆ ਬਿਆਨ ਤੋਂ ਹੀ ਸਪੰਤੀ 'ਚੋਂ ਕੱਢਿਆ ਗਿਆ ਹੈ।

# ਬ੍ਰਿਟੇਨ 'ਚ ਭਾਰਤੀ ਮੂਲ ਦੇ ਅੰਨ੍ਹੇ ਵਿਅਕਤੀ ਨੂੰ ਰੋਜ਼ਾਨਾ ਮਦਦਗਾਰ ਦੇ ਤੌਰ 'ਤੇ ਮਿਲਿਆ ਘੋੜਾ



ਲੰਡਨ : ਉੱਤਰ-ਪੱਛਮੀ ਇੰਗਲੈਂਡ ਵਿਚ ਰਹਿਣ ਵਾਲੇ ਭਾਰਤੀ ਮੂਲ ਦੇ ਇਕ ਅੰਨ੍ਹੇ ਵਿਅਕਤੀ ਨੂੰ ਉਸ ਦੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਵਿਚ ਮਦਦ ਕਰਨ ਲਈ ਇਕ ਘੋੜਾ ਦਿਤਾ ਜਾਵੇਗਾ। ਉਹ ਅੱਖ ਦੀ ਅਜਿਹੀ ਬੀਮਾਰੀ ਤੋਂ ਪੀੜਿਤ ਹੈ, ਜਿਸ ਵਿਚ ਉਸ ਦੀਆਂ ਅੱਖਾਂ ਦੀ ਰੋਸ਼ਨੀ ਹੌਲੀ-ਹੌਲੀ ਘੱਟ ਹੁੰਦੀ ਜਾਵੇਗੀ ਅਤੇ ਅੰਤ ਵੇਲੇ ਉਹ ਪੂਰੀ ਤਰ੍ਹਾਂ ਨਾਲ ਅੱਖਾਂ ਤੋਂ ਅੰਨ੍ਹਾ ਹੋ ਜਾਵੇਗਾ। ਇਸ ਲਈ ਦੇਸ਼ ਵਿਚ ਉਹ ਅਜਿਹਾ ਪਹਿਲਾ ਅੰਨ੍ਹਾ ਵਿਅਕਤੀ ਹੋਵੇਗਾ, ਜਿਸ ਨੂੰ ਸਹਾਇਕ ਪਸ਼ੂ ਦੇ ਰੂਪ ਵਿਚ ਘੋੜਾ ਦਿਤਾ ਜਾਵੇਗਾ। ਲੰਕਾਸ਼ਾਇਰ ਦੇ ਬਲੈਕਬਰਨ ਵਿਚ ਰਹਿਣ ਵਾਲੇ ਪੱਤਰਕਾਰ ਮੋਹੰਮਦ ਸਲੀਮ ਪਟੇਲ ਰੇਟੀਨਾਇਟਿਸ ਪਿਗਮੇਂਟੋਸਾ ਤੋਂ ਪੀੜਿਤ ਹੈ।ਇਸ ਹਾਲਤ ਦੇ ਕਾਰਨ ਉਸ ਦੀ ਸੱਜੀ ਅੱਖ ਵਿਚ ਬਹੁਤ ਘੱਟ ਨਜ਼ਰ ਬਾਕੀ ਰਹਿ ਗਈ ਹੈ ਅਤੇ ਆਖ਼ਿਰਕਾਰ ਉਹ ਪੂਰੀ ਤਰ੍ਹਾਂ ਤੋਂ ਅੰਨ੍ਹਾ ਹੋ ਜਾਵੇਗਾ। ਬਚਪਨ ਵਿਚ ਇਕ ਹਾਦਸੇ ਦੀ ਵਜ੍ਹਾ ਕਰਾਨ 24 ਸਾਲਾਂ ਪਟੇਲ ਦੇ ਮਨ ਵਿਚ ਕੁੱਤਿਆਂ ਨੂੰ ਲੈ ਕੇ ਇਕ ਡਰ ਜਿਹਾ ਮਨ ਵਿਚ ਬੈਠ ਗਿਆ ਹੈ। ਇਸ ਲਈ ਅੰਨ੍ਹਿਆਂ ਨੂੰ ਉਨ੍ਹਾਂ ਦੀਆਂ ਰੋਜ਼ ਦੀਆਂ ਜ਼ਰੂਰਤਾਂ ਵਿਚ ਮਦਦਗਾਰ ਦੇ ਤੌਰ 'ਤੇ ਆਮ ਤੌਰ ਉਤੇ ਦਿਤੇ ਜਾਣ ਵਾਲੇ ਕੁੱਤਿਆਂ ਉਤੇ ਉਹ ਭਰੋਸਾ ਨਹੀਂ ਕਰ ਸਕਦਾ ਸੀ ਅਤੇ ਇਹੀ ਕਾਰਨ ਸੀ ਕਿ ਇਕ ਗਾਇਡ ਹੌਰਸ (ਘੋੜਾ) ਦਾ ਵਿਚਾਰ ਉਸ ਦੇ ਮਨ ਵਿਚ ਆਇਆ।ਪਟੇਲ ਨੇ ਦੱਸਿਆ, ਡਿਗਬੀ (ਸਹਾਇਕ ਘੋੜਾ) ਅਜੇ ਬੱਚਾ ਹੀ ਹੈ ਅਤੇ ਮਈ 2019 ਵਿਚ ਉਹ ਦੋ ਸਾਲ ਦਾ ਹੋ ਜਾਵੇਗਾ। ਉਸ ਦੀ ਸਿਖਲਾਈ ਵਿਚ ਅਜੇ ਦੋ ਸਾਲ ਦਾ ਸਮਾਂ ਹੋਰ ਲੱਗੇਗਾ। ਇਸਲਈ ਮੈਂ ਉਮੀਦ ਕਰਦਾ ਹਾਂ ਕਿ ਜਿਵੇਂ ਹੀ ਉਸ ਦੀ ਸਿਖਲਾਈ ਮੁਕੰਮਲ ਹੋ ਜਾਵੇਗੀ ਮੈਂ ਉਸ ਨੂੰ ਬਲੈਕਬਰਨ ਸਥਿਤ ਅਪਣੇ ਘਰ ਲੈ ਆਵਾਂਗਾ। ਉਸ ਨੇ ਕਿਹਾ, ਇਸ ਵਿਚ ਕੋਈ ਕਾਹਲੀ ਨਹੀਂ ਹੈ ਕਿਉਂਕਿ ਗਾਇਡ ਡਾਗ (ਕੁੱਤਾ) ਦੀ ਮੰਗ ਜ਼ਿਆਦਾ ਰਹਿੰਦੀ ਹੈ। ਡਿਗਬੀ 40 ਸਾਲ ਦੀ ਉਮਰ ਤਕ ਕੰਮ ਕਰ ਸਕੇਗਾ ਜਦੋਂ ਕਿ ਇਕ ਗਾਇਡ ਡਾਗ (ਕੁੱਤਾ) ਅੱਠ ਸਾਲ ਦੀ ਉਮਰ ਵਿਚ ਹੀ ਸੇਵਾ ਮੁਕਤ ਹੋ ਜਾਂਦਾ ਹੈ।ਡਿਗਬੀ ਦੀ ਕਹਾਣੀ ਵਾਰਸ਼ਿਕ ਐਂਪਲੀਫਾਨ ਅਵਾਰਡਸ ਫਾਰ ਬਰੇਵ ਬਰਿਟੰਸ ਦੇ ਦੌਰਾਨ ਸੁਰਖੀਆਂ ਵਿਚ ਆਈ ਸੀ। ਡਿਗਬੀ ਇਸ ਇਨਾਮ ਦੇ ਤਹਿਤ 'ਹੀਰੋ ਪੈਟ' ਵਰਗ ਵਿਚ ਚੁਣੇ ਗਏ ਆਖ਼ਰੀ ਉਮੀਦਵਾਰਾਂ ਵਿਚੋਂ ਇਕ ਸੀ। ਇਸ ਇਨਾਮ ਦਾ ਮਕਸਦ ਉਨ੍ਹਾਂ ਪਸ਼ੂਆਂ ਨੂੰ ਸਨਮਾਨਿਤ ਕਰਨਾ ਹੈ ਜੋ ਅਪਣੇ ਮਾਲਿਕ ਦੇ ਜੀਵਨ ਵਿਚ ਬਦਲਾਅ ਲਿਆਉਂਦੇ ਹਨ। ਉਨ੍ਹਾਂ ਨੇ ਕਿਹਾ, ਡਿਗਬੀ ਦੀ ਸਿਖਲਾਈ ਅਜੇ ਚੱਲ ਹੀ ਰਹੀ ਹੈ, ਇਸ ਦੇ ਬਾਵਜੂਦ ਉਸ ਦੇ ਬਿਹਤਰ ਕੰਮ ਨੂੰ ਵੇਖਦੇ ਹੋਏ, ਉਸ ਨੂੰ ਪ੍ਰਾਪਤ ਕਰ ਕੇ ਬਹੁਤ ਵਧੀਆ ਲੱਗ ਰਿਹਾ ਹੈ। ਉਹ ਇੱਕ 'ਸਟਾਰ' ਹੈ।

# ਟਰੰਪ ਦੇ ਬ੍ਰਿਟੇਨ ਦੌਰੇ 'ਤੇ ਖਰਚ ਹੋਏ ਓਬਾਮਾ ਦੀ ਯਾਤਰਾ ਤੋਂ 10 ਗੁਣਾ ਜ਼ਿਆਦਾ ਡਾਲਰ



ਵਾਸ਼ਿੰਗਟਨ — ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜੁਲਾਈ 'ਚ ਬ੍ਰਿਟੇਨ ਦੌਰੇ 'ਤੇ 18 ਮਿਲੀਅਨ ਪਾਊਂਡ (175 ਕਰੋੜ ਰੁਪਏ) ਖਰਚ ਹੋਏ, ਅਜਿਹਾ ਲੰਡਨ ਪੁਲਸ ਨੇ ਅਨੁਮਾਨ ਲਗਾਇਆ ਹੈ। ਇਹ ਰਾਸ਼ਟਰਪਤੀ ਦੇ ਰੂਪ 'ਚ ਬਰਾਕ ਓਬਾਮਾ ਦੀ 2016 'ਚ ਬ੍ਰਿਟੇਨ ਦੀ ਆਖਰੀ ਯਾਤਰਾ 'ਚ ਖਰਚ ਹੋਈ ਰਾਸ਼ੀ ਤੋਂ 10 ਗੁਣਾ ਜ਼ਿਆਦਾ ਹੈ। ਟਰੰਪ ਦੇ ਜੁਲਾਈ 'ਚ 4 ਦਿਨਾਂ ਬ੍ਰਿਟੇਨ ਦੌਰੇ 'ਚ ਲੰਡਨ ਅਤੇ ਹੋਰ ਥਾਂਵਾਂ 'ਤੇ ਸਖਤ ਵਿਰੋਧ ਹੋਇਆ।ਆਯੋਜਕਾਂ ਦਾ ਅਨੁਮਾਨ ਹੈ ਕਿ ਟਰੰਪ ਦੀ ਰੈਲੀ 'ਚ 2,50,000 ਲੋਕਾਂ ਨੇ ਹਿੱਸਾ ਲਿਆ ਸੀ। ਗਿਣਤੀ ਤੋਂ ਵੱਧ ਲੋਕਾਂ ਪੁਲਸ ਨੂੰ ਟ੍ਰਾਫਲਗਰ ਸਕੁਆਇਰ ਨੂੰ ਬੰਦ ਕਰਨਾ ਪਿਆ ਸੀ। ਟਰੰਪ ਦੇ ਦੌਰੇ ਦੌਰਾਨ ਬ੍ਰਿਟੇਨ 'ਚ ਲਗਭਗ 10,000 ਪੁਲਸ ਅਧਿਕਾਰੀ ਤੈਨਾਤ ਕੀਤੇ ਗਏ ਸਨ। ਨੈਸ਼ਨਲ ਪੁਲਸ ਚੀਫ ਕਾਊਂਸਿਲ ਦੇ ਪ੍ਰਮੁੱਖ ਥਾਰਨਟਨ ਨੇ ਆਖਿਆ ਕਿ ਟਰੰਪ ਦੌਰੇ ਦੀ ਪੂਰੀ ਲਾਗਤ ਅਜੇ ਵੀ ਨਿਰਧਾਰਤ ਕੀਤੀ ਜਾ ਰਹੀ ਹੈ ਪਰ ਸ਼ੁਰੂਆਤੀ ਅਨੁਮਾਨ ਮੁਤਾਬਕ ਇਹ ਲਗਭਗ 18 ਮਿਲੀਅਨ ਪਾਊਂਡ ਹੈ।ਮੈਟਰੋਪੋਲਿਟਨ ਪੁਲਸ ਮੁਤਾਬਕ ਬਰਾਮਕ ਓਬਾਮਾ ਦੇ 2016 ਦੌਰੇ ਦੀ ਲਾਗਤ ਸਿਰਫ 1.7 ਮਿਲੀਅਨ ਪਾਊਂਡ (2.2 ਮਿਲੀਅਨ ਡਾਲਰ) ਸੀ। ਜ਼ਿਕਰਯੋਗ ਹੈ ਕਿ ਟਰੰਪ ਨੇ ਪ੍ਰਧਾਨ ਮੰਤਰੀ ਥੈਰੇਸਾ ਮੇਅ ਅਤੇ ਵਿੰਡਸਰ ਕੈਸਲ 'ਚ ਬ੍ਰਿਟਿਸ਼ ਮਹਾਰਾਣੀ ਐਲੀਜ਼ਾਬੇਥ-2 ਨਾਲ ਮੁਲਾਕਾਤ ਕੀਤੀ। ਵਿਰੋਧ ਪ੍ਰਦਰਸ਼ਨ ਕਰਦੇ ਹੋਏ ਟਰੰਪ ਬੇਬੀ ਦਾ ਇਕ ਵਿਸ਼ਾਲ ਗੁੱਬਾਰਾ ਸੰਸਦ ਭਵਨ ਦੇ ਉਪਰ ਉਡਾਇਆ ਗਿਆ। ਸਕਾਟਲੈਂਡ 'ਚ ਪੁਲਸ ਨੇ ਇਕ ਪੈਰਾਗਲਾਈਡਰ ਪ੍ਰਦਰਸ਼ਨਕਾਰੀ ਨੂੰ ਵੀ ਗ੍ਰਿਫਤਾਰ ਕੀਤਾ ਕਿਉਂਕਿ ਟਰੰਪ ਨੇ ਟਰਨਬੇਰੀ ਪਹੁੰਚਣ ਤੋਂ ਬਾਅਦ ਇਕ ਪੈਰਾਗਲਾਈਡਰ ਨੂੰ ਟਰੰਪ ਦੇ ਰਿਸਾਰਟ ਕੋਲ ਉਡਦੇ ਦੇਖਿਆ ਗਿਆ।

# ਅਮਰੀਕਾ : ਕੋਰੀ ਸਟੀਉਵਰਟ ਨੂੰ ਪੰਜਾਬੀਆਂ ਨੇ ਦਿੱਤਾ ਪੂਰਾ ਸਮਰਥਨ



ਵਰਜੀਨੀਆ- ਪ੍ਰਵਾਸੀ ਭਾਰਤੀ ਅੱਜ-ਕੱਲ ਅਮਰੀਕੀ ਚੋਣਾਂ 'ਚ ਕਾਫੀ ਸਰਗਰਮ ਹਨ, ਉਹ ਅਜਿਹੇ ਲੋਕਾਂ ਨੂੰ ਸਪੋਰਟ ਕਰ ਰਹੇ ਹਨ ਜੋ ਭਾਈਚਾਰੇ ਦੀਆਂ ਸਮੱਸਿਆਵਾਂ ਦਾ ਹੱਲ ਕੱਢਣ ਲਈ ਜਾਗਰੂਕ ਹਨ। ਬੀਤੇ ਦਿਨ ਕੋਰੀ ਸਟੀਉਵਰਟ ਜੋ ਵਰਜੀਨੀਆ ਤੋਂ ਰੀਪਬਲਿਕਨ ਸੈਨੇਟ ਦੇ ਉਮੀਦਵਾਰ ਹਨ। ਉਨ੍ਹਾਂ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਲਈ ਸੁਰਿੰਦਰ ਸਿੰਘ ਹੰਸਰਾ ਦੀ ਅਗਵਾਈ ਵਿੱਚ ਰਣਜੀਤ ਸਿੰਘ ਦੇ ਘਰ ਵਿਖੇ ਪੰਜਾਬੀ ਭਾਈਚਾਰੇ ਦਾ ਇਕੱਠ ਕੀਤਾ ਗਿਆ। ਇੱਥੇ ਸਾਰੇ ਧਰਮਾਂ ਅਤੇ ਜਾਤੀਆਂ ਨਾਲ ਸਬੰਧਤ ਲੀਡਰਾਂ ਵਲੋਂ ਕੋਰੀ ਦਾ ਨਿੱਘਾ ਸਵਾਗਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇੱਥੇ ਕੋਰੀ ਦੇ ਕੰਮਾਂ ਨੂੰ ਸਲਾਹਿਆ ਗਿਆ। ਉਨ੍ਹਾਂ ਇੰਮੀਗ੍ਰੇਸ਼ਨ ਪਾਲਸੀ ਅਤੇ ਕਾਨੂੰਨੀ ਤਰੀਕੇ ਨਾਲ ਆਏ ਪ੍ਰਵਾਸੀਆਂ ਦਾ ਸਮਰਥਨ ਕਰਨ ਦਾ ਜ਼ਿਕਰ ਕੀਤਾ। ਉੱਥੇ ਐੱਚ-1 ਵੀਜ਼ਾ ਸਬੰਧੀ ਵੀ ਰੀਪਬਲਿਕਨਾਂ ਦੀ ਨੀਤੀ ਸਪੱਸ਼ਟ ਕੀਤੀ ਗਈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਅਮਰੀਕੀ ਪੈਟਰਨ ਅਤੇ ਸਹੂਲਤਾਂ ਦੇਣ ਸਬੰਧੀ ਵੀ ਵਕਾਲਤ ਕੀਤੀ ਜਾਵੇਗੀ।

# 100 ਸਾਲ ਪੁਰਾਣੀ ਅਮਰੀਕਾ ਦੀ ਇਹ ਰਿਟੇਲ ਕੰਪਨੀ ਹੋਈ ਦੀਵਾਲੀਆ




ਵਾਸ਼ਿੰਗਟਨ — ਅਮਰੀਕਾ 'ਚ ਕਈ ਪੀੜ੍ਹੀਆਂ ਨੂੰ ਰਿਟੇਲ ਸ਼ਾਪਿੰਗ ਦਾ ਅਨੁਭਵ ਦੇਣ ਵਾਲੀ ਪ੍ਰਮੁੱਖ ਕੰਪਨੀ ਸ਼ਿਅਰਸ ਨੇ ਦੀਵਾਲੀਆਪਨ ਪ੍ਰਕਿਰਿਆ 'ਚ ਜਾਣ ਦਾ ਫੈਸਲਾ ਕੀਤਾ ਹੈ। 1886 'ਚ ਸ਼ੁਰੂ ਹੋਈ ਇਹ ਕੰਪਨੀ ਆਨਲਾਈਨ ਰਿਟੇਲ ਕੰਪਨੀਆਂ ਦੇ ਦੌਰ 'ਚ ਮੌਜੂਦਗੀ ਬਚਾਉਣ ਦਾ ਯਤਨ ਕਰ ਰਹੀ ਹੈ। ਕੰਪਨੀ ਨੇ ਆਪਣੇ ਕਰੀਬ 150 ਡਿਪਾਰਟਮੈਂਟਲ ਸਟੋਰ ਬੰਦ ਕਰਨ ਦਾ ਐਲਾਨ ਕੀਤਾ ਹੈ। ਸ਼ੁਰੂਆਤ 'ਚ ਮੇਲ ਆਰਡਰ ਕੈਟਲਾਗ ਕੰਪਨੀ ਦੇ ਰੂਪ 'ਚ ਕੰਮ ਕਰਨ ਵਾਲੀ ਸ਼ਿਅਰਸ ਦਾ ਸਮਰਾਜ 20ਵੀਂ ਸਦੀ ਦੇ ਮੱਧ 'ਚ ਪੂਰੇ ਉੱਤਰੀ ਅਮਰੀਕਾ 'ਚ ਫੈਲ ਗਿਆ ਸੀ।ਐਮਾਜ਼ਨ ਅਤੇ ਹੋਰ ਈ-ਕਾਮਰਸ ਕੰਪਨੀਆਂ ਦੇ ਆਉਣ ਤੋਂ ਬਾਅਦ ਪਿਛਲੇ ਕਈ ਸਾਲਾ ਤੋਂ ਉਸ ਦੀ ਵਿਕਰੀ ਪ੍ਰਭਾਵਿਤ ਹੋ ਰਹੀ ਹੈ ਅਤੇ ਉਸ ਨੇ ਸਾਰੇ ਸਟੋਰ ਪਹਿਲਾਂ ਹੀ ਬੰਦ ਕਰ ਦਿੱਤੇ ਹਨ। ਸ਼ਿਅਰਸ ਹੋਲਡਿੰਗਸ ਕਾਰਪੋਰੇਸ਼ਨ ਨੇ ਇਕ ਬਿਆਨ 'ਚ ਆਖਿਆ ਕਿ ਕੰਪਨੀ ਅਤੇ ਉਸ ਦੀ ਕੁਝ ਸਬਸਿਡੀਅਰੀ ਕੰਪਨੀਆਂ ਨੇ ਬੈਂਕ੍ਰਪਸੀ ਕੋਡ ਦੇ ਚੈਪਟਰ 11 ਦੇ ਤਹਿਤ ਰਾਹਤ ਲਈ ਸਵੈ-ਇੱਛਾ ਪਟੀਸ਼ਨ ਅਮਰੀਕੀ ਬੈਂਕਿੰਗ ਅਦਾਲਤ 'ਚ ਦਾਇਰ ਕੀਤੀ ਹੈ ਅਤੇ ਇਹ ਪਟੀਸ਼ਨ ਨਿਊਯਾਰਕ ਦੇ ਸਦਰਨ ਸੂਬੇ 'ਚ ਦਾਇਰ ਕੀਤੀ ਗਈ ਹੈ।

# ਹਿੰਦੂ, ਸਿੱਖ ਤੇ ਮੁਸਲਿਮ ਭਾਈਚਾਰਾ ਲੈਰੀ ਹੋਗਨ ਦੀ ਹਮਾਇਤ 'ਚ ਨਿੱਤਰਿਆ



ਮੈਰੀਲੈਂਡ— ਬੀਤੇ ਦਿਨੀਂ ਗਵਰਨਰ ਮੈਰੀਲੈਂਡ ਲੈਰੀ ਹੋਗਨ ਦੀ ਚੋਣ ਮੁਹਿੰਮ ਨੂੰ ਲੈ ਕੇ ਵੱਖ-ਵੱਖ ਧਰਮ ਅਸਥਾਨਾਂ ਤੇ ਪੂਜਾ ਕੀਤੀ ਗਈ। ਜਿੱਥੇ ਉਨ੍ਹਾਂ ਦੀਆਂ ਕਾਰਗੁਜ਼ਾਰੀਆਂ ਨੂੰ ਸਾਂਝਾ ਕੀਤਾ ਜਾ ਰਿਹਾ ਹੈ।ਉੱਥੇ ਉਨ੍ਹਾਂ ਦੀ ਵਧੀਆ ਸਖਸ਼ੀਅਤ ਦਾ ਬੋਲਬਾਲਾ ਵੀ ਹੋ ਰਿਹਾ ਹੈ। ਡਾ. ਅਰੁਣ ਭੰਡਾਰੀ ਦੀ ਅਗਵਾਈ ਵਿਚ ਸੈਕਟਰੀ ਸਟੇਟ ਵੂਬਨ ਸਮਿੱਥ ਨੂੰ ਸਥਾਨਕ ਮੰਦਰ ਵਿਚ ਬੁਲਾਇਆ ਗਿਆ। ਜਿੱਥੇ ਸਾਰੇ ਭਾਈਚਾਰਿਆਂ ਨੇ ਸਾਂਝੇ ਤੌਰ ਤੇ ਸੈਕਟਰੀ ਸਟੇਟ ਦਾ ਸਵਾਗਤ ਕੀਤਾ। ਉੱਥੇ ਸੈਕਟਰੀ ਸਟੇਟ ਵਲੋਂ ਲੈਰੀ ਹੋਗਨ ਗਵਰਨਰ ਦੀਆਂ ਉਪਲਬਧੀਆਂ ਤੇ ਕਾਰਗੁਜ਼ਾਰੀਆਂ ਨੂੰ ਆਏ ਮਹਿਮਾਨਾਂ ਨਾਲ ਸਾਂਝਾ ਕੀਤਾ ਗਿਆ।ਲੈਰੀ ਹੋਗਨ ਗਵਰਨਰ ਮੈਰੀਲੈਂਡ ਵਲੋਂ ਮੰਦਰ ਦੀ ਪ੍ਰਬੰਧਕ ਕਮੇਟੀ ਨੂੰ ਸੈਕਟਰੀ ਸਟੇਟ ਨੇ ਸਾਈਟੇਸ਼ਨ ਭੇਂਟ ਕੀਤਾ।

# ਵਿਵਾਦਾਂ ਵਿਚ ਫਸੇ ਬਿਲ ਕਲਿੰਟਨ ਦੇ ਹੱਕ ਵਿਚ ਨਿੱਤਰੀ ਹਿਲੇਰੀ ਕਲਿੰਟਨ



ਨਿਊਯਾਰਕ - ਮੋਨਿਕਾ ਲੇਵਿੰਸਕੀ ਨਾਲ ਰਿਸ਼ਤੇ ਜਗ ਜਾਹਰ ਹੋਣ 'ਤੇ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ ਦਾ ਅਸਤੀਫਾ ਨਾ ਦੇਣ ਦਾ ਫੈਸਲਾ ਸਹੀ ਸੀ। ਅਮਰੀਕਾ ਦੀ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਅਤੇ ਬਿਲ ਕਲਿੰਟਨ ਦੀ ਪਤਨੀ ਨੇ ਪਤੀ ਦਾ ਬਚਾਅ ਕਰਦੇ ਹੋਏ ਇਕ ਇੰਟਰਵਿਊ ਦੌਰਾਨ ਇਹ ਕਿਹਾ। ਹਿਲੇਰੀ ਨੇ ਕਿਹਾ ਕਿ ਮੋਨਿਕਾ ਨਾਲ ਬਿਲ ਕਲਿੰਟਨ ਦਾ ਅਫੇਅਰ ਕਰਨਾ ਸੱਤਾ ਦਾ ਗਲਤ ਇਸਤੇਮਾਲ ਨਹੀਂ ਹੈ, ਇਸ ਲਈ ਅਸਤੀਫਾ ਨਾ ਦੇਣ ਦਾ ਫੈਸਲਾ ਸਹੀ ਸੀ।ਬਿਲ ਕਲਿੰਟਨ ਅਤੇ ਮੋਨਿਕਾ ਲੇਵਿੰਸਕੀ ਦਾ ਅਫੇਅਰ 90 ਦੇ ਦਹਾਕੇ ਵਿਚ ਕਾਫੀ ਚਰਚਾ ਵਿਚ ਰਿਹਾ ਸੀ। ਤਰ੍ਹਾਂ-ਤਰ੍ਹਾਂ ਦੇ ਸਵਾਲ ਬਿਲ ਕਲਿੰਟਨ ਦੇ ਕਰੈਕਟਰ 'ਤੇ ਚੁੱਕੇ ਗਏ ਸਨ। ਪਰ ਹਿਲੇਰੀ ਕਲਿੰਟਨ ਇਸ ਦੇ ਬਾਵਜੂਦ ਅੱਜ ਵੀ ਆਪਣੇ ਪਤੀ ਦਾ ਬਚਾਅ ਕਰਦੇ ਹੋਏ ਨਜ਼ਰ ਆਉਂਦੀ ਹੈ। ਦਰਅਸਲ ਹਾਲ ਹੀ ਵਿਚ ਸੀ.ਬੀ.ਐਸ. ਨਿਊਜ਼ ਨੂੰ ਦਿੱਤੇ ਇਕ ਇੰਟਰਵਿਊ ਵਿਚ ਹਿਲੇਰੀ ਨਾਲ ਇਸ ਤੋਂ ਸਬੰਧਿਤ ਸਵਾਲ ਪੁੱਛਿਆ ਗਿਆ ਸੀ। ਇਸ 'ਤੇ ਹਿਲੇਰੀ ਆਪਣੇ ਪਤੀ ਦੇ ਬਚਾਅ ਵਿਚ ਨਜ਼ਰ ਆਈ। ਹਾਲਾਂਕਿ ਉਨ੍ਹਾਂ ਨੇ ਬਿਲ ਕਲਿੰਟਨ ਦੇ ਅਫੇਅਰ ਨੂੰ ਲੈ ਕੇ ਕੋਈ ਰਾਏ ਨਹੀਂ ਰੱਖੀ।ਹਿਲੇਰੀ ਨਾਲ ਇੰਟਰਵਿਊ ਵਿਚ ਪੁੱਛਿਆ ਗਿਆ ਸੀ ਕਿ ਕੀ ਲਗਭਗ 20 ਸਾਲ ਪਹਿਲਾਂ 1998 ਵਿਚ ਮੋਨਿਕਾ ਲੇਵਿੰਸਕੀ ਨਾਲ ਉਨ੍ਹਾਂ ਦੇ ਰਿਸ਼ਤਿਆਂ ਦਾ ਖੁਲਾਸਾ ਹੋਣ ਤੋਂ ਬਾਅਦ ਬਿਲ ਕਲਿੰਟਨ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਚਾਹੀਦਾ ਸੀ। ਉਸ ਦੇ ਜਵਾਬ ਵਿਚ ਹਿਲੇਰੀ ਨੇ ਕਿਹਾ ਕਿ ਬਿਲਕੁਲ ਨਹੀਂ, ਉਨ੍ਹਾਂ ਦਾ ਫੈਸਲਾ ਸਹੀ ਸੀ। ਉਨ੍ਹਾਂ ਨੇ ਕਿਹਾ ਕਿ ਮੋਨਿਕਾ ਬਾਲਗ ਸੀ। ਸਾਰੇ ਆਪਣੀ ਜ਼ਿੰਦਗੀ ਵਿਚ ਕੀਤੇ ਗਏ ਫੈਸਲਿਆਂ ਲਈ ਜ਼ਿੰਮੇਵਾਰ ਹੁੰਦੇ ਹਨ।

# ਨੌਜਵਾਨ 'ਚ ਇਸ ਚੀਜ਼ ਦੇ ਵਾਧੇ ਕਾਰਨ ਟੈਂਸ਼ਨ 'ਚ ਅਮਰੀਕਾ



ਵਾਸ਼ਿੰਗਟਨ — ਅਮਰੀਕੀ ਰੱਖਿਆ ਦੇ ਮੁੱਖ ਹੈੱਡਕੁਆਰਟਰ 'ਪੈਂਟਾਗਨ' ਇਸ ਸਮੇਂ ਇਕ ਵੱਡੀ ਸਮੱਸਿਆ ਨਾਲ ਨਜਿੱਠ ਰਿਹਾ ਹੈ। ਇਹ ਸਮੱਸਿਆ ਰੂਸ ਜਾਂ ਚੀਨ ਤੋਂ ਆਉਣ ਵਾਲਾ ਖਤਰਾ ਨਹੀਂ ਬਲਕਿ ਦੇਸ਼ 'ਚ ਵੱਧਦਾ ਮੋਟਾਪਾ ਹੈ। ਰਿਟਾਇਰ ਜਨਰਲ ਅਤੇ ਐਡਮੀਰਲ ਵੱਲੋਂ ਕੀਤੇ ਗਏ ਇਕ ਅਧਿਐਨ ਮੁਤਾਬਕ ਕਰੀਬ 1 ਤਿਹਾਈ ਨੌਜਵਾਨ ਮੋਟਾਪੇ ਕਾਰਨ ਫੌਜ 'ਚ ਸ਼ਾਮਲ ਨਹੀਂ ਹੋ ਸਕਦੇ ਹਨ।ਇਸ ਅਧਿਐਨ ਤੋਂ ਬਾਅਦ ਨਿਯੁਕਤੀ ਦੀ ਚੁਣੌਤੀ ਦਾ ਸਾਹਮਣਾ ਕਰ ਰਹੀ ਫੌਜ ਦੀਆਂ ਚਿੰਤਾਵਾਂ ਵੱਧ ਸਕਦੀਆਂ ਹਨ। ਪਿਛਲੇ ਮਹੀਨੇ ਹੀ ਫੌਜ ਨੇ ਇਸ ਸਾਲ 76,500 ਲੋਕਾਂ ਨੂੰ ਫੌਜ 'ਚ ਸ਼ਾਮਲ ਕਰਨ ਦਾ ਟੀਚਾ ਪੂਰਾ ਨਾ ਪਾਉਣ ਦਾ ਐਲਾਨ ਕੀਤਾ ਸੀ। 2005 ਤੋਂ ਬਾਅਦ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਫੌਜ ਨਿਯੁਕਤੀ ਦੇ ਨਿਰਧਾਰਤ ਟੀਚੇ ਨੂੰ ਪੂਰਾ ਕਰਨ 'ਚ ਅਸਫਲ ਰਹੀ ਹੈ। 'ਕਾਊਂਸਿਲ ਫਾਰ ਏ ਸਟ੍ਰਾਂਗ ਅਮਰੀਕਾ' ਨੇ ਆਪਣੀ ਰਿਪੋਰਟ 'ਚ ਆਖਿਆ ਕਿ ਮੋਟਾਪਾ ਦੇਸ਼ ਦੀ ਸੁਰੱਖਿਆ ਲਈ ਖਤਰਾ ਬਣ ਗਿਆ ਹੈ। ਰੱਖਿਆ ਵਿਭਾਗ ਦਾ ਕਹਿਣਾ ਹੈ ਕਿ ਜਦੋਂ ਤੱਕ ਘੱਟ ਉਮਰ 'ਚ ਹੀ ਬੱਚਿਆਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਨਹੀਂ ਕੀਤਾ ਜਾਵੇਗਾ, ਉਦੋਂ ਤੱਕ ਫੌਜ 'ਚ ਨਿਯੁਕਤ ਦੀ ਸਮੱਸਿਆ ਬਣੀ ਰਹੇਗੀ। ਰੱਖਿਆ ਮੰਤਰੀ ਜਿਮ ਮੈਟਿਸ ਨੇ ਆਖਿਆ ਕਿ ਫੌਜ 'ਚ ਭਰਤੀ ਹੋਣ ਲਈ ਯੋਗ ਨੌਜਵਾਨਾਂ ਦੀ ਗਿਣਤੀ 'ਚ ਕਮੀ ਬਹੁਤ ਹੀ ਵੱਡੀ ਸਮੱਸਿਆ ਹੈ।ਮੈਟਿਸ ਨੇ ਸਕੂਲਾਂ 'ਚ ਫਿਜ਼ੀਕਲ ਐਜੂਕੇਸ਼ਨ ਨੂੰ ਵਧਾਉਣ ਲਈ ਯਤਨ ਕਰ ਰਹੇ ਰਿਟਾਇਰ ਫੌਜੀ ਅਧਿਕਾਰੀਆਂ ਦੀ ਵੀ ਤਰੀਫ ਕੀਤੀ। ਦੱਸ ਦਈਏ ਕਿ ਅਮਰੀਕੀ ਫੌਜ ਹਰ ਸਾਲ ਮੋਟਾਪੇ ਸਬੰਧਿਤ ਬੀਮਾਰੀਆਂ ਦੇ ਇਲਾਜ ਅਤੇ ਮੋਟਾਪੇ ਕਾਰਨ ਖਾਲੀ ਹੋਏ ਅਹੁਦਿਆਂ ਨੂੰ ਭਰਨ ਲਈ ਕਰੀਬ 1.5 ਅਰਬ ਡਾਲਰ ਖਰਚ ਕਰਦੀ ਹੈ।

## ਚੀਨ ਨੂੰ ਮੁਦਰਾ 'ਚ ਹੇਰ-ਫੇਰ ਕਰਨ ਵਾਲਾ ਦੇਸ਼ ਐਲਾਨਣ ਟਰੰਪ : ਅਮਰੀਕੀ ਸੈਨੇਟਰ

ਵਾਸ਼ਿੰਗਟਨ — ਮੁਦਰਾ ਨੂੰ ਲੈ ਕੇ ਚੀਨ ਵੱਲੋਂ ਚੁੱਕੇ ਜਾ ਰਹੇ ਕਦਮਾਂ 'ਤੇ ਚਿੰਤਾ ਜਤਾਉਂਦੇ ਹੋਏ ਅਮਰੀਕਾ ਦੇ ਇਕ ਉੱਚ ਸੈਨੇਟਰ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਚੀਨ ਨੂੰ 'ਮੁਦਰਾ 'ਚ ਹੇਰ-ਫੇਰ ਕਰਨ ਵਾਲਾਂ' ਦੇਸ਼ ਐਲਾਨਣ ਦੀ ਅਪੀਲ ਕੀਤੀ ਹੈ। ਅਮਰੀਕੀ ਡਾਲਰ ਖਿਲਾਫ ਚੀਨੀ ਯੂਆਨ (ਚੀਨ ਦੀ ਕਰੰਸੀ) ਦੀ ਕੀਮਤ ਨੂੰ ਲੈ ਕੇ ਚਿੰਤਾ ਜਾਹਿਰ ਕਰਦੇ ਹੋਏ ਸੈਨੇਟਰ ਟੈਮੀ ਬਾਲਡਵਿਨ ਨੇ ਟਰੰਪ ਨੂੰ ਲਿਖੀ ਚਿੱਠੀ 'ਚ ਆਖਿਆ ਕਿ ਜਦੋਂ ਤੋਂ ਕਾਰਾਂ ਨੂੰ ਲੈ ਕੇ ਉਨ੍ਹਾਂ ਦੇ ਪ੍ਰਸ਼ਾਸਨ ਨੇ ਕਦਮ ਚੁੱਕਣਾ ਸ਼ੁਰੂ ਕੀਤਾ ਹੈ ਤਾਂ ਉਦੋਂ ਤੋਂ ਚੀਨ ਦੀ ਮੁਦਰਾ ਯੂਆਨ 'ਚ 9 ਫੀਸਦੀ ਦੀ ਗਿਰਾਵਟ ਆਈ ਹੈ। ਮੁਦਰਾ 'ਚ ਹੇਰਫੇਰ ਕਰਨ ਵਾਲਿਆਂ ਦੀ ਪਛਾਣ ਦੱਸਣ ਵਾਲੀ ਰਿਪੋਰਟ ਜਾਰੀ ਹੋਣ ਤੋਂ ਪਹਿਲਾਂ ਟਰੰਪ ਨੂੰ ਲਿਖੀ ਚਿੱਠੀ 'ਚ ਬਾਲਡਵਿਨ ਨੇ ਰਾਸ਼ਟਰਪਤੀ ਨੂੰ ਉਨ੍ਹਾਂ ਦੇ ਚੋਣ ਵਾਅਦੇ ਯਾਦ ਦਿਵਾਏ ਕਿ ਉਹ ਪਹਿਲੇ ਹੀ ਦਿਨ ਚੀਨ ਨੂੰ ਮੁਦਰਾ 'ਚ ਹੇਰ-ਫੇਰ ਕਰਨ ਵਾਲਾ ਦੇਸ਼ ਕਰਾਰ ਦੇਣਗੇ।

# ਕਰਵਾਚੌਥ ਦੇ ਦੌਰਾਨ ਔਰਤਾਂ ਦਾ ਹਾਰ-ਸ਼ਿੰਗਾਰ



**ਮਹਿੰਦੀ, ਚੂੜੀਆਂ ਅਤੇ ਬਿੰਦੀ ਕਰਵਾਚੌਥ ਤਿਉਹਾਰ ਵਿਚ ਔਰਤਾਂ ਦੇ ਹਾਰ-ਸ਼ਿੰਗਾਰ ਦਾ ਅਭਿੰਨ ਅੰਗ ਹੈ ।**

ਜੇਕਰ ਤੁਹਾਡੀ ਚਮੜੀ ਨਰਮ ਹੈ ਤਾਂ ਤੁਸੀਂ ਫਾਊਾਡੇਸ਼ਨ ਨੂੰ ਛੱਡ ਸਕਦੇ ਹੋ ।ਤੁਸੀਂ ਆਪਣੀ ਚਮੜੀ ਨੂੰ ਸਾਫ਼ ਕਰਕੇ ਉਸ ‘ਤੇ ਸਨਸਕਰੀਨ ਅਤੇ ਮਾਇਸਚਰਾਈਜ਼ਰ ਦੀ ਵਰਤੋਂ ਕਰੋ। ਤੇਲੀ ਚਮੜੀ ਲਈ ਇਸਟ੍ਰੀਜੰਟ ਲੋਸ਼ਨ ਦੀ ਵਰਤੋਂ ਕਰਨ ਤੋਂ ਬਾਅਦ ਪਾਊਡਰ ਲਗਾਓ । ਤੇਲੀ ਚਮੜੀ ਲਈ ਜ਼ਿਆਦਾ ਪਾਊਡਰ ਦੀ ਵਰਤੋਂ ਨਾ ਕਰੋ ਅਤੇ ਚਿਹਰੇ ਦੇ ਤੇਲੀ ਭਾਗਾਂ ‘ਤੇ ਹੀ ਧਿਆਨ ਦਿਓ ।ਪੂਰੇ ਚਿਹਰੇ ਅਤੇ ਧੌਣ ‘ਤੇ ਹਲਕੀ ਗਿੱਲੀ ਸਪੰਜ ਨਾਲ ਪਾਊਡਰ ਦੀ ਵਰਤੋਂ ਕਰੋ ਇਸ ਨਾਲ ਚਿਹਰੇ ਦੀ ਸੁੰਦਰਤਾ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ ।

ਜੇਕਰ ਤੁਸੀਂ ਫਾਊਾਡੇਸ਼ਨ ਦੀ ਵਰਤੋਂ ਕਰਨੀ ਚਾਹੁੰਦੇ ਹੋ ਤਾਂ ਕੇਵਲ ਪਾਣੀ ਆਧਾਰਿਤ ਫਾਊਾਡੇਸ਼ਨ ਦੀ ਹੀ ਵਰਤੋਂ ਕਰੋ ਅਤੇ ਹਲਕੇ ਕਵਰੇਜ ਲਈ ਇਕ ਜਾਂ ਦੋ ਬੂੰਦਾਂ ਪਾਣੀ ਵਰਤੋਂ ਵਿਚ ਲਿਆ ਸਕਦੇ ਹੋ। ਫਾਊਾਡੇਸ਼ਨ ਜਿੱਥੋਂ ਤੱਕ ਸੰਭਵ ਹੋਵੇ, ਤੁਹਾਡੀ ਚਮੜੀ ਦੇ ਰੰਗ ਨਾਲ ਮੇਲ-ਜੋਲ ਖਾਂਦੀ ਹੋਣੀ ਚਾਹੀਦੀ ਹੈ ਅਤੇ ਉਸ ਤੋਂ ਬਾਅਦ ਪਾਊਡਰ ਦੀ ਵਰਤੋਂ ਕਰੋ। ਚਿਹਰੇ ‘ਤੇ ਕੁਦਰਤੀ ਆਭਾ ਲਈ ਚੰਗੀ ਤਰ੍ਹਾਂ ਬਲੈਂਡ ਕਰਕੇ ਗੱਲ੍ਹਾਂ ਨੂੰ ਬਲਸ਼ਰ ਨਾਲ ਚਮਕਾਓ ।

**ਅੱਖਾਂ ਦੀ ਸੁੰਦਰਤਾ ਲਈ ਆਪਣੀਆਂ ਪਲਕਾਂ ਨੂੰ ਪੈਨਸਿਲ ਜਾਂ ਕੱਜਲ ਨਾਲ ਚਮਕਾਓ।** ਅੱਖਾਂ ‘ਤੇ ਕੋਮਲ ਪ੍ਰਭਾਵ ਲਈ ਪਲਕਾਂ ‘ਤੇ ਭੂਰੀ ਜਾਂ ਸਲੇਟੀ ਆਾਈ ਸ਼ੈਡੋ ਦੀ ਵਰਤੋਂ ਕਰੋ ਅਤੇ ਇਸ ਤੋਂ ਬਾਅਦ ਮਸਕਾਰਾ ਦੀ ਵਰਤੋਂ ਕਰੋ, ਜਿਸ ਨਾਲ ਅੱਖਾਂ ‘ਤੇ ਚਮਕ ਆ ਜਾਵੇਗੀ ਅਤੇ ਮੇਕਅੱਪ ਵਿਚ ਭਾਰੀਪਨ ਦੀ ਦਿਖਾਵਟ ਵੀ ਨਹੀਂ ਹੋਵੇਗੀ । ਮਸਕਾਰਾ ਨੂੰ ਇਕ ਭਾਰੀ ਮੁਲੱਮੇ ਦੀ ਬਜਾਏ ਦੋ ਹਲਕੀਆਂ ਤਹਿਆਂ ਵਿਚ ਕਰਨਾ ਚਾਹੀਦਾ ਹੈ ) ਪਹਿਲਾ ਕੋਟ ਕਰਨ ਤੋਂ ਬਾਅਦ ਇਸ ਨੂੰ ਸੁੱਕਣ ਦਿਓ ਅਤੇ ਇਸ ਨੂੰ ਕੰਘੀ ਜਾਂ ਬੁਰਸ਼ ਕਰ ਲਓ। ਇਸ ਤੋਂ ਬਾਅਦ ਦੂਜਾ ਕੋਟ ਕਰੋ ਅਤੇ ਪਹਿਲੀ ਪ੍ਰਕਿਰਿਆ ਨੂੰ ਦੁਹਰਾਓ ।ਇਸ ਤੋਂ ਬਾਅਦ ਦੂਜਾ ਕੋਟ ਕਰੋ ਅਤੇ ਪਹਿਲੀ ਪ੍ਰਕਿਰਿਆ ਨੂੰ ਦੁਹਰਾਓ ।

ਲਿਪਸਟਿਕ ਦੀ ਸੁੰਦਰਤਾ ਲਈ ਸੰਘਣੇ, ਗੂੜ੍ਹੇ ਰੰਗਾਂ ਦੀ ਵਰਤੋਂ ਨਾ ਕਰੋ, ਕਿਉਂਕਿ ਚਮਕੀਲੀ ਰੌਸ਼ਨੀ ਵਿਚ ਇਹ ਜ਼ਿਆਦਾ ਗੂੜ੍ਹੇ ਦਿਖਾਈ ਦਿੰਦੇ ਹਨ, ਜਿਸ ਨਾਲ ਤੁਹਾਡੀ ਦਿੱਖ ‘ਤੇ ਉਲਟ ਅਸਰ ਦਿਖਾਈ ਦਿੰਦਾ ਹੈ ।

**ਸੁੰਦਰਤਾ ਨੂੰ ਚਾਰ ਚੰਦ ਲਗਾਉਣ ਲਈ ਗੁਲਾਬੀ, ਤਾਮਰਵਰਣੀ, ਕਾਂਸਯਵਰਣੀ ਰੰਗਾਂ ਦੀ ਵਰਤੋਂ ਕਰੋ ।** ਨਾਰੰਗੀ ਰੰਗ ਜਾਂ ਨਾਰੰਗੀ ਖੇਡ ਦੀ ਵਰਤੋਂ ਫ਼ੈਸ਼ਨ ਦਾ ਨਵਾਂ ਪ੍ਰਚਲਨ ਹੈ ।ਬਦਲ ਵਜੋਂ ਤੁਸੀਂ ਹਲਕੇ ਬੈਂਗਣੀ ਅਤੇ ਗੁਲਾਬੀ ਰੰਗਾਂ ਦੀ ਵਰਤੋਂ ਵੀ ਕਰ ਸਕਦੇ ਹੋ ਪਰ ਇਹ ਸਾਰੇ ਰੰਗ ਬਹੁਤ ਜ਼ਿਆਦਾ ਚਮਕੀਲੇ ਨਹੀਂ ਹੋਣੇ ਚਾਹੀਦੇ ।

ਬਿੰਦੀ ਕਰਵਾਚੌਥ ਦੇ ਹਾਰ-ਸ਼ਿੰਗਾਰ ਦਾ ਅਹਿਮ ਅੰਗ ਮੰਨੀ ਜਾਂਦੀ ਹੈ । ਆਪਣੀ ਪੋਸ਼ਾਕ ਨਾਲ ਮਿਲਦੇ-ਜੁਲਦੇ ਰੰਗ ਦੀ ਸਜਾਵਟੀ ਬਿੰਦੀ ਦੀ ਵਰਤੋਂ ਕਰੋ। ਛੋਟੇ ਚਮਕੀਲੇ ਰਤਨਾਂ ਨਾਲ ਜੜੀ ਹੋਈ ਬਿੰਦੀ ਕਾਫੀ ਆਕਰਸ਼ਕ ਲਗਦੀ ਹੈ ।ਆਪਣੇ ਹਾਰ-ਸ਼ਿੰਗਾਰ ਵਿਚ ਇਤਰ ਲਗਾਉਣਾ ਨਾ ਭੁੱਲੋ, ਕਿਉਂਕਿ ਇਹ ਸੋਨੇ ‘ਤੇ ਸੁਹਾਗੇ ਦਾ ਕੰਮ ਕਰਦਾ ਹੈ ਉਚਿਤ ਜੀਵਨਸ਼ੈਲੀ ਅਪਣਾਉਣ ਨਾਲ ਚਿਹਰੇ ‘ਤੇ ਚਮਕ ਅਤੇ ਉਤਸ਼ਾਹ ਦੀ ਝਲਕ ਮਿਲਦੀ ਹੈ ।ਪੈਦਲ ਚੱਲਣਾ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਦੋਵਾਂ ਲਈ ਬਹੁਤ ਲਾਭਦਾਇਕ ਸਾਬਤ ਹੁੰਦਾ ਹੈ।

ਮਨ ਦੀ ਸ਼ਾਂਤੀ ਅਤੇ ਤੰਦਰੁਸਤੀ ਲਈ ਲੰਬੇ-ਡੂੰਘੇ ਸਾਹ ਸਭ ਤੋਂ ਜ਼ਿਆਦਾ ਲਾਭਦਾਇਕ ਮੰਨੇ ਜਾਂਦੇ ਹਨ ।

ਕਰਵਾਚੌਥ ਦੇ ਤਿਉਹਾਰ ਵਾਲੇ ਦਿਨ ਨਵੀਆਂ ਵਹੁਟੀਆਂ ਅਤੇ ਜਵਾਨ ਕੁੜੀਆਂ ਲਾੜੀ ਵਰਗੀ ਪੁਸ਼ਾਕ ਪਹਿਨਣਾ ਪਸੰਦ ਕਰਦੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਲਾੜੀ ਵਰਗਾ ਅਹਿਸਾਸ ਪ੍ਰਦਾਨ ਹੋਣ ਦਾ ਦੁਬਾਰਾ ਮੌਕਾ ਮਿਲਦਾ ਹੈ ।ਅੱਜ ਦੇ ਦੌਰ ਵਿਚ ਪਰੰਪਰਿਕ ਲਾਲ ਰੰਗ ਦੇ ਨਾਲ-ਨਾਲ ਗੂੜ੍ਹਾ ਗੁਲਾਬੀ ਰੰਗ, ਹਲਕਾ ਗੁਲਾਬੀ ਰੰਗ, ਹਲਕਾ ਨੀਲਾ ਰੰਗ, ਫਿਰੋਜ਼ੀ ਨੀਲਾ ਰੰਗ, ਹਲਕਾ ਬੈਂਗਣੀ ਰੰਗ, ਸਟ੍ਰਾਬੇਰੀ, ਕਾਂਸੀ, ਜਾਮਣੀ ਰੰਗ ਵੀ ਕਾਫੀ ਆਕਰਸ਼ਕ ਅਤੇ ਹਰਮਨ ਪਿਆਰੇ ਮੰਨੇ ਜਾਂਦੇ ਹਨ। ਜਵਾਨ ਕੁੜੀਆਂ ਵਿਚ ਦੋ ਰੰਗਾਂ ਦਾ ਮਿਸ਼ਰਣ ਵੀ ਕਾਫੀ ਹਰਮਨ ਪਿਆਰਾ ਮੰਨਿਆ ਜਾਂਦਾ ਹੈ ।







**ਪੁਸ਼ਾਕ ਦੇ ਤੌਰ ’ਤੇ ਲਹਿੰਗਾ-**ਚੋਲੀ ਕਾਫੀ ਹਰਮਨ ਪਿਆਰੀ ਹੈ ਜਾਂ ਸੰਘਣੇ ਅਲੰਕ੍ਰਿਤ ਕੁੜਤੇ ਦੇ ਨਾਲ ਸਲਵਾਰ-ਕੁੜਤੇ ਦੀ ਵਰਤੋਂ ਵੀ ਕਰ ਸਕਦੀਆਂ ਹਨ ।ਸਾੜ੍ਹੀ ਨੂੰ ਪਰੰਪਰਿਕ ਤਰੀਕੇ ਨਾਲ ਪਹਿਨਣ ਦੀ ਬਜਾਏ ਇਸ ਤਰੀਕੇ ਨਾਲ ਪਹਿਨਣਾ ਚਾਹੀਦਾ ਹੈ ਕਿ ਸਜਾਵਟੀ ਚੋਲੀ ਅਤੇ ਗੂੜ੍ਹੇ ਆਂਚਲ ਦੀ ਖ਼ੂਬਸੂਰਤੀ ਸਾਫ ਤੌਰ ‘ਤੇ ਝਲਕਦੀ ਰਹੇ ।ਸਿਉਂਤੀ ਹੋਈ ਸਾੜ੍ਹੀ ਦਾ ਨਵਾਂ ਰੁਝਾਨ ਚੱਲ ਪਿਆ ਹੈ, ਜਿਸ ਨੂੰ ਢਕਣਾ ਨਹੀਂ ਪੈਂਦਾ ।ਕਰਵਾਚੌਥ ਵਿਚ ਵਿਆਹ ਦੀ ਤਰ੍ਹਾਂ ਅਨੇਕਾਂ ਆਕਰਸ਼ਕ ਪੁਸ਼ਾਕਾਂ ਪਹਿਨੀਆਂ ਜਾ ਸਕਦੀਆਂ ਹਨ ।ਇਸ ਤਿਉਹਾਰ ਵਿਚ ਜਰਦੋਜੀ, ਜਾਲੀ ਕ੍ਰੇਪ ਅਤੇ ਪਤਲੀ ਰੇਸ਼ਮੀ ਕੱਪੜੇ ਵਾਲੀਆਂ ਪੁਸ਼ਾਕਾਂ ਨੂੰ ਵਰਤੋਂ ਵਿਚ ਲਿਆਂਦਾ ਜਾ ਸਕਦਾ ਹੈ। ਇਸ ਤਿਉਹਾਰ ਵਿਚ ਹੀਰੇ ਸਹਿਤ ਸਫੈਦ ਜਾਂ ਰੰਗੀਨ ਰਤਨਾਂ ਨਾਲ ਜੜੇ ਗਹਿਣੇ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਪਰੰਪਰਿਕ ਪੁਸ਼ਾਕ ਵਿਚ ਗਹਿਣੇ ਵੀ ਪਰੰਪਰਾਗਤ ਆਕਰਸ਼ਕ ਦਿਖਾਈ ਦੇਣੇ ਚਾਹੀਦੇ ਹਨ ।ਪਰ ਜਦੋਂ ਆਧੁਨਿਕ ਦਿੱਖ ਹੋਵੇ ਤਾਂ ਔਰਤਾਂ ਪ੍ਰਭਾਵਸ਼ਾਲੀ ਆਧੁਨਿਕ ਗਹਿਣੇ ਵੀ ਪਹਿਨ ਸਕਦੀਆਂ ਹਨ ।ਕਰਵਾਚੌਥ ਵਿਚ ਮੁੱਖ ਤੌਰ ‘ਤੇ ਪਰੰਪਰਿਕ ਪੁਸ਼ਾਕਾਂ ਅਤੇ ਪਹਿਰਾਵਿਆਂ ਨੂੰ ਹੀ ਪਸੰਦ ਕੀਤਾ ਜਾਂਦਾ ਹੈ, ਕਿਉਂਕਿ ਇਨ੍ਹਾਂ ਦਾ ਸਬੰਧ ਵਰਤ ਅਤੇ ਪੂਜਾ ਅਰਚਨਾ ਨਾਲ ਸਿੱਧੇ ਤੌਰ ‘ਤੇ ਜੁੜਿਆ ਹੋਇਆ ਹੈ ) ਹਾਲਾਂਕਿ ਬਦਲਦੇ ਆਧੁਨਿਕ ਜ਼ਮਾਨੇ ਵਿਚ ਫਿਲਮਾਂ ਅਤੇ ਫੈਸ਼ਨ ਦਾ ਪ੍ਰਭਾਵ ਵੀ ਕੁਝ ਹੱਦ ਤੱਕ ਇਸ ਵਰਤ ’ਤੇ ਦੇਖਣ ਨੂੰ ਮਿਲ ਜਾਂਦਾ ਹੈ ।



# ਲਾਦੇਨ ਦਾ ਇੰਟਰਵਿਊ ਲੈਣ ਵਾਲਾ ਪੱਤਰਕਾਰ ਖਾਸ਼ੋਗੀ ਇਨ੍ਹਾਂ ਹਾਲਾਤ 'ਚ ਹੋਇਆ ਲਾਪਤਾ



ਜਮਾਲ ਖਾਸ਼ੋਗੀ, ਇੱਕ ਮਸ਼ਹੂਰ ਸਾਊਦੀ ਪੱਤਰਕਾਰ ਹਨ ਆਪਣੇ ਹੀ ਮੁਲਕ ਦੇ ਇਸਤੰਬੁਲ ਸਥਿਤ ਸਫਾਰਤਖਾਨੇ ਵਿੱਚ 2 ਅਕਤੂਬਰ ਨੂੰ ਵਿਆਹ ਸਬੰਧੀ ਦਸਤਾਵੇਜ਼ ਲੈਣ ਗਏ ਸਨ। ਤੁਰਕੀ ਪੁਲਿਸ ਦਾ ਕਹਿਣਾ ਹੈ ਕਿ ਉਹ ਕਦੇ ਵਾਪਸ ਨਹੀਂ ਆਏ। ਤੁਰਕੀ ਦੇ ਅਧਿਕਾਰੀਆਂ ਮੁਤਾਬਕ ਸਫਾਰਤਖਾਨੇ ਦੇ ਅੰਦਰ ਹੀ ਉਨ੍ਹਾਂ ਦਾ ਕਤਲ ਕਰ ਦਿੱਤਾ ਗਿਆ ਪਰ ਸਾਊਦੀ ਅਰਬ ਦੀ ਸਰਕਾਰ ਮੁਤਾਬਕ ਉਹ ਉੱਥੋਂ ਚਲੇ ਗਏ ਸਨ। ਕਦੇ ਸ਼ਾਹੀ ਪਰਿਵਾਰ ਦੇ ਸਲਾਹਕਾਰ ਰਹੇ ਜਮਾਲ ਸਾਊਦੀ ਸਰਕਾਰ ਤੋਂ ਦੂਰ ਹੋ ਗਏ ਅਤੇ ਦੇਸ ਤੋਂ ਬਾਹਰ ਚਲੇ ਗਏ। ਆਓ ਇੱਕ ਨਜ਼ਰ ਮਾਰਦੇ ਹਾਂ ਖਾਸ਼ੋਗੀ, ਉਨ੍ਹਾਂ ਦੇ ਕਰੀਅਰ ਅਤੇ ਉਨ੍ਹਾਂ ਘਟਨਾਵਾਂ 'ਤੇ, ਜਿਨ੍ਹਾਂ ਤੋਂ ਬਾਅਦ ਉਹ ਲਾਪਤਾ ਹੋ ਗਏ। ਮਦੀਨਾ 'ਚ 1958 ਵਿੱਚ ਪੈਦਾ ਹੋਏ ਜਮਾਲ ਖਾਸ਼ੋਗੀ ਨੇ ਅਮਰੀਕਾ ਦੀ ਇੰਡੀਆਨਾ ਸਟੇਟ ਯੂਨੀਵਰਸਿਟੀ ਤੋਂ ਬਿਜ਼ਨਸ ਐਡਮਿਨੀਸਟ੍ਰੇਸ਼ਨ ਦੀ ਪੜ੍ਹਾਈ ਕੀਤੀ। ਉਸ ਤੋਂ ਬਾਅਦ ਉਹ ਮੁੜ ਸਾਊਦੀ ਅਰਬ ਆ ਗਏ ਅਤੇ 1980ਵਿਆਂ ਵਿੱਚ ਖੇਤਰੀ ਅਖ਼ਬਾਰਾਂ ਲਈ ਅਫ਼ਗਾਨਿਸਤਾਨ ਉੱਪਰ ਸੋਵੀਅਤ ਹਮਲਿਆਂ ਦੀ ਰਿਪੋਰਟਿੰਗ ਕਰਕੇ ਆਪਣੇ ਪੱਤਰਕਾਰੀ ਜੀਵਨ ਦੀ ਸ਼ੁਰੂਆਤ ਕੀਤੀ। ਉੱਥੇ ਉਨ੍ਹਾਂ ਓਸਾਮਾ ਬਿਨ ਲਾਦੇਨ ਦੇ ਉਭਾਰ ਨੂੰ ਨੇੜਿਓਂ ਦੇਖਿਆ ਅਤੇ 1980-1990 ਦੇ ਦਹਾਕਿਆਂ ਦੌਰਾਨ ਅਲਕਾਇਦਾ ਦੇ ਆਗੂ ਓਸਾਮਾ ਬਿਨ ਲਾਦੇਨ ਦਾ ਇੰਟਰਵਿਊ ਲਿਆ।

## 'ਅਸੀਂ ਸਾਊਦੀ ਹੋਰ ਬਿਹਤਰ ਦੇ ਹੱਕਦਾਰ ਹਾਂ'



ਪੱਤਰਕਾਰ ਜਮਾਲ ਖਾਸ਼ੋਗੀ ਨੇ 2017 ਦੀਆਂ ਗਰਮੀਆਂ ਵਿੱਚ ਸਾਊਦੀ ਅਰਬ ਨੂੰ ਛੱਡ ਕੇ ਅਮਰੀਕਾ ਵੱਲ ਕੂਚ ਕੀਤਾ। ਵਾਸ਼ਿੰਗਟਨ ਪੋਸਟ ਅਖ਼ਬਾਰ ਦੇ ਆਪਣੇ ਪਲੇਠੇ ਕਾਲਮ ਵਿੱਚ, ਉਨ੍ਹਾਂ ਕਿਹਾ ਕਿ ਉਹ ਅਤੇ ਹੋਰ ਕਈ ਪੱਤਰਕਾਰਾਂ ਨੇ ਗ੍ਰਿਫ਼ਤਾਰੀ ਦੇ ਡਰੋਂ ਖ਼ੁਦ ਹੀ ਦੇਸ ਛੱਡ ਦਿੱਤਾ ਸੀ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਆਰਥਿਕ ਅਤੇ ਸਮਾਜਿਕ ਸੁਧਾਰ ਪ੍ਰੋਗਰਾਮ ਦੀ ਅਗਵਾਈ ਕਰਨ ਵਾਲੇ ਕੁੰਵਰ ਮੁਹੰਮਦ ਬਿਨ ਸਲਮਾਨ ਦੀ ਅਗਵਾਈ ਹੇਠ ਦਰਜਨ ਦੇ ਕਰੀਬ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਸਾਊਦੀ ਸਰਕਾਰ ਨੇ ਅਰਬੀ ਅਖ਼ਬਾਰ ਅਲ-ਹਯਾਤ ਦੇ ਪ੍ਰਕਾਸ਼ਕ ਉੱਪਰ ਉਨ੍ਹਾਂ ਦਾ ਕਾਲਮ ਰੱਦ ਕਰਨ ਲਈ ਦਬਾਅ ਬਣਾਇਆ। ਉਨ੍ਹਾਂ ਲਿਖਿਆ, "ਮੈਂ ਆਪਣਾ ਘਰ, ਪਰਿਵਾਰ ਅਤੇ ਨੌਕਰੀ ਛੱਡ ਦਿੱਤੀ ਹੈ ਅਤੇ ਮੈਂ ਆਪਣੀ ਆਵਾਜ਼ ਚੁੱਕ ਰਿਹਾ ਹਾਂ। ਜੇ ਮੈਂ ਅਜਿਹਾ ਨਾ ਕਰਾਂ ਤਾਂ ਇਹ ਉਨ੍ਹਾਂ ਲੋਕਾਂ ਨਾਲ ਧੋਖਾ ਹੋਵੇਗਾ ਜੋ ਜੇਹਾਂ ਵਿੱਚ ਸੜ ਰਹੇ ਹਨ।"ਮੈਂ ਉਸ ਸਮੇਂ ਗੱਲ ਕਰ ਸਕਦਾ ਹਾਂ ਜਦੋਂ ਬਹੁਤੇ ਨਹੀਂ ਕਰ ਸਕਦੇ। ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਊਦੀ ਅਰਬ ਹਮੇਸ਼ਾ ਇਸ ਤਰ੍ਹਾਂ ਨਹੀਂ ਸੀ ਜਿਵੇਂ ਉਹ ਹੁਣ ਹੈ। ਅਸੀਂ ਹੋਰ ਬਿਹਤਰ ਸਾਊਦੀ ਦੇ ਹੱਕਦਾਰ ਹਾਂ।"ਆਪਣੀ ਲਿਖਤ ਵਿੱਚ ਉਨ੍ਹਾਂ ਸਾਊਦੀ ਸਰਕਾਰ ਉੱਪਰ ਦੋਸ਼ ਲਗਾਇਆ ਕਿ ਉਹ ਅਸਲ ਕੱਟੜਪੰਥੀਆਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ ਅਤੇ ਉਨ੍ਹਾਂ ਕੁੰਵਰ ਦੀ ਤੁਲਨਾ ਰੂਸੀ ਨੇਤਾ ਵਲਾਦੀਮੀਰ ਪੁਤਿਨ ਨਾਲ ਕੀਤੀ। ਖਾਸ਼ੋਗੀ ਦਾ ਆਖ਼ਰੀ ਲੇਖ 11 ਸਤੰਬਰ ਨੂੰ ਪ੍ਰਕਾਸ਼ਿਤ ਹੋਇਆ ਸੀ, ਅਤੇ ਵਾਸ਼ਿੰਗਟਨ ਪੋਸਟ ਨੇ ਸ਼ੁੱਕਰਵਾਰ ਨੂੰ ਇੱਕ ਖਾਲ੍ਹੀ ਕਾਲਮ ਖਾਸ਼ੋਗੀ ਦੀ ਗੁਮਸ਼ੁਦਗੀ ਵੱਲ ਧਿਆਨ ਖਿੱਚਣ ਲਈ ਛਾਪਿਆ। ਆਪਣੇ ਆਖ਼ਰੀ ਕਾਲਮ ਵਿੱਚ ਉਨ੍ਹਾਂ ਯਮਨ ਵਿੱਚ ਜਾਰੀ ਤਣਾਅ ਵਿੱਚ ਸਾਊਦੀ ਦੀ ਸ਼ਮੂਲੀਅਤ ਦੀ ਆਲੋਚਨਾ ਕੀਤੀ ਸੀ। ਖਾਸ਼ੋਗੀ ਮੰਗਲਵਾਰ ਤੋਂ ਨਹੀਂ ਦੇਖੇ ਗਏ, ਜਦੋਂ ਉਹ ਆਪਣੇ ਤਲਾਕ ਦੇ ਦਸਤਾਵੇਜ਼ ਪ੍ਰਾਪਤ ਕਰਨ ਲਈ ਇਸਤੰਬੁਲ ਵਿੱਚਲੇ ਸਾਉਦੀ ਸਫਾਰਤਖਾਨੇ ਗਏ ਸਨ, ਤਾਂ ਜੋ ਉਹ ਤੁਰਕ ਮੰਗੇਤਰ ਨਾਲ ਵਿਆਹ ਕਰਾ ਸਕਣ। ਉਨ੍ਹਾਂ ਦੀ ਮੰਗੇਤਰ ਹੈਟੀਸ ਸਨਗੀਜ਼ ਨੇ ਕਿਹਾ ਕਿ ਸਫਾਰਤਖਾਨੇ ਦੇ ਬਾਹਰ ਉਸ ਨੇ 11 ਘੰਟੇ ਇੰਤਜ਼ਾਰ ਕੀਤਾ, ਪਰ ਉਹ ਨਹੀਂ ਆਏ। ਹੈਟੀਸ ਨੇ ਕਿਹਾ ਕਿ ਸਫਾਰਤਖਾਨੇ ਵਿੱਚ ਦਾਖਲ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਆਪਣਾ ਫ਼ੋਨ ਬਾਹਰ ਰੱਖ ਦਿਤਾ ਸੀ ਅਤੇ ਉਨ੍ਹਾਂ ਹੈਟੀਸ ਨੂੰ ਕਿਹਾ ਸੀ ਕਿ ਜੇ ਉਹ ਮੁੜ ਕੇ ਨਾ ਆਵੇ ਤਾਂ ਤੁਰਕੀ ਦੇ ਰਾਸ਼ਟਰਪਤੀ ਦੇ ਸਲਾਹਕਾਰ ਰੀਸਪ ਟਾਇਪ ਅਰਡੋਗਨ ਨੂੰ ਸੰਪਰਕ ਕੀਤਾ ਜਾਵੇ। ਤੁਰਕੀ ਦੇ ਅਧਿਕਾਰੀਆਂ ਮੁਤਾਬਕ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਜਮਾਲ ਨੂੰ ਸਫਾਰਤਖਾਨੇਦੇ ਅੰਦਰ ਹੀ ਮਾਰ ਦਿੱਤਾ ਗਿਆ ਪਰ ਸਾਊਦੀ ਸਰਕਾਰ ਨੇ ਇਨ੍ਹਾਂ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ ਹੈ।

## ਇੱਕ ਪ੍ਰਮੁੱਖ ਪੱਤਰਕਾਰ

ਓਸਾਮਾ ਬਿਨ ਲਾਦੇਨ ਦੀ ਇੰਟਰਵਿਊ ਤੋਂ ਬਾਅਦ ਉਨ੍ਹਾਂ ਆਪਣੇ ਖੇਤਰ ਦੀਆਂ ਕਈ ਮੁੱਖ ਘਟਨਾਵਾਂ ਦੀ ਰਿਪੋਰਟਿੰਗ ਕੀਤੀ ਜਿਨ੍ਹਾਂ ਵਿੱਚ ਕੁਵੈਤ ਦੀ ਖਾੜੀ ਜੰਗ ਵੀ ਸ਼ਾਮਿਲ ਸੀ। 1990ਵਿਆਂ ਵਿੱਚ ਖ਼ਾਗੋਸ਼ੀ ਸਾਊਦੀ ਅਰਬ ਪਰਤ ਆਏ ਅਤੇ 1999 ਵਿੱਚ ਇੱਕ ਅੰਗਰੇਜ਼ੀ ਅਖ਼ਬਾਰ ਅਰਬ ਨਿਊਜ਼ ਦੇ ਡਿਪਟੀ ਐਡੀਟਰ ਬਣੇ। 2003 ਵਿੱਚ ਜਮਾਲ ਅਲ ਵਤਨ ਅਖ਼ਬਾਰ ਦੇ ਸੰਪਾਦਕ ਬਣੇ ਪਰ ਆਪਣੇ ਕਾਰਜਕਾਲ ਦੇ ਦੋ ਮਹੀਨਿਆਂ ਵਿੱਚ ਹੀ ਸਾਊਦੀ ਸਰਕਾਰ ਖ਼ਿਲਾਫ਼ ਆਲੋਚਨਾਤਮਕ ਖ਼ਬਰਾਂ ਛਾਪਣ ਕਾਰਨ ਬਰਖ਼ਾਸਤ ਕਰ ਦਿੱਤੇ ਗਏ। ਬਰਖ਼ਾਸਤਗੀ ਤੋਂ ਬਾਅਦ ਉਹ ਲੰਡਨ ਅਤੇ ਫੇਰ ਵਾਸ਼ਿੰਗਟਨ ਚਲੇ ਗਏ, ਜਿੱਥੇ ਉਨ੍ਹਾਂ ਸਾਊਦੀ ਅਰਬ ਦੇ ਸਾਬਕਾ ਇੰਟੈਲੀਜੈਂਸ ਮੁਖੀ ਅਤੇ ਅੰਬੈਸਡਰ ਪ੍ਰਿੰਸ ਤੁਰਕੀ ਬਿਨ-ਫੈਸਲ ਦੇ ਮੀਡੀਆ ਸਲਾਹਕਾਰ ਦੇ ਰੂਪ ਵਿਚ ਸੇਵਾ ਨਿਭਾਈ। ਇਸ ਤੋਂ ਬਾਅਦ ਸਾਲ 2007 ਵਿੱਚ ਉਹ ਅਲ ਵਤਨ ਅਖ਼ਬਾਰ ਵਿੱਚ ਮੁੜ ਆ ਗਏ ਪਰ ਹੋਰ ਵਿਵਾਦਾਂ ਦੇ ਚਲਦਿਆਂ ਤਿੰਨ ਸਾਲਾਂ ਬਾਅਦ ਨੌਕਰੀ ਛੱਡ ਦਿੱਤੀ। 2011 ਵਿੱਚ ਅਰਬ ਸਪਰਿੰਗ ਅਪਰਾਇਜ਼ਿੰਗ ਤੋਂ ਬਾਅਦ, ਉਨ੍ਹਾਂ ਕਈ ਦੇਸਾਂ ਵਿੱਚ ਇਸਲਾਮਿਕ ਸਮੂਹਾਂ ਦਾ ਸਮਰਥਨ ਕੀਤਾ ਜਿਨ੍ਹਾਂ ਨੇ ਕਈ ਮੁਲਕਾਂ ਵਿੱਚ ਸ਼ਕਤੀ ਹਾਸਿਲ ਕੀਤੀ ਸੀ। 2012 ਵਿੱਚ ਜਮਾਲ ਨੂੰ ਸਾਊਦੀ ਅਰਬ ਵੱਲੋਂ ਸਮਰਥਨ ਹਾਸਿਲ ਨਿਊਜ਼ ਚੈਨਲ 'ਅਲ ਅਰਬ' ਚਲਾਉਣ ਲਈ ਚੁਣਿਆ ਗਿਆ - ਇਸ ਚੈਨਲ ਨੂੰ ਕਤਰ ਵੱਲੋਂ 'ਦਿ ਅਲ ਜਜ਼ੀਰਾ ਚੈਨਲ' ਦੇ ਮੁਕਾਬਲੇ ਖੜ੍ਹਾ ਕੀਤਾ ਗਿਆ ਸੀ। ਪਰ ਬਹਿਰੀਨ ਅਧਾਰਤ ਇਸ ਨਿਊਜ਼ ਚੈਨਲ ਵੱਲੋਂ 2015 ਵਿੱਚ ਇੱਕ ਪ੍ਰਮੁੱਖ ਬਹਿਰੀਨ ਵਿਰੋਧੀ ਧਿਰ ਦੇ ਆਗੂ ਨੂੰ ਸੰਬੋਧਨ ਲਈ ਸੱਦਣ ਕਰਕੇ 24 ਘੰਟੇ ਦੇ ਅੰਦਰ ਹੀ ਚੈਨਲ ਦਾ ਪ੍ਰਸਾਰਣ ਬੰਦ ਹੋ ਗਿਆ ਖਾਸ਼ੋਗੀ ਨੂੰ ਸਾਊਦੀ ਮਾਮਲਿਆਂ ਦੇ ਮਾਹਿਰ ਮੰਨਿਆ ਜਾਂਦਾ ਸੀ ਅਤੇ ਉਹ ਕੌਮਾਂਤਰੀ ਮੀਡੀਆ ਅਦਾਰਿਆਂ ਵਿੱਚ ਨਿਯਮਿਤ ਯੋਗਦਾਨ ਪਾ ਰਹੇ ਸਨ।

## 'ਸਿਰ.ਫ ਇੱਕ ਲੇਖਕ'

ਖਾਸ਼ੋਗੀ ਦੇ ਲਾਪਤਾ ਹੋਣ ਤੋਂ ਮਹਿਜ਼ ਤਿੰਨ ਦਿਨ ਪਹਿਲਾਂ ਹੀ, ਬੀਬੀਸੀ ਦੇ ਨਿਊਜ਼ਆਰ ਪ੍ਰੋਗਰਾਮ ਲਈ ਖਾਸ਼ੋਗੀ ਦਾ ਇੰਟਰਵਿਊ ਕੀਤਾ ਗਿਆ ਸੀ। ਇਸ ਵਿੱਚ ਉਨ੍ਹਾਂ ਆਪਣੀ ਵਤਨ ਵਾਪਸੀ ਨੂੰ ਲੈ ਕੇ ਬੇਉਮੀਦੀ ਜ਼ਾਹਰ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਜਿਨ੍ਹਾਂ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਜਾ ਰਿਹਾ ਹੈ ਉਹ ਤਾਂ ਵਿਰੋਧੀ ਵੀ ਨਹੀਂ ਹਨ ਸਗੋਂ ਇੱਕ ਆਜ਼ਾਦ ਦਿਮਾਗ ਦੇ ਮਾਲਕ ਹਨ। "ਮੈਂ ਕਦੇ ਆਪਣੇ ਆਪ ਨੂੰ ਵਿਰੋਧੀ ਨਹੀਂ ਕਿਹਾ, ਮੈਂ ਤਾਂ ਕਹਿੰਦਾ ਹਾਂ ਕਿ ਮੈਂ ਤਾਂ ਸਿਰਫ਼ ਇੱਕ ਲੇਖਕ ਹਾਂ। ਮੈਨੂੰ ਸਿਰਫ ਲਿਖਣ ਅਤੇ ਆਪਣੇ ਮਨ ਦੀ ਗੱਲ ਕਰਨ ਲਈ ਆਜ਼ਾਦ ਮਾਹੌਲ ਚਾਹੀਦਾ ਹੈ ਅਤੇ ਇਹੀ ਮੈਂ ਵਾਸ਼ਿੰਗਟਨ ਪੋਸਟ ਵਿੱਚ ਕਰਦਾ ਹਾਂ।" "ਉਹ ਮੈਨੂੰ ਆਜ਼ਾਦੀ ਨਾਲ ਲਿਖਣ ਲਈ ਇੱਕ ਮੰਚ ਦਿੰਦੇ ਹਨ ਅਤੇ ਕਾਸ਼ ਉਹੀ ਮੰਚ ਮੈਨੂੰ ਘਰ ਵਿੱਚ ਹੀ ਮਿਲ ਜਾਂਦਾ।" ਉਨ੍ਹਾਂ ਨੇ ਸੁਧਾਰਾਂ ਲਈ ਵਰਤਮਾਨ ਸਾਉਦੀ ਸਰਕਾਰ ਦੀ ਆਲੋਚਨਾ ਵੀ ਕੀਤੀ ਸੀ। "ਆ ਰਹੇ ਗੰਭੀਰ ਬਦਲਾਅ ਦੀ ਤਾਂ ਚਰਚਾ ਹੀ ਨਹੀਂ ਕੀਤੀ ਜਾ ਰਹੀ। ਕੁੰਵਰ ਹਰ ਦੋ ਹਫਤਿਆਂ ਜਾਂ ਮਹੀਨਿਆਂ ਬਾਅਦ ਕੋਈ ਕਈ ਖਰਬਾਂ ਦਾ ਪ੍ਰੋਜੈਕਟ ਦੇ ਦਿੰਦੇ ਹਨ ਜਿਸ ਨੂੰ ਸੰਸਦ ਵਿੱਚ, ਅਖ਼ਬਾਰਾਂ ਵਿਚਾਰਿਆ ਹੀ ਨਹੀਂ ਗਿਆ ਹੁੰਦਾ। ਲੋਕ ਤਾੜੀਆਂ ਮਾਰਦੇ ਹਨ ਅਤੇ ਅਸ਼-ਅਸ਼ ਕਰਦੇ ਹਨ, ਇਸ ਤਰ੍ਹਾਂ ਤਾਂ ਕੰਮ ਨਹੀਂ ਚੱਲੇਗਾ।"

# ਲਾਪਤਾ ਪੱਤਰਕਾਰ 'ਤੇ ਵੱਡੇ ਸੰਕਟ ਨਾਲ ਨਜਿੱਠਣ 'ਚ ਲੱਗੇ ਸਾਊਦੀ ਕਿੰਗ



ਰਿਆਦ — ਸਾਊਦੀ ਅਰਬ ਦੇ ਸ਼ਾਹ ਸਲਮਾਨ ਲਾਪਤਾ ਪੱਤਰਕਾਰ ਜਮਾਲ ਖਾਸ਼ੋਗੀ ਨੂੰ ਲੈ ਕੇ ਵੱਧਦੇ ਸੰਕਟ ਨੂੰ ਖਤਮ ਕਰਨ ਦੇ ਯਤਨ 'ਚ ਲੱਗ ਗਏ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਟਵੀਟ ਕਰਕੇ ਜਾਣਕਾਰੀ ਦਿੱਤੀ ਕਿ ਉਨ੍ਹਾਂ ਦੇ ਨਾਲ ਸੋਮਵਾਰ ਨੂੰ ਫੋਨ 'ਤੇ ਗੱਲਬਾਤ 'ਚ ਸ਼ਾਹ ਨੇ ਉਨ੍ਹਾਂ ਦੇ ਨਾਗਰਿਕ ਦੇ ਬਾਰੇ 'ਚ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ ਹੈ।

ਟਰੰਪ ਨੇ ਆਖਿਆ ਕਿ ਉਹ ਸੰਕਟ 'ਤੇ ਗੱਲਬਾਤ ਨੂੰ ਲੈ ਕੇ ਸ਼ਾਹ ਨੂੰ ਮਿਲਣ ਲਈ ਆਪਣੇ ਵਿਦੇਸ਼ ਮੰਤਰੀ ਮਾਇਕ ਪੋਂਪੀਓ ਨੂੰ ਜਲਦ ਭੇਜ ਰਹੇ ਹਨ। ਖਾਸ਼ੋਗੀ ਦੇ ਲਾਪਤਾ ਹੋਣ ਦੇ ਮੁੱਦੇ 'ਤੇ ਅੰਤਰਰਾਸ਼ਟਰੀ ਚਿੰਤਾਵਾਂ ਪੈਦਾ ਹੋ ਗਈਆਂ ਹਨ ਅਤੇ ਸਾਊਦੀ ਅਰਬ ਦੇ ਸ਼ਾਹ ਮੁਹੰਮਦ ਬਿਨ ਸਲਮਾਨ ਆਲੋਚਕਾਂ ਦਾ ਸ਼ਿਕਾਰ ਹੋ ਰਹੇ ਹਨ। ਖਾਸ਼ੋਗੀ ਨੂੰ ਆਖਰੀ ਵਾਰ ਉਦੋਂ ਦੇਖਿਆ ਗਿਆ ਜਦੋਂ 2 ਅਕਤੂਬਰ ਨੂੰ ਉਹ ਇਸਤਾਨਬੁਲ 'ਚ ਸਾਊਦੀ ਵਣਜ ਦੂਤਘਰ 'ਚ ਐਂਟਰ ਕਰ ਰਹੇ ਸਨ।

ਤੁਰਕੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਸ਼ਾਹ ਦੀਆਂ ਨੀਤੀਆਂ ਦੇ ਆਲੋਚਕ ਅਤੇ ਵਾਸ਼ਿੰਗਟਨ ਪੋਸਟ ਦੇ ਪੱਤਰਕਾਰ ਖਾਸ਼ੋਗੀ ਮਿਸ਼ਨ ਦੇ ਅੰਦਰ ਮਾਰੇ ਗਏ। ਦਾਅਵੇ ਇਹ ਵੀ ਹੋ ਰਹੇ ਹਨ ਕਿ ਉਨ੍ਹਾਂ ਨੂੰ ਤੱਸ਼ਦਦ ਦਿੱਤੇ ਗਏ। ਸ਼ੁਰੂਆਤੀ ਚੁੱਪੀ ਤੋਂ ਬਾਅਦ, ਰਿਆਦ ਨੇ ਆਖਿਆ ਕਿ ਖਾਸ਼ੋਗੀ ਵਣਜ ਦੂਤਘਰ ਤੋਂ ਸੁਰੱਖਿਆ ਬਾਹਰ ਆਏ ਸਨ ਅਤੇ ਇਸ ਤੋਂ ਬਾਅਦ ਉਸ ਨੇ ਇਨ੍ਹਾਂ ਦਾਅਵਿਆਂ ਨੂੰ ਆਧਾਰਹਿਨ ਦੱਸ ਕੇ ਖਾਰਿਜ ਕੀਤਾ ਕਿ ਉਨ੍ਹਾਂ ਦੀ ਹੱਤਿਆ ਲਈ ਆਦੇਸ਼ ਦਿੱਤੇ ਗਏ ਸਨ। ਇਸ ਵਿਚਾਲੇ ਸ਼ਾਹ ਨੇ ਇਸ ਬਿਆਨ 'ਤੇ ਤੁਰਕੀ ਦੇ ਰਾਸ਼ਟਰਪਤੀ ਰਿਕੇਪ ਤਾਇਪ ਐਦਰੋਗਨ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਅੰਕਾਰਾ ਨਾਲ ਮਜ਼ਬੂਤ ਸੰਬੰਧਾਂ ਨੂੰ ਦੁਹਰਾਇਆ।

# ਡੌਨਲਡ ਟਰੰਪ ਦੇ ਕਥਿਤ ਨਜ਼ਾਇਜ ਸੰਬੰਧਾਂ ਬਾਰੇ ਸੋਚਣ ਦਾ ਮੇਰੇ ਕੋਲ ਸਮਾਂ ਨਹੀਂ - ਮੇਲਾਨੀਆ



ਅਮਰੀਕਾ ਦੀ ਫਸਟ ਲੇਡੀ ਤੇ ਰਾਸ਼ਟਰਪਤੀ ਡੌਨਲਡ ਟਰੰਪ ਦੀ ਪਤਨੀ ਮੇਲਾਨੀਆ ਟਰੰਪ ਨੇ ਉਨ੍ਹਾਂ ਅਟਕਲਾਂ ਨੂੰ ਖਾਰਜ ਕਰ ਦਿੱਤਾ ਹੈ ਕਿ ਟਰੰਪ ਦੇ ਨਾਲ ਰਿਸ਼ਤੇ 'ਚ ਕੋਈ ਸਮੱਸਿਆ ਹੈ।

ਟਰੰਪ 'ਤੇ ਵਿਆਹ ਤੋਂ ਬਾਹਰੀ ਸਬੰਧਾਂ ਦੇ ਇਲਜ਼ਾਮ ਲੱਗ ਰਹੇ ਹਨ। ਇਸ 'ਤੇ ਮੇਲਾਨੀਆ ਨੇ ਕਿਹਾ ਹੈ ਕਿ ਇਹ ਉਨ੍ਹਾਂ ਦੀ ਚਿੰਤਾ ਦਾ ਵਿਸ਼ਾ ਨਹੀਂ ਹੈ ਕਿਉਂਕਿ ਉਨ੍ਹਾਂ ਕੋਲ ਇਸ ਤੋਂ ਵੀ ਜ਼ਰੂਰੀ ਚੀਜ਼ਾਂ ਕਰਨ ਲਈ ਹਨ। ਏਬੀਸੀ ਨਿਊਜ਼ ਨੂੰ ਦਿੱਤੇ ਇੰਟਰਵਿਊ ਵਿੱਚ ਟਰੰਪ ਨਾਲ ਰਿਸ਼ਤਿਆਂ ਬਾਰੇ ਮੇਲਾਨੀਆ ਨੇ ਕਿਹਾ ਕਿ ਇਹ ਅਜਿਹੀ ਗੱਲ ਹੈ, ਜਿਸ ਨੂੰ ਸੁਣ ਕੇ ਚੰਗਾ ਨਹੀਂ ਲੱਗਦਾ। ਡੌਲਨਡ ਟਰੰਪ ਅਤੇ ਉਨ੍ਹਾਂ ਵਿਚਕਾਰ ਪ੍ਰੇਮ ਹੈ ? ਇਸ ਸਵਾਲ ਦੇ ਜਵਾਬ 'ਚ ਮੇਲਾਨੀਆ ਨੇ ਕਿਹਾ, "ਹਾਂ, ਅਸੀਂ ਬਿਲਕੁੱਲ ਠੀਕ ਹਾਂ।" ਟਰੰਪ ਨੇ ਵਿਆਹ ਤੋਂ ਬਾਹਰੇ ਸਬੰਧਾਂ ਤੋਂ ਇਨਕਾਰ ਕੀਤਾ ਹੈ। ਪੋਰਨ ਸਟਾਰ ਸਟੌਰਮੀ ਡੇਨੀਅਲਜ਼ ਅਤੇ ਪਲੇਅਬੁਆਏ ਦੀ ਸਾਬਕਾ ਮਾਡਲ ਕੈਰੇਨ ਮੈਕਡਾਊਲ ਨੇ ਟਰੰਪ ਦੇ ਨਾਲ ਸੌਣ ਦਾ ਦਾਅਵਾ ਕੀਤਾ ਸੀ। ਮੇਲਾਨੀਆ ਨੇ ਕਿਹਾ ਹੈ ਕਿ ਉਹ ਆਪਣੇ ਪਤੀ ਨਾਲ ਪਿਆਰ ਕਰਦੀ ਹੈ ਅਤੇ ਉਨ੍ਹਾਂ ਦੇ ਸੰਬੰਧਾਂ ਬਾਰੇ ਮੀਡੀਆ ਵਿੱਚ ਛਪਣ ਜਾਂ ਪ੍ਰਸਾਰਿਤ ਹੋਣ ਵਾਲੀਆਂ ਚੀਜ਼ਾਂ ਹਮੇਸ਼ਾ ਸਹੀ ਨਹੀਂ ਹੁੰਦੀਆਂ ਹਨ। ਪਤੀ ਨਾਲ ਆਪਣੇ ਸੰਬੰਧਾਂ ਬਾਰੇ ਮੀਡੀਆ ਕਲਰੇਜ਼ 'ਤੇ ਕਿਹਾ, "ਇਹ ਨਾ ਤਾਂ ਮੇਰੀ ਚਿੰਤਾ ਦਾ ਮੁੱਦਾ ਹੈ ਅਤੇ ਨਾ ਹੀ ਮੈਂ ਇਨ੍ਹਾਂ ਚੀਜ਼ਾਂ 'ਤੇ ਧਿਆਨ ਦਿੰਦੀ ਹਾਂ। ਮੈਂ ਇੱਕ ਮਾਂ ਹਾਂ ਅਤੇ ਅਮਰੀਕਾ ਦੀ ਫਸਟ ਲੇਡੀ ਹਾਂ। ਮੇਰੇ ਕੋਲ ਸੋਚਣ ਅਤੇ ਕਰਨ ਲਈ ਇਸ ਤੋਂ ਕਿਤੇ ਅਹਿਮ ਚੀਜ਼ਾਂ ਹਨ। ਮੈਨੂੰ ਪਤਾ ਹੈ ਕਿ ਕੀ ਸਹੀ ਹੈ, ਕੀ ਗ਼ਲਤ ਅਤੇ ਕੀ ਸੱਚ ਨਹੀਂ ਹੈ।" ਪਿਛਲੇ ਹਫ਼ਤੇ ਤੋਂ ਮੇਲਾਨੀਆ ਪੂਰੇ ਅਫ਼ਰੀਕੀ ਦੇਸਾਂ ਦੇ ਦੌਰੇ 'ਤੇ ਹਨ ਅਤੇ ਇਸੇ ਦੌਰਾਨ ਇਹ ਇੰਟਰਵਿਊ ਰਿਕਾਰਡ ਕੀਤਾ ਗਿਆ ਹੈ। ਇੰਟਰਵਿਊ ਦਾ ਪਹਿਲਾ ਹਿੱਸਾ ਵੀਰਵਾਰ ਨੂੰ ਪ੍ਰਸਾਰਿਤ ਕੀਤਾ ਗਿਆ ਸੀ। ਮੇਲਾਨੀਆ ਨੇ ਇਸ ਇੰਟਰਵਿਊ ਵਿੱਚ ਇਹ ਵੀ ਕਿਹਾ ਹੈ ਜੋ ਔਰਤਾਂ ਜਿਨਸੀ ਸੋਸ਼ਣ ਦਾ ਇਲਜ਼ਾਮ ਲਗਾਉਂਦੀਆਂ ਹਨ, ਉਨ੍ਹਾਂ ਨੂੰ ਠੋਸ ਸਬੂਤ ਵੀ ਪੇਸ਼ ਕਰਨੇ ਚਾਹੀਦਾ ਹਨ। ਹਾਲਾਂਕਿ ਮੇਲਾਨੀਆ ਨੇ ਇਹ ਵੀ ਕਿਹਾ ਕਿ ਉਹ ਦੁਨੀਆਂ ਦੀ ਸਭ ਤੋਂ ਸਤਾਈ ਹੋਈ ਔਰਤ ਹੈ। ਕੈਰੇਨ ਮੈਕਡਾਊਲ ਨੇ ਦਾਅਵਾ ਕੀਤਾ ਹੈ ਕਿ ਉਹ 2006 ਵਿੱਚ ਟਰੰਪ ਦੇ ਨਾਲ 10 ਮਹੀਨੇ ਤੱਕ ਰਿਲੇਸ਼ਨਸ਼ਿਪ ਵਿੱਚ ਰਹੀ ਸੀ। ਉਦੋਂ ਟਰੰਪ ਅਤੇ ਮੇਲਾਨੀਆ ਦੋਵੇਂ ਪਤੀ-ਪਤਨੀ ਸਨ। ਕੈਰੇਨ ਮੈਕਡਾਊਲ ਨੇ 'ਦਿ ਨੈਸ਼ਨਲ ਐਨਕੁਆਇਰਰ' ਨਾਮ ਦੇ ਇੱਕ ਟੈਬਲਾਇਡ ਨਾਲ ਆਪਣੀ ਸਟੋਰੀ ਦੇ ਪ੍ਰਕਾਸ਼ਨ ਦਾ ਖਾਸ ਅਧਿਕਾਰ ਦੇਣ ਲਈ ਡੇਢ ਲੱਖ ਡਾਲਰ ਦਾ ਸੌਦਾ ਕੀਤਾ ਸੀ। ਹਾਲਾਂਕਿ ਇਹ ਸਟੋਰੀ ਪ੍ਰਕਾਸ਼ਿਤ ਨਹੀਂ ਹੋਈ ਪਰ ਉਸ ਨੂੰ ਲੈ ਕੇ ਕਿਸੇ ਹੋਰ ਪੇਪਰ ਨਾਲ ਉਨ੍ਹਾਂ ਦੀ ਸਹਿਮਤੀ ਬਣੀ ਸੀ। ਉਧਰ ਸਟੌਰਮੀ ਡੈਨੀਅਲਜ਼ ਨੇ ਟਰੰਪ ਨਾਲ 2006 ਵਿੱਚ ਸਰੀਰਕ ਸੰਬੰਧ ਬਣਾਉਣ ਦਾ ਦਾਅਵਾ ਕੀਤਾ। ਸਟੌਰਮੀ ਡੈਨੀਅਲਜ਼ ਨੇ ਕਿਹਾ ਕਿ 2016 ਵਿੱਚ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਇਸ ਮਾਮਲੇ 'ਤੇ ਚੁੱਪ ਰਹਿਣ ਲਈ ਟਰੰਪ 130,000 ਡਾਲਰ 'ਤੇ ਸਮਝੌਤਾ ਹੋਇਆ ਸੀ।



ਅੱਜ ਸਾਡੇ ਸਮਾਜ 'ਚ ਆ ਰਹੀਆਂ ਨਾਂਹ ਪੱਖੀ ਤਬਦੀਲੀਆਂ ਚਿੰਤਾ ਦਾ ਵਿਸ਼ਾ ਹਨ। ਨੈਤਿਕ ਮੁੱਲਾਂ ਦੇ ਅਨੁਰੂਪ ਆਚਰਣ ਹੀ ਮਨੁੱਖ ਨੂੰ ਚਰਿੱਤਰਵਾਨ ਤੇ ਸਦਾਚਾਰੀ ਬਣਾਉਂਦਾ ਹੈ। ਸਦਾਚਾਰ ਵਿਅਕਤੀ ਨੂੰ ਦੇਵਤਵ ਦੇ ਵੱਲ ਲੈ ਜਾਂਦਾ ਹੈ ਤੇ ਦੁਰਾਚਾਰ ਪਸ਼ੂ ਬਣਾ ਦਿੰਦਾ ਹੈ। ਅੱਜ ਦਾ ਵਿਅਕਤੀ ਹੰਕਾਰੀ ਹੁੰਦਾ ਜਾ ਰਿਹਾ ਹੈ, ਉਸਦਾ ਚੰਚਲ ਮਨ ਜੋ ਕਹਿੰਦਾ ਹੈ ਉਸੇ ਦੇ ਅਨੁਰੂਪ ਆਚਰਣ ਕਰਨਾ ਉਸ ਨੂੰ ਸਹੀ ਲੱਗਣ ਲੱਗਾ ਹੈ...



# ਨੈਤਿਕ ਪਤਨ ਵੱਲ ਵੱਧ ਰਿਹੈ ਮਨੁੱਖ



-ਪ੍ਰੋ. ਜਸਪ੍ਰੀਤ ਕੌਰ
ਮੋਬਾਈਲ :94178-31583

ਨੈਤਿਕ ਮੁੱਲ ਇਕ ਸਮਾਜਿਕ ਧਾਰਨਾ ਹੈ ਜਿਸ ਦਾ ਮੁਲਾਂਕਣ ਕੀਤਾ ਜਾ ਸਕਦਾ ਹੈ। ਇਹ ਕਰਤੱਵ ਦੀ ਅੰਦਰੂਨੀ ਭਾਵਨਾ ਹੈ ਤੇ ਉੱਚ ਆਚਰਣ ਦੇ ਪ੍ਰਤੀਮਾਨਾਂ ਦਾ ਸਮੂਹ ਰੂਪ ਹੈ ਜਿਸ ਦੇ ਆਧਾਰ ਤੇ ਸੱਚ-ਝੂਠ, ਚੰਗਾ-ਬੁਰਾ, ਉਚਿੱਤ-ਅਨੁਚਿੱਤ ਦਾ ਨਿਰਣਾ ਕੀਤਾ ਜਾ ਸਕਦਾ ਹੈ ਤੇ ਇਹ ਵਿਵੇਕ ਦੇ ਬਲ ਤੋਂ ਸੰਚਾਲਿਤ ਹੁੰਦਾ ਹੈ। ਸਾਡਾ ਸਮਾਜ ਜਿਹੜਾ ਨੈਤਿਕਤਾ ਕਾਰਨ, ਜੀਵਨ ਦੀਆਂ ਉੱਚੀਆਂ-ਸੁੱਚੀਆਂ, ਕਦਰਾਂ-ਕੀਮਤਾਂ ਦਾ ਧਾਰਣੀ ਸੀ, ਅੱਜ ਉਸ ਤੇ ਲੱਚਰਤਾ, ਬੇਸ਼ਰਮੀ, ਹੈਂਕੜ ਤੇ ਨਿਰਲੱਜਤਾ ਭਾਰੂ ਹੋ ਗਈ ਹੈ। ਬੇਚੈਨੀ, ਅਸੰਤੋਸ਼, ਉਪਰਾਮਤਾ, ਅਸਮਾਨਤਾ, ਅਸਮੰਜ਼ਸ, ਅਰਾਜਕਤਾ, ਆਦਰਸ਼ਹੀਨਤਾ, ਅਨਿਆਂ, ਅੱਤਿਆਚਾਰ, ਅਪਮਾਨ, ਅਸਫ਼ਲਤਾ, ਅਸਥਿਰਤਾ, ਅਨਿਸ਼ਿਚਤਤਾ, ਅੰਦੋਲਨ, ਹਿੰਸਾ...। ਇਨ੍ਹਾਂ ਸਾਰਿਆਂ ਨੇ ਸਾਡੇ ਜੀਵਨ ਨੂੰ ਘੇਰ ਰੱਖਿਆ ਹੈ। ਅਜ਼ਾਦੀ ਦੇ ਨਾਂ ਆਈ ਖੁੱਲ ਨੇ ਸਮਾਜਿਕ ਤੇ ਭਾਈਚਾਰਕ ਬੰਧਨਾਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਸਮਾਜ 'ਚ ਨੈਤਿਕ ਕਦਰਾਂ-ਕੀਮਤਾਂ ਉੱਡ-ਪੁੱਡ ਗਈਆਂ ਹਨ, ਜਿਸ ਕਾਰਣ ਸਮਾਜੀ ਰਿਸ਼ਤਿਆਂ, ਵੱਡਿਆਂ ਦੇ ਆਦਰ ਸਤਿਕਾਰ ਤੇ ਸ਼ਰਮ ਹਯਾ ਦਾ ਕਤਲ ਹੋ ਗਿਆ ਹੈ।

ਵਿਸ਼ਵ ਭਾਈਚਾਰੇ ਦੀ ਭਾਵਨਾ, ਮਾਨਵਤਾਵਾਦ, ਸਮਤਾ ਭਾਵ, ਪ੍ਰੇਮ ਤੇ ਤਿਆਗ ਜਿਹੇ ਨੈਤਿਕ ਗੁਣਾਂ ਦੀ ਅਣਹੋਂਦ 'ਚ ਵਿਸ਼ਵ ਸ਼ਾਂਤੀ, ਅੰਤਰਰਾਸ਼ਟਰੀ ਸਹਿਯੋਗ, ਮਿੱਤਰਤਾ ਆਦਿ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸਮਾਜ ਤੇ ਵਿਅਕਤੀ ਇਕ ਦੂਸਰੇ ਦੇ ਪੂਰਕ ਹੁੰਦੇ ਹਨ, ਇਕ ਦੇ ਬਿਨਾਂ ਅਸੀਂ ਦੂਸਰੇ ਦੇ ਅਸਤਿਤਵ ਦੀ ਕਲਪਨਾ ਵੀ ਨਹੀਂ ਕਰ ਸਕਦੇ। ਮਨੁੱਖ ਆਪਣੇ ਅਸਤਿਤਵ ਤੇ ਵਿਕਾਸ ਦੇ ਲਈ ਜਿਨਾਂ ਸਮਾਜ ਤੇ ਨਿਰਭਰ ਹੈ ਉਨਾਂ ਹੋਰ ਕੋਈ ਪ੍ਰਾਣੀ ਨਹੀਂ। ਪਰਿਵਾਰ ਤੇ ਸਮਾਜ ਦੇ ਅਨੁਰੂਪ ਹੀ ਇਕ ਵਿਅਕਤੀ 'ਚ ਸਮਾਜਿਕ ਗੁਣਾਂ ਤੇ ਵਿਸ਼ੇਸ਼ਤਾਵਾਂ ਦਾ ਵਿਕਾਸ ਹੁੰਦਾ ਹੈ। ਅੱਜ ਸਾਡੇ ਸਮਾਜ 'ਚ ਆ ਰਹੀਆਂ ਨਾਂਹ ਪੱਖੀ ਤਬਦੀਲੀਆਂ ਚਿੰਤਾ ਦਾ ਵਿਸ਼ਾ ਹਨ। ਨੈਤਿਕ ਮੁੱਲਾਂ ਦੇ ਅਨੁਰੂਪ ਆਚਰਣ ਹੀ ਮਨੁੱਖ ਨੂੰ ਚਰਿੱਤਰਵਾਨ ਤੇ ਸਦਾਚਾਰੀ ਬਣਾਉਂਦਾ ਹੈ। ਸਦਾਚਾਰ ਵਿਅਕਤੀ ਨੂੰ ਦੇਵਤਵ ਦੇ ਵੱਲ ਲੈ ਜਾਂਦਾ ਹੈ ਤੇ ਦੁਰਾਚਾਰ ਪਸ਼ੂ ਬਣਾ ਦਿੰਦਾ ਹੈ। ਅੱਜ ਦਾ ਵਿਅਕਤੀ ਹੰਕਾਰੀ ਹੁੰਦਾ ਜਾ ਰਿਹਾ ਹੈ ਉਸਦਾ ਚੰਚਲ ਮਨ ਜੋ ਕਹਿੰਦਾ ਹੈ ਉਸੇ ਦੇ ਅਨੁਰੂਪ ਆਚਰਣ ਕਰਨਾ ਉਸ ਨੂੰ ਸਹੀ ਲੱਗਣ ਲੱਗਾ ਹੈ।

ਅਜੋਕੇ ਸਮੇਂ 'ਚ ਬੱਚਿਆਂ ਰੂਪੀ ਗਿੱਲੀ ਮਿੱਟੀ 'ਚੋਂ ਸੋਹਣੀਆਂ ਨੇਕ ਦਿਲ ਮੂਰਤਾਂ ਬਣਾਉਣੀਆਂ ਬਹੁਤ ਔਖਾ ਕੰਮ ਬਣਦਾ ਜਾ ਰਿਹਾ ਹੈ। ਇਸ ਚੁਣੌਤੀ ਦਾ ਸਾਹਮਣਾ ਮਾਪੇ, ਅਧਿਆਪਕ ਤੇ ਸਮਾਜ ਨੂੰ ਕਰਨਾ ਪੈ ਰਿਹਾ ਹੈ। ਦੇਸ਼ ਦੀ ਸਭ ਤੋਂ ਵੱਡੀ ਸਿੱਖਿਆ ਸੰਸਥਾ ਨੇ ਨੈਤਿਕ ਮੁੱਲਾਂ ਦੀ ਇਕ ਸੂਚੀ ਤਿਆਰ ਕੀਤੀ ਹੈ ਪਰ ਅਸਲ 'ਚ ਨੈਤਿਕ ਗੁਣਾਂ ਦੀ ਇਕ ਪੂਰਨ ਸੂਚੀ ਤਿਆਰ ਨਹੀਂ ਕੀਤੀ ਜਾ ਸਕਦੀ। ਸੰਖੇਪ 'ਚ ਅਸੀਂ ਓਨਾਂ ਗੁਣਾਂ ਨੂੰ ਨੈਤਿਕ ਕਹਿ ਸਕਦੇ ਹਾਂ ਜੋ ਵਿਅਕਤੀ ਦੇ ਆਪਣੇ ਸਰਵਪੱਖੀ ਵਿਕਾਸ ਤੇ ਕਲਿਆਣ 'ਚ ਯੋਗਦਾਨ ਦੇਣ ਦੇ ਨਾਲ ਨਾਲ ਕਿਸੇ ਹੋਰ ਦੇ ਵਿਕਾਸ ਜਾਂ ਕਲਿਆਣ 'ਚ ਕਿਸੇ ਤਰ੍ਹਾਂ ਦੀ ਰੁਕਾਵਟ ਨਾ ਪੈਦਾ ਕਰਨ। ਪੁਰਾਤਨ ਸਮਿਆਂ 'ਚ ਸਿੱਖਿਆ ਦੇਣ ਦਾ ਕੰਮ ਆਚਾਰੀਆ ਕਰਿਆ ਕਰਦੇ ਸਨ, ਬੱਚੇ ਸਿੱਖਿਆ ਪ੍ਰਾਪਤੀ ਲਈ ਆਸ਼ਰਮਾਂ 'ਚ ਜਾ ਕੇ ਰਹਿੰਦੇ ਸਨ। ਬੱਚੇ ਚਾਹੇ ਰਾਜੇ ਦੇ ਹੁੰਦੇ ਜਾਂ ਰੰਕ ਦੇ, ਸਾਰੇ ਗੁਰੂ ਦੀ ਸੇਵਾ ਕਰਦੇ, ਪਾਣੀ ਭਰਦੇ, ਲੱਕੜਾਂ ਇਕੱਠੀਆਂ ਕਰਦੇ ਤੇ ਗੁਰੂ ਮਾਂ ਸਾਂਝੇ ਚੁੱਲ੍ਹੇ 'ਤੇ ਸਭ ਲਈ ਖਾਣਾ ਤਿਆਰ ਕਰਦੀ ਸੀ। ਸਿੱਖਿਆ ਦੇਣ ਦਾ ਮਕਸਦ ਵਿਦਿਆਰਥੀਆਂ 'ਚ ਮਾਨਵੀ ਕਦਰਾਂ ਕੀਮਤਾਂ ਕੁੱਟ-ਕੁੱਟ ਕੇ ਭਰਨਾ, ਨਾਲੋਂ- ਨਾਲ ਹੋਰ ਜ਼ਰੂਰੀ ਸਿੱਖਿਆਵਾਂ ਦੇਣਾ ਹੁੰਦਾ ਸੀ। ਉਦੋਂ ਗੁਰੂ ਤੇ ਚੇਲੇ ਦਾ ਰਿਸ਼ਤਾ ਪਿਆਰ ਤੇ ਕਦਰ ਭਰਿਆ ਹੋਇਆ ਕਰਦਾ ਸੀ। ਸਮੇਂ ਅਨੁਸਾਰ ਸਿੱਖਿਆ ਖੇਤਰ 'ਚ ਤਬਦੀਲੀਆਂ ਆਉਂਦੀਆਂ ਗਈਆਂ ਤੇ ਹੁਣ ਤਾਂ ਸਿੱਖਿਆ ਵਿਦਿਆਰਥੀਆਂ ਲਈ ਸਿਰਫ਼ ਸਿਲੇਬਸ ਪੜ੍ਹਨ ਤੇ ਜਮਾਤਾਂ ਪਾਸ ਕਰਨ ਤੱਕ ਹੀ ਸੀਮਤ ਰਹਿ ਗਈ ਹੈ। ਸਿੱਖਿਆ ਦਾ ਮੁੱਖ ਮੰਤਵ ਪੈਸਾ ਕਮਾਉਣਾ ਹੋ ਗਿਆ ਹੈ ਤੇ ਸਮਾਜ 'ਚੋਂ ਸੇਵਾ ਭਾਵ, ਰਿਸ਼ਤਿਆਂ ਦੀ ਕਦਰ, ਮੋਹ ਮੁਹੱਬਤ ਜਿਹੀਆਂ ਭਾਵਨਾਵਾਂ ਉੱਡ-ਪੁੱਡ ਗਈਆਂ ਹਨ।

ਅੱਜ ਵਿਅਕਤੀ ਦੀ ਮਾਨਸਿਕਤਾ 'ਚ ਪਰਿਵਰਤਨ ਸਹੀ ਦਿਸ਼ਾ ਦੇ ਵੱਲ ਘੱਟ ਤੇ ਗ਼ਲਤ ਦਿਸ਼ਾ ਦੇ ਵੱਲ ਜ਼ਿਆਦਾ ਹੋ ਰਿਹਾ ਹੈ। ਚੋਰੀ, ਡਕੈਤੀ, ਖ਼ੂਨ-ਖ਼ਰਾਬਾ, ਬਲਾਤਕਾਰ, ਛੇੜਖਾਨੀ, ਸ਼ੋਸ਼ਣ ਤੇ ਅੱਤਿਆਚਾਰ ਦੀਆਂ ਦੁਰਘਟਨਾਵਾਂ ਵੱਧਦੀਆਂ ਹੀ ਜਾ ਰਹੀਆਂ ਹਨ। ਮਨੋਵਿਗਿਆਨਕ ਫਰਾਇਡ ਨੇ ਕਿਹਾ ਹੈ ਕਿ 'ਵਿਅਕਤੀ ਦੇ ਵਿਵਹਾਰ ਦਾ ਅਧਿਕਾਂਸ਼ ਭਾਗ ਅਣਦੇਖਾ ਤੇ ਅਚੇਤਨ ਸ਼ਕਤੀਆਂ ਦੁਆਰਾ ਸੰਚਾਲਿਤ ਹੁੰਦਾ ਹੈ'। ਫਰਾਇਡ ਨੇ ਸਾਡੇ ਵਿਵਹਾਰ ਨੂੰ ਇਡ, ਈਗੋ ਤੇ ਸੁਪਰ ਈਗੋ ਨਾਮਕ ਤਿੰਨ ਭਾਗਾਂ 'ਚ ਵੰਡਿਆ ਹੈ। ਅਰਥਾਤ ਮੈਂ ਜਾਂ ਇਡ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ, ਪ੍ਰੇਰਣਾਵਾਂ, ਅਸਮਾਜੀਕਰਨ ਇੱਛਾਵਾਂ ਤੇ ਸਵਾਰਥਾਂ ਦਾ ਯੋਗ ਹੈ ਇਸ ਦੇ ਸਾਹਮਣੇ ਨੈਤਿਕ-ਅਨੈਤਿਕ, ਚੰਗੇ-ਬੁਰੇ ਦਾ ਕੋਈ ਪ੍ਰਸ਼ਨ ਨਹੀਂ ਹੁੰਦਾ। ਅਹਿਮ ਜਾਂ ਈਗੋ ਤੁਹਾਡਾ ਚੇਤਨ ਤੇ ਤਾਰਕਿਕ ਪੱਖ ਹੈ ਜੋ ਸਮਾਜਿਕ ਪ੍ਰਸਥਿਤੀਆਂ ਦੇ ਅਨੁਕੂਲ ਵਿਵਹਾਰ ਕਰਨ ਦਾ ਨਿਰਦੇਸ਼ ਦਿੰਦਾ ਹੈ ਤੇ ਇਡ ਤੇ ਨਿਯੰਤਰਣ ਕਰਦਾ ਹੈ। ਪਰਾ ਅਹਿਮ ਯਾਨੀ ਸੁਪਰ ਈਗੋ ਸਮਾਜਿਕ ਮੁੱਲਾਂ ਤੇ ਆਦਰਸ਼ਾਂ ਦਾ ਸਹਿਯੋਗ ਹੈ ਭਾਵ ਵਿਅਕਤੀ ਦੀ ਅੰਤਰ ਆਤਮਾ ਜੋ ਸਹੀ ਤੇ ਗ਼ਲਤ 'ਚ ਅੰਤਰ ਦਸ ਦੀ ਹੈ, ਜਿਸ ਦੇ ਅਨੁਸਾਰ ਚੱਲਣ ਵਾਲਾ ਮਨੁੱਖ ਕਦੇ ਵੀ ਨੈਤਿਕ ਮੁੱਲਾਂ ਦੀ ਅਣਦੇਖੀ ਨਹੀਂ ਕਰ ਸਕਦਾ।

ਪਦਾਰਥਵਾਦ ਤੇ ਨਿੱਜਵਾਦ ਕਾਰਣ ਇਕਹਿਰੇ ਪਰਿਵਾਰ ਬਣ ਗਏ ਤੇ ਮਾਂ ਬਾਪ ਦੋਵਾਂ ਦੇ ਨੌਕਰੀ ਪੇਸ਼ਾ ਹੋਣ ਕਾਰਨ, ਸਮੇਂ ਦੀ ਘਾਟ ਕਰਕੇ ਬੱਚੇ ਨੂੰ ਭਾਵਨਾਤਮਕ ਸਿੱਖਿਆ ਨਹੀਂ ਦਿੱਤੀ ਜਾਂਦੀ। ਸਿੱਟੇ ਵਜੋਂ ਉਨ੍ਹਾਂ 'ਚ ਨੈਤਿਕ ਨਿਘਾਰ ਵੱਧ ਰਿਹਾ ਹੈ। ਸਾਂਝੇ ਪਰਿਵਾਰਾਂ 'ਚ ਦਾਦਾ-ਦਾਦੀ ਜਾਂ ਨਾਨਾ-ਨਾਨੀ ਬੱਚਿਆਂ ਨੂੰ ਲੋਕ ਕਹਾਣੀਆਂ ਜਾਂ ਹੋਰ ਢੰਗਾਂ ਨਾਲ ਨੈਤਿਕ ਕਦਰਾਂ-ਕੀਮਤਾਂ ਤੇ ਚੰਗੇ ਗੁਣਾਂ ਨਾਲ ਭਰਦੇ ਸਨ। ਪੀੜ੍ਹੀ ਦਰ ਪੀੜ੍ਹੀ ਵਿਚਾਰਾਂ 'ਚ ਤਬਦੀਲੀ ਆਉਂਦੀ ਰਹਿੰਦੀ ਹੈ। ਜਿਹੜੀ ਅੱਗੇ ਵੱਧਣ ਲਈ ਤੇ ਤਰੱਕੀ ਕਰਨ ਲਈ ਜ਼ਰੂਰੀ ਵੀ ਹੈ। ਨਵੇਂ ਵਿਚਾਰਾਂ ਲਈ ਪੁਰਾਤਨ ਵਿਚਾਰ, ਚਾਨਣ ਮੁਨਾਰੇ ਬਣੇ ਰਹਿਣੇ ਚਾਹੀਦੇ ਹਨ। ਸ਼ੋਸ਼ਲ ਮੀਡੀਆ ਦੇ ਸਾਡੇ ਜੀਵਨ 'ਚ ਦਖ਼ਲ ਨੇ ਦੂਰ ਦੇ ਲੋਕਾਂ ਨੂੰ ਤਾਂ ਕੋਲ ਲਿਆ ਦਿੱਤਾ ਹੈ ਪਰ ਪਰਿਵਾਰ ਤੇ ਸਮਾਜ ਤੋਂ ਦੂਰ ਕਰ ਦਿੱਤਾ ਹੈ। ਅੱਜ ਬੱਚੇ ਇੰਟਰਨੈਟ 'ਚ ਇੰਨੇ ਜ਼ਿਆਦਾ ਗਲਤਾਨ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਦੀ ਕੋਈ ਸੁੱਧ-ਬੁੱਧ ਨਹੀਂ ਹੈ। ਉਹ ਉਮਰ ਤੋਂ ਪਹਿਲਾਂ ਹੀ ਜਵਾਨ ਹੋ ਰਹੇ ਹਨ। ਉਨ੍ਹਾਂ ਦੇ ਸੁਭਾਅ 'ਚ ਚਿੜਚਿੜਾਪਨ ਆ ਜਾਂਦਾ ਹੈ। ਇਸ ਨੂੰ ਨੈਟ ਐਡਿਕਸ਼ਨ ਕਹਿੰਦੇ ਹਨ। ਸਿੱਟੇ ਵਜੋਂ ਉਨ੍ਹਾਂ ਦੇ ਸੁਭਾਅ 'ਚੋਂ ਸਹਿਜਤਾ ਹੌਲੀ-ਹੌਲੀ ਖ਼ਤਮ ਹੋ ਜਾਂਦੀ ਹੈ। ਬੱਚਿਆਂ ਨੂੰ ਮਹਿਸੂਸ ਕਰਵਾਉਣਾ ਬਹੁਤ ਜ਼ਰੂਰੀ ਹੈ ਕਿ ਮਾਂ ਬਾਪ ਬਿਨਾਂ ਉਨ੍ਹਾਂ ਦੀ ਹੋਂਦ ਨਹੀਂ ਹੋ ਸਕਦੀ। ਇਸ ਭਾਵਨਾ ਦੀ ਕਮੀ ਕਾਰਨ ਹੀ ਸਾਡੇ ਬਜ਼ੁਰਗ ਬਹੁਗਿਣਤੀ 'ਚ ਬਿਰਧ ਆਸ਼ਰਮਾਂ 'ਚ ਰੁੱਲ ਰਹੇ ਹਨ। ਮਾਪੇ ਆਪਣੀਆਂ ਜ਼ਰੂਰਤਾਂ ਨੂੰ ਪਿਛਾਂਹ ਕਰਕੇ ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰਦੇ ਹਨ ਤੇ ਬੱਚਿਆਂ ਵੱਲੋਂ ਹੁੰਦੀ ਬੇਕਦਰੀ ਨੂੰ ਝੱਲ ਕੇ ਵੀ ਮਾਪੇ ਉਨ੍ਹਾਂ ਦਾ ਸੁੱਖ ਮੰਗਦੇ ਹਨ। ਅਗਲੀ ਗੱਲ ਹੈ ਕਿ ਧੀਆਂ ਭੈਣਾਂ ਦੀ ਕਦਰ ਕਰਨਾ। ਕੰਜਕਾਂ ਪੂਜਣ ਵਾਲੇ ਇਸ ਮੁਲਕ 'ਚ ਕੰਨਿਆ ਭਰੂਣ ਹੱਤਿਆ ਕਰਕੇ ਧੀਆਂ ਦੀ ਬੇਕਦਰੀ ਕੀਤੀ ਜਾਂਦੀ ਹੈ। ਪੈਸੇ ਦੀ ਦੌੜ ਨੇ ਸਾਡੇ ਤੋਂ ਸਾਡੀ ਜ਼ਮੀਰ ਤੇ ਅਣਖ ਖੋਹ ਲਈ ਹੈ ਤੇ ਅਸੀਂ ਪੈਸੇ ਲਈ ਹਰ ਹੱਦ ਤਕ ਗਿਰ ਜਾਣ ਲਈ ਤਿਆਰ ਹਾਂ। ਪੈਸੇ ਦੀ ਬਹੁਤਾਤ ਨੇ ਹੈਂਕੜ ਤੇ ਆਪਣੇ ਆਪ ਨੂੰ ਰੱਬ ਸਮਝਣ ਦਾ ਹੰਕਾਰੀ ਭਰਮ ਵੀ ਪੈਦਾ ਕਰ ਦਿੱਤਾ ਹੈ। ਜਿਸ ਕਾਰਣ ਮਨੁੱਖ, ਮਨੁੱਖ ਘੱਟ ਤੇ ਹੈਵਾਨ ਵਧੇਰੇ ਬਣ ਗਿਆ ਹੈ। ਮਾਪੇ ਤੇ ਅਧਿਆਪਕ ਯਤਨ ਕਰਕੇ ਬੱਚਿਆਂ ਤੇ ਵਿਦਿਆਰਥੀਆਂ 'ਚ ਉਨ੍ਹਾਂ ਦੇ ਨੈਤਿਕ ਮੁੱਲਾਂ ਨੂੰ ਉਭਾਰਨ ਤਾਂ ਕਿ ਉਹ ਕਿਸੇ ਵੀ ਮਾੜੇ ਕੰਮ ਤੋਂ ਤੌਬਾ ਕਰ ਲੈਣ। ਬੱਚਿਆਂ 'ਚ ਕਿਤਾਬਾਂ ਪੜ੍ਹਨ ਦੀ ਰੁਚੀ ਨੂੰ ਵਿਕਸਤ ਕਰਨਾ ਵੀ ਲਾਜ਼ਮੀ ਹੈ। ਕਿਤਾਬਾਂ ਤੋਂ ਜੀਵਨ ਦੀ ਸੇਧ ਲਈ ਜਾ ਸਕਦੀ ਹੈ। ਸ਼ੁਰੂ ਤੋਂ ਹੀ ਬੱਚਿਆਂ ਦਾ ਕਿਤਾਬਾਂ ਵੱਲ ਰੁਝਾਨ ਵਧਾ ਦੇਈਏ ਤਾਂ ਕਿ ਉਹ ਟੀ.ਵੀ. ਇੰਟਰਨੈਟ ਆਦਿ ਮਾਡਰਨ ਅਲਾਮਤਾਂ ਤੋਂ ਦੂਰ ਰਹਿਣ ਦੀ ਕੋਸ਼ਿਸ਼ ਕਰਨ। ਸਕੂਲ ਪਾਠਕ੍ਰਮ 'ਚ ਨੈਤਿਕ ਸਿੱਖਿਆ ਨੂੰ ਦੂਸਰੇ ਵਿਸ਼ਿਆਂ ਜਿਨਾਂ ਹੀ ਮਹੱਤਵ ਦੇਣਾ ਚਾਹੀਦਾ ਹੈ। ਸੱਚ, ਨਿਮਰਤਾ, ਦਿਆਲਤਾ, ਮਾਫ਼ੀ, ਪ੍ਰੇਮ, ਹਮਦਰਦੀ, ਆਤਮ-ਨਿਰਭਰਤਾ, ਨਿਰਭੈਤਾ, ਵੀਰਤਾ, ਆਤਮ ਤਿਆਗ ਆਦਿ ਸਦਗੁਣਾਂ ਨੂੰ ਅਪਣਾਅ ਕੇ ਹੀ ਸੱਚਾ ਸੁੱਖ, ਸੰਤੋਖ ਤੇ ਆਨੰਦ ਪ੍ਰਾਪਤ ਹੋ ਸਕਦਾ ਹੈ। ਹਰ ਵਿਅਕਤੀ ਪਹਿਲਾਂ ਖ਼ੁਦ ਨੂੰ ਸਮਾਂ ਦੇਵੇ, ਪਰਿਵਾਰ, ਦੋਸਤਾਂ, ਰਿਸ਼ਤੇਦਾਰਾਂ ਤੇ ਸਮਾਜ ਲਈ ਵੀ ਸਮਾਂ ਕੱਢੇ, ਵਿਸ਼ੇਸ਼ ਕਰਕੇ ਬੱਚਿਆਂ ਨੂੰ ਜੋ ਦੇਸ਼ ਦਾ ਭਵਿੱਖ ਹਨ, ਨੈਤਿਕ ਕਦਰਾਂ ਕੀਮਤਾਂ ਦਾ ਮਹੱਤਵ ਸਮਝਾਵੇ ਤਾਂ ਹੀ ਇੱਕ ਚੰਗੇ ਸਮਾਜ ਦਾ ਨਿਰਮਾਣ ਹੋ ਸਕੇਗਾ।•




## ਨਵਾਦਲ ਪਿੰਡ ਦੇ ਬਾਹਰ ਪਿੱਪਲ ਦਾ ਇੱਕ ਪੁਰਾਣਾ ਦਰਖਤ ਹੈ। ਪਿੰਡ ਵਾਲਿਆਂ ਦੀ ਸ਼ਰਧਾ ਹੈ ਕਿ ਉਸ ਦਰਖਤ ਤੇ ਇੱਕ ਬਾਬੇ ਦਾ ਵਾਸ ਹੈ। ਪਿੰਡ ਦੇ ਲੋਕ ਲੰਮੇ ਸਮੇਂ ਤੋਂ ਉਸ ਪਿੱਪਲ ਦੀ ਪੂਜਾ ਕਰਦੇ ਹਨ। ਜੋ ਗਲਤੀ ਇਸ ਬੱਚੀ ਤੋਂ ਹੋਈ, ਉਸ ਲਈ ਮੁਆਫ਼ੀ ਮੰਗਣਾ ਜ਼ਰੂਰੀ ਹੈ। ਤਾਂਤਰਿਕ ਦੀ ਗੱਲ ਸੁਣ ਕੇ ਰਾਜੇ ਹੈਰਾਨ ਹੋਏ, ਇਹ ਛੋਟੇ ਸਰਕਾਰ ਅਤੇ ਵੱਡੇ ਸਰਕਾਰ



# ਇਸ਼ਕ ਦੇ ਅੰਨ੍ਹੇ ਨੇ ਹੱਥੀਂ ਖ਼ਤਮ ਕੀਤਾ ਪਰਿਵਾਰ

ਸਵੇਰ ਦੇ ਕਰੀਬ 9 ਵਜੇ ਸਨ। ਰਾਜੇ ਆਪਣੀ ਪਤਨੀ ਧਰਮਵਤੀ ਦੇ ਨਾਲ ਕਮਰੇ ਵਿੱਚ ਬੈਠਿਆ ਗੱਲਾਂ ਕਰ ਰਿਹਾ ਸੀ। ਉਹਨਾਂ ਦੀ 20 ਸਾਲ ਦੀ ਲੜਕੀ ਪ੍ਰੀਤੀ ਆਪਣੀ ਭਾਬੀ ਸ਼ੀਤਲ ਦੇ ਨਾਲ ਕਿਚਨ ਵਿੱਚ ਕੰਮ ਕਰ ਰਹੀ ਸੀ। ਕੰਮ ਕਰਦੇ ਕਰਦੇ ਅਚਾਨਕ ਪ੍ਰੀਤੀ ਦੀਆਂ ਅੱਖਾਂ ਚੜ੍ਹ ਗਈਆਂ ਅਤੇ ਉਹ ਹੇਠਾਂ ਬੈਠ ਕੇ ਆਪਣਾ ਸਿਰ ਘੁੰਮਾਉਣ ਲੱਗੀ। ਇਹ ਦੇਖ ਕੇ ਸ਼ੀਤਲ ਘਬਰਾ ਗਈ। ਕੰਮ ਛੱਡ ਕੇ ਪ੍ਰੀਤੀ ਦੇ ਨੇੜੇ ਆਈ ਅਤੇ ਤਬੀਅਤ ਬਾਰੇ ਪੁੱਛਿਆ।

ਪ੍ਰੀਤੀ ਤੇਜ਼ੀ ਨਾਲ ਸਿਰ ਘੁੰਮਾਉਣ ਲੱਗੀ। ਸ਼ੀਤਲ ਨੇ ਘਬਰਾਉਂਦੇ ਹੋਏ ਆਪਣੀ ਸੱਸ ਅਤੇ ਸਹੁਰੇ ਨੂੰ ਬੁਲਾਇਆ। ਰਾਜੇ ਅਤੇ ਉਸਦੀ ਪਤਨੀ ਤੇਜ਼ੀ ਨਾਲ ਕਿਚਨ ਵਿੱਚ ਆਏ। ਉਸ ਵਕਤ ਪ੍ਰੀਤੀ ਦੇ ਵਾਲ ਖੁੱਲ੍ਹੇ ਸਨ ਅਤੇ ਉਹ ਫ਼ਰਸ਼ ਤੇ ਬੈਠੀ ਆਪਣੇ ਸਿਰ ਨੂੰ ਗੋਲ-ਮੋਲ ਘੁੰਮਾਈ ਜਾ ਰਹੀ ਸੀ। ਪ੍ਰੀਤੀ ਇੱਕ ਵਾਰ ਵੀ ਨਾ ਬਰੋਲੀ ਤਾਂ ਰਾਜੇ ਨੂੰ ਵਿਸ਼ਵਾਸ ਹੋ ਗਿਆ ਕਿ ਜ਼ਰੂਰ ਇਯ ਦੇ ਉਪਰ ਕਿਸੇ ਪ੍ਰੇਤ ਆਤਮਾ ਦਾ ਸਾਇਆ ਹੈ। ਜਾਨਣ ਲਈ ਪੁੱਛਣ ਲੱਗੇ, ਕੌਣ ਹੋ, ਮੇਰੀ ਲੜਕੀ ਨੂੰ ਕਿਉਂ ਭ੍ਰੇਸ਼ਾਨ ਕਰ ਰਹੇ ਹੋ। ਪ੍ਰੀਤੀ ਬੋਲੀ, ਮੈਂ ਪਿੱਪਲ ਵਾਲਾ ਬਾਬਾ ਹਾਂ। ਇਯ ਲੜਕੀ ਨੇ ਮੇਰੇ ਤੇ ਥੁੱਕਿਆ ਸੀ, ਇਸ ਕਰਕੇ ਇਸਨੂੰ ਸਜ਼ਾ ਮਿਲੇਗੀ। ਉਹਨਾਂ ਨੂੰ ਯਕੀਨ ਹੋ ਗਿਆ ਕਿ ਪ੍ਰੀਤੀ ਤੇ ਪ੍ਰੇਤ ਆਤਮਾ ਦਾ ਸਾਇਆ ਹੈ। ਉਦੋਂ ਹੀ ਕਿਸੇ ਨੇ ਰਾਜੇ ਨੂੰ ਸਲਾਹ ਦਿੱਤੀ ਕਿ ਉਹ ਤਾਂਤਰਿਕ ਸਲੀਮ ਨੂੰ ਬੁਲਾਵੇ। ਸਲੀਮ ਮੂਲ ਤੌਰ ਤੇ ਛੋਲਸ ਪਿੰਡ ਦਾ ਰਹਿਣ ਵਾਲਾ ਸੀ। ਉਹ ਆਸ ਪਾਸ ਦੇ ਪਿੰਡ ਵਾਲਿਆਂ ਦੇ ਲਈ ਤੰਤਰ-ਮੰਤਰ ਦਾ ਕੰਮ ਕਰਦਾ ਸੀ।ਰਾਜੇ ਸਿੰਘ ਇੱਕ ਅੰਧ ਵਿਸ਼ਵਾਸੀ ਸੀ, ਦੂਜਾ ਉਹ ਲੜਕੀ ਨੂੰ ਠੀਕ ਕਰਨਾ ਚਾਹੁੰਦਾ ਸੀ, ਇਯ ਕਰਕੇ ਉਹਨਾਂ ਨੇ ਆਪਣੇ ਬੇਟੇ ਲਲਿਤ ਨੂੰ ਤਾਂਤਰਿਕ ਸਲੀਮ ਨੂੰ ਬੁਲਾਉਣ ਭੇਜ ਦਿੱਤਾ। ਤਾਂਤਰਿਕ ਪਹੁੰਚਿਆ ਤਾਂ ਉਸ ਨੇ ਪ੍ਰੀਤੀ ਦੀ ਹਾਲਤ ਦੇਖੀ। ਇਸ ਤੋਂ ਬਾਅਦ ਉਹ ਇੱਕ ਗਿਲਾਸ ਵਿੱਚ ਪਾਣੀ ਲੈ ਕੇ ਕੁਝ ਬੋਲਿਆ ਅਤੇ ਪਾਣੀ ਪ੍ਰੀਤੀ ਦੇ ਚਿਹਰੇ ਤੇ ਛਿੱਟੇ ਮਾਰੇ। ਉਸ ਨੇ 3 ਵਾਰ ਅਜਿਹਾ ਕੀਤਾ ਤਾਂ ਪ੍ਰੀਤੀ ਸ਼ਾਂਤ ਹੋ ਗਈ। ਮਾਪਿਆਂ ਨੇ ਰਾਹਤ ਦਾ ਸਾਹ ਲਿਆ।

ਰਾਜੇ ਨੇ ਕਿਹਾ, ਹਾਂ ਜਦੋਂ ਇਹ ਝੂੰਮ ਰਹੀ ਸੀ ਤਾਂ ਇਸ ਦੇ ਮੂੰਹ ਤੋਂ ਆਵਾਜ਼ ਨਿਕਲੀ, ਪਿੱਪਲ ਵਾਲਾ ਬਾਬਾ। ਸਲੀਮ ਵੀ ਹੈਰਾਨ ਹੋਇਆ, ਜ਼ਰੂਰ ਇਸ ਤੋਂ ਕੋਈ ਗਲਤੀ ਹੋ ਗਈ ਹੈ। ਨਵਾਦਲ ਪਿੰਡ ਦੇ ਬਾਹਰ ਪਿੱਪਲ ਦਾ ਇੱਕ ਪੁਰਾਣਾ ਦਰਖਤ ਹੈ। ਪਿੰਡ ਵਾਲਿਆਂ ਦੀ ਸ਼ਰਧਾ ਹੈ ਕਿ ਉਸ ਦਰਖਤ ਤੇ ਇੱਕ ਬਾਬੇ ਦਾ ਵਾਸ ਹੈ। ਪਿੰਡ ਦੇ ਲੋਕ ਲੰਮੇ ਸਮੇਂ ਤੋਂ ਉਸ ਪਿੱਪਲ ਦੀ ਪੂਜਾ ਕਰਦੇ ਹਨ। ਜੋ ਗਲਤੀ ਇਸ ਬੱਚੀ ਤੋਂ ਹੋਈ, ਉਸ ਲਈ ਮੁਆਫ਼ੀ ਮੰਗਣਾ ਜ਼ਰੂਰੀ ਹੈ। ਤਾਂਤਰਿਕ ਦੀ ਗੱਲ ਸੁਣ ਕੇ ਰਾਜੇ ਹੈਰਾਨ ਹੋਏ, ਇਹ ਛੋਟੇ ਸਰਕਾਰ ਅਤੇ ਵੱਡੇ ਸਰਕਾਰ ਕੌਣ ਹਨ? ਦਰਅਸਲ ਉਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਵਿੱਚ ਛੋਟੇ ਸਰਕਰ ਅਤੇ ਵੱਡੇ ਸਰਕਾਰ ਦੀਆਂ ਜ਼ਿਆਰਤਾਂ ਹਨ। ਜਿਸ ਕਿਸੇ ਦੇ ਉਪਰ ਉਪਰਲੀਹਵਾ ਆਦਿ ਦਾ ਕੋਈ ਚੱਕਰ ਹੁੰਦਾ ਹੈ, ਉਥੇ ਜਾ ਕੇ ਹਾਜ਼ਰੀ ਲਗਾਈ ਜਾਂਦੀ ਹੈ।

ਪ੍ਰੀਤੀ ਰਾਜੇ ਦੀ ਜਵਾਨ ਲੜਕੀ ਸੀ, ਕੁਝ ਦਿਨਾਂ ਵਿੱਚ ਉਸਦਾ ਵਿਆਹ ਕਰਨਾ ਹੈ। ਇਸ ਕਰਕੇ ਇੱਕ ਦਿਨ ਤਹਿ ਕਰਕੇ ਉਹਨਾਂ ਨੇ ਬਦਾਯੂੰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਤਹਿ ਤਾਰੀਖ ਤੇ ਉਹ ਤਾਂਤਰਿਕ ਸਲੀਮ ਦੇ ਨਾਲ ਪ੍ਰੀਤੀ ਨੂੰ ਲੈ ਕੇ ਬਦਾਯੂੰ ਚਲਾ ਗਿਆ। ਇਹ ਕਰੀਬ 6 ਮਹੀਨੇ ਪਹਿਲਾਂ ਦੀ ਗੱਲ ਹੈ। ਇਸ ਤੋਂ ਬਾਅਦ ਉਹ ਹਰ ਮਹੀਨੇ ਪ੍ਰੀਤੀ ਨੂੰ ਬਦਾਯੂੰ ਲਿਜਾਣ ਲੱਗੇ।

ਰਾਜੇ ਦੀ ਕੁਝ ਖੇਤੀ ਦੀ ਜ਼ਮੀਨ ਸੀ, ਜੋ ਗ੍ਰੇਟਰ ਨੋਇਡਾ ਅਥਾਰਟੀ ਦੁਆਰਾ ਐਕਵਾਇਰ ਕਰ ਲਈ ਗਈ ਸੀ, ਜਿਸ ਕਾਰਨ ਉਸ ਨੂੰ ਮੁਆਵਜ਼ਾ ਵੀ ਮੋਟਾ ਮਿਲਿਆ ਸੀ। ਕੁੱਲ ਮਿਲਾ ਕੇ ਉਹਨਾਂ ਦਾ ਘਰ-ਗ੍ਰਿਹਸਥੀ ਸੁਖੀ ਸਨ।

25 ਅਗਸਤ ਨੂੰ ਰਾਜੇ ਨੇ ਪ੍ਰੀਤੀ ਨੂੰ ਬਦਾਯੂੰ ਲਿਜਾਣਾਸੀ। ਉਸ ਦਿਨ ਰਾਜੇ ਨੂੰ ਬਦਾਯੂੰ ਵਿੱਚ ਮਜਾਰ ਦੇ ਸਾਹਮਣੇ ਲੰਗਰ ਕਰਾਉਣਾ ਸੀ, ਇਯ ਕਰਕੇ ਉਸ ਦਿਨ ਮਾਰੂਤੀ ਇੱਕੋ ਕਾਰ ਵਿੱਚ ਪ੍ਰੀਤੀ ਦੇ ਨਾਲ ਮਾਪੇ, ਭਰਾ ਲਲਿਤ ਅਤੇ ਉਸ ਦੀ ਪਤਨੀ ਸ਼ੀਤਲ, ਮਾਮਾ ਰਾਜਿੰਦਰ, ਭਾਬੀ ਪ੍ਰੀਤੀ ਤੋਂ ਇਲਾਵਾ ਤਾਂਤਰਿਕ ਸਲੀਮ ਵੀ ਸੀ। ਸਾਰੇ ਚੱਲ ਪਏ। ਰਾਜੇ ਜਦੋਂ ਵੀ ਪ੍ਰੀਤੀ ਨੂੰ ਲੈ ਕੇ ਬਦਾਯੂੰ ਜਾਂਦੇ ਸਨ, ਉਸੇ ਦਿਨ ਦੇਰ ਰਾਤ ਘਰ ਵਾਪਸ ਆਉਂਦੇ ਸਨ ਪਰ ਉਸ ਦਿਨ ਉਹ ਨਹੀਂ ਮੁੜੇ, ਕਪਿਲ ਨੂੰ ਚਿੰਤਾ ਹੋਈ ਤਾਂ ਉਸ ਨੇ ਪਿਤਾ ਨੂੰ ਫ਼ੋਨ ਕੀਤਾ। ਫ਼ੋਨ ਕਵਰੇਜ਼ ਖੇਤਰ ਤੋਂ ਬਾਹਰ ਮਿਲਿਆ। ਉਸ ਨੇ ਪੜੋਸੀਆਂ ਨੂੰ ਦੱਸਿਆ ਤਾਂ ਉਹ ਸਾਰੇ ਸੋਚਣ ਲੱਗੇ ਕਿ ਸ਼ਾਇਦ ਕੱਲ੍ਹ ਤੱਕ ਆ ਜਾਣ, ਉਡੀਕ ਕਰ ਲਓ।

ਉਸੇ ਰਾਤ ਕਰੀਬ ਸਾਢੇ 3 ਵਜੇ ਕਪਿਲ ਦੇ ਮੋਬਾਇਲ ਤੇ ਉਸ ਦੇ ਵੱਡੇ ਭਰਾ ਲਲਿਤ ਦਾ ਫ਼ੋਨ ਆਇਆ। ਉਸ ਨੇ ਪੁੱਛਿਆ, ਮੰਮੀ-ਪਾਪਾ, ਪ੍ਰਤੀ ਵਗੈਰਾ ਘਰ ਪਹੁੰਚ ਗਏ?

ਨਹੀਂ ਭਾਈ, ਹੁਣ ਤੱਕ ਤਾਂ ਇੱਥੇ ਨਹੀਂ ਆਏ, ਪਰਉਹ ਸਭ ਤਾਂ ਤੁਹਾਡੇ ਹੀ ਨਾਲ ਸਨ। ਕਪਿਲ ਬੋਲਿਆ। ਹਾਂ, ਨਾਲ ਤਾਂ ਸਨ, ਪਰ ਹੁਣ ਉਹਨਾਂ ਵਿੱਚੋਂ ਇੱਥੇ ਕੋਈ ਨਹੀਂ ਅਤੇ ਨਾ ਹੀ ਗੱਡੀ ਇੱਥੇ ਆਈ ਹੈ। ਪਤਾ ਨਹੀਂ ਸਭ ਕਿੱਥੇ ਚਲੇ ਗਏ। ਲਲਿਤ ਨੇ ਕਿਹਾ।ਇ ਹਸੁਣ ਕੇ ਕਪਿਲ ਘਬਰਾ ਗਿਆ। ਉਸ ਨੇ ਰਿਸ਼ਤੇਦਾਰਾਂ ਨੂੰ ਫ਼ੋਨ ਕੀਤੇ। ਜਿਸ ਗੱਡੀ ਵਿੱਚ ਸਾਰੇ ਲੋਕ ਬਦਾਯੂੰ ਗਏ ਸਨ, ਉਹ ਕਾਰ ਲਲਿਤ ਦੇ ਭਣੋਈਏ ਬੇਦਰਾਮ ਨਾਗਰ ਦੇ ਪਿੰਡ ਦੇ ਹੀ ਰਹਿਣ ਵਾਲੇ ਓਮਪਾਲ ਦੀ ਸੀ। ਓਮਪਾਲ ਆਪਣੇ ਪਿੰਡ ਪਹੁੰਚਿਆ ਹੈ ਜਾਂ ਨਹੀਂ, ਇਹ ਜਾਨਣ ਲਈ ਲਲਿਤ ਨੇ ਆਪਣੇ ਭਣੋਈਏ ਬੇਦਰਾਮ ਨਾਗਰ ਨੂੰ ਫ਼ੋਨ ਕੀਤਾ।ਬੇਦਰਾਮ ਰਾਤ ਵਿੱਚ ਹੀ ਓਮਪ੍ਰਕਾਸ਼ ਦੇ ਘਰ ਪਹੁੰਚੇ ਤਾਂ ਪਤਾ ਲੱਗਿਆ ਕਿ ਓਮਪਾਲ ਆਪਣੇ ਘਰ ਨਹੀਂ ਪਹੁੰਚਿਆ ਹੈ। ਇਸ ਤੋਂ ਬਾਅਦ ਬੇਦਰਾਮ ਵੀ ਚਿੰਤਤ ਹੋ ਗਏ। ਉਹਨਾਂ ਨੇ ਲਲਿਤ ਨੂੰ ਕਿਹਾ ਕਿ ਉਹ ਬਦਾਯੂੰ ਵਿੱਚ ਹੀ ਰਹੇ, ਉਹ ਘਰ ਤੋਂ ਕਾਰ ਲੈ ਕੇ ਬਦਾਯੂੰ ਪਹੁੰਚ ਰਹੇ ਹਨ।

ਵੇਦਰਾਮ ਆਪਣੀ ਸਵਿਫ਼ਟ ਕਾਰ ਤੇ ਬਦਾਯੂੰ ਦੇ ਲਈ ਨਿਕਲ ਪਏ। ਉਹਨਾਂ ਨੇ ਆਪਣੇ ਨਾਲ 2 ਲੋਕਾਂ ਨੂੰ ਲਿਆ। ਜਦੋਂ ਉਹ ਨਰੌਰਾ ਸਥਿਤ ਨਹਿਰ ਦੇ ਨਜ਼ਦੀਕ ਪਹੁੰਚੇ ਤਾਂ ਨਹਿਰ ਦੇ ਪੁਲ ਤੇ ਭੀੜ ਲੱਗੀ ਸੀ ਅਤੇ ਉਥੇ ਪੁਲਿਸ ਵੀ ਮੌਜੂਦ ਸੀ। ਭੀੜ ਦੇਖ ਕੇ ਵੇਦਰਾਮ ਨੇ ਵੀ ਕਾਰ ਰੋਕੀ। ਰਸਤੇ ਵਿੱਚ ਵੇਦਰਾਮ ਨੇ ਪੁਲਿਸ ਨੂੰ ਆਪਣੇ ਰਿਸ਼ਤੇਦਾਰਾਂ ਦੇ ਗੁੰਮ ਹੋਏ ਰਿਸ਼ਤੇਦਾਰਾਂ ਬਾਰੇ ਦੱਸਿਆ। ਵੇਦਰਾਮ ਉਥੋਂ ਬਦਾਯੂੰ ਚਲਿਆ ਗਿਆ। ਲਲਿਤ ਬਦਾਯੂੰ ਵਿੱਚ ਛੋਟੇ ਸਰਕਾਰ ਦੀ ਮਜ਼ਾਰ ਦੇ ਕੋਲ ਆਪਣੇ ਭਣੋਈਏ ਦੇ ਆਉਣ ਦਾ ਇੰਤਜ਼ਾਰ ਕਰ ਰਿਹਾ ਸੀ। ਵੇਦਰਾਮ ਨਾਗਰ ਇੱਕ ਡੇਢ ਘੰਟੇ ਵਿੱਚ ਬਦਾਯੂੰ ਪਹੁੰਚ ਗਿਆ, ਉਹ ਲਲਿਤ ਨਾਲ ਗੱਲ ਕਰਨ ਵਾਲ ਸੀ ਕਿ ਉਸਦੇ ਮੋਬਾਇਲ ਤੇ ਘੰਟੀ ਵੱਜੀ। ਉਹ ਫ਼ੋਨ ਨਰੋਰਾ ਦੇ ਉਸੇ ਸਬ ਇੰਸਪੈਕਟਰ ਦਾ ਸੀ, ਜਿਸ ਨੂੰ ਵੇਦਰਾਮ ਹੁਣੇ ਹੁਣੇ ਸੂਚਨਾ ਦੇ ਕੇ ਆਇਆ ਸੀ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਜੋ ਕਾਰ ਦਾ ਨੰਬਰ ਤੁਸੀਂ ਦੱਸਿਆ ਸੀ ਉਹ ਗੱਡੀ ਨਦੀ ਵਿੱਚ ਮਿਲੀ ਹੈ ਅਤੇ ਉਸ ਵਿੱਚੋਂ 4 ਲਾਸ਼ਾਂ ਮਿਲੀਆਂ ਹਨ।

ਖਬਰ ਮਿਲਦੇ ਹੀ ਵੇਦਰਾਮ ਆਪਣੇ ਸਾਲੇ ਲਲਿਤ ਨੂੰ ਲੈ ਕੇ ਨਰੋਰਾ ਵੱਲ ਤੁਰ ਪਿਆ। ਜਦੋਂ ਉਹ ਨਰੋਰਾ ਪਹੁੰਚੇ ਤਾਂ ਨਹਿਰ ਦੇ ਕਿਨਾਰੇ 4 ਲਾਸ਼ਾਂ ਪਈਆਂ ਸਨ ਅਤੇ ਉਹਨਾਂ ਦੀ ਚੀਖ ਨਿਕਲ ਗਈ। ਉਹ ਲਾਸ਼ਾਂ ਲਲਿਤ ਦੇ ਪਿਤਾ ਰਾਜੇ, ਮਾਂ ਧਰਮਵਤੀ, ਡ੍ਰਾਈਵਰ ਓਮਪਾਲ ਅਤੇ ਪ੍ਰੀਤੀ ਦੀਆਂ ਸਨ। ਅਤੇ ਨਹਿਰ ਤੋਂ ਜੋ ਕਾਰ ਕੱਢੀ ਸੀ, ਉਹ ਓਮਪਾਲ ਦੀ ਹੀ ਸੀ। 4 ਲੋਕਾਂ ਦੀ ਲਾਸ਼ ਮਿਲਣ ਅਤੇ ਬਾਕੀ ਦੇ ਗਾਇਬ ਹੋਣ ਦੀ ਖਬਰ ਜਦੋਂ ਰਾਜੇ ਦੇ ਪਿੰਡ ਨਵਾਦਾ ਪਹੁੰਚੀ ਤਾਂ ਪੂਰੇ ਪਿੰਡ ਵਿੱਚ ਸ਼ੋਕ ਫ਼ੈਲ ਗਿਆ।

ਪਿੰਡ ਦੇ ਲੋਕ ਨਰੇਰਾ ਪਹੁੰਚਣ ਲੱਗੇ। ਪੁਲਿਸ ਨੇ ਸਾਰੀਆਂ ਲਾਸ਼ਾਂ ਬੁਲੰਦ ਸ਼ਹਿਰ ਭੇਜ ਦਿੱਤੀਆਂ। 4 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਸਨ ਅਤੇ 3 ਲੋਕ ਲਲਿਤ, ਉਸਦੀ ਪਤਨੀ ਸ਼ੀਤਲ ਅਤੇ ਉਸ ਦੇ ਮਾਮਾ ਰਾਜਿੰਦਰ ਬਦਾਯੂੰ ਵਿੱਚ ਅਰਧ ਬੇਹੋਸ਼ੀ ਦੀ ਹਾਲਤ ਵਿੱਚ ਮਿਲੇ ਸਨ। ਜਦਕਿ ਤਾਂਤਰਿਕ ਸਲੀਮ, ਰਾਜੇ ਦੀ ਬੇਟੀ ਪ੍ਰੀਤੀ ਗਾਇਬ ਸਨ। ਇਸ ਕਰਕੇ ਸ਼ੰਕਾ ਹੋ ਗਈ। ਲੋਕ ਪੁਲਿਸ ਕੋਲ ਪਹੁੰਚੇ ਅਤੇ ਇਸ ਬਾਰੇ ਸ਼ੰਕੇ ਪ੍ਰਗਟ ਕੀਤੇ।ਪੁਲਿਸ ਅਧਿਕਾਰੀ ਨੂੰ ਸੂਚਿਤ ਕੀਤਾ ਤਾਂ ਉਹਨਾਂ ਨੇ ਉਚ ਅਫ਼ਸਰਾਂ ਨੂੰ ਸੂਚਨਾ ਦਿੱਤੀ। ਮਾਮਲਾ ਸਿੱਧੇ ਤੌਰ ਤੇ ਸ਼ੱਕੀ ਸੀ। ਤੁਰੰਤ ਪਰਚਾ ਦਰਜ ਕੀਤਾ ਗਿਆ। ਲਾਪਤਾ ਲੋਕਾਂ ਦਾ ਪਤਾ ਲਗਾਉਣ ਅਤੇ ਕੇਸ ਦੇ ਖੁਲਾਸੇ ਲਈ ਪੁਲਿਸ ਅਧਿਕਾਰੀਆਂ ਨੇ ਇੱਕ ਟੀਮ ਬਣਾਈ, ਜਿਸ ਵਿੱਚ ਕਈ ਅਹਿਮ ਅਫ਼ਸਰ ਸਨ। ਸਭ ਤੋਂ ਪਹਿਲਾਂ ਰਾਜੇ ਦੇ ਮੁੰਡੇ ਲਲਿਤ ਅਤੇ ਉਸ ਦੀ ਪਤਨੀ ਤੋਂ ਪੁੱਛਗਿੱਛ ਕੀਤੀ। ਲਲਿਤ ਨੇ ਦੱਸਿਆ ਕਿ 25 ਅਗਸਤ ਦੀ ਸ਼ਾਮ ਨੂੰ ਜਦੋਂ ਉਹ ਸਭ ਛੋਟੇ ਸਰਕਾਰ ਦੀ ਮਜਾਰ ਤੇ ਚਾਦਰ ਚੜ੍ਹਾ ਕੇ ਕਾਰ ਦੇ ਨਜ਼ਦੀਕ ਪਹੁੰਚੇ ਤਾਂ ਪ੍ਰੀਤੀ ਨੇ ਸਭ ਨੂੰ ਕੋਲਡ ਡ੍ਰਿੰਕ ਪੀਣ ਲਈ ਦਿੱਤਾ। ਇਸ ਤੋਂ ਬਾਅਦ ਸਾਰੇ ਬੇਹੋਸ਼ ਹੋ ਗਏ।

ਪੁਲਿਸ ਨੇ ਹੁਣ ਇਸ ਮਾਮਲੇ ਨੂੰ ਦੂਜੇ ਤਰੀਕੇ ਨਾਲ ਦੇਖਣਾ ਆਰੰਭ ਕਰ ਦਿੱਤਾ। ਜਾਂਚ ਪ੍ਰੀਤੀ ਨੂੰ ਫ਼ੋਕਸ ਕਰਕੇ ਕੀਤੀ। ਪੁਲਿਸ ਜਾਨਣਾ ਚਾਹੁੰਦੀ ਸੀ ਕਿ ਕਿਤੇ ਪ੍ਰੀਤੀ ਦਾ ਕਿਸੇ ਲੜਕੇ ਨਾਲ ਸਬੰਧ ਤਾਂ ਨਹੀਂ। ਮੁਖਬਰਾਂ ਦੀ ਸਲਾਹ ਲਈ ਗਈ। ਪੁਲਿਸ ਨੂੰ ਪ੍ਰੀਤੀ ਤੇ ਜੋ ਸ਼ੱਕ ਸੀ, ਉਹ ਸਹੀ ਨਿਕਲਿਆ। ਜਾਣਕਾਰੀ ਮਿਲੀ ਕਿ ਪ੍ਰੀਤੀ ਦਾ ਪਿੰਡ ਵਿੱਚ ਹੀ ਕਾਰ ਗੈਰਾਜ ਚਲਾਉਣ ਵਾਲੇ ਮੁਗੀਸ ਉਰਫ਼ ਸ਼ਾਨੂੰ ਨਾਲ ਚੱਕਰ ਸੀ। 25 ਅਗਸਤ ਤੋਂ ਉਸ ਦੀ ਗੈਰਾਜ ਬੰਦ ਸੀ। ਇਸ ਕਰਕੇ ਪੁਲਿਸ ਦਾ ਸ਼ੰਕਾ ਵੱਧ ਗਿਆ। ਪ੍ਰੀਤੀ ਅਤੇ ਮੁਗੀਸ ਦੇ ਫ਼ੋਨ ਨੰਬਰ ਪੁਲਿਸ ਨੇ ਸਰਵਿਲਾਂਸ ਤੇ ਲਗਾ ਦਿੱਤੇ। ਮੁਗੀਸ ਮੇਰਠ ਦੇ ਪਿੰਡ ਕਿਲੌਰ ਦਾ ਰਹਿਣ ਵਾਲਾ ਸੀ। ਸੁਧੀਰ ਕੁਮਾਰ ਤਿਆਗੀ ਦੀ ਅਗਵਾਈ ਵਿੱਚ ਇੱਕ ਪੁਲਿਸ ਟੀਮ ਉਸ ਦੇ ਪਿੰਡ ਕਿਠੌਰ ਪਹੁੰਚੀ। ਉਹ ਤਾਂ ਘਰੇ ਨਹੀਂ ਸੀ ਪਰ ਉਸਦੀ ਪਤਨੀ ਅਤੇ ਪਰਿਵਾਰ ਦੇ ਹੋਰ ਲੋਕ ਮਿਲ ਗਏ। ਉਹਨਾਂ ਤੋਂ ਪੁੱਛਿਆ ਤਾਂ ਉਹਨਾਂ ਕਿਹਾ ਕਿ ਉਹ ਨਹੀਂ ਜਾਣਦੇ ਕਿ ਉਹ ਕਿੱਥੇ ਗਿਆ। ਇਸੇ ਵਿੱਚਕਾਰ ਮੁਖਬਰ ਤੋਂ ਸੂਚਨਾ ਮਿਲੀ ਕਿ ਉਹ ਦੋਵੇਂ ਵਿਆਹ ਕਰਨ ਦੇ ਚੱਕਰ ਵਿੱਚ ਇਲਾਹਾਬਾਦ ਹਾਈਕੋਰਟ ਗਏ ਹਨ ਅਤੇ 2 ਸਤੰਬਰ 2016 ਨੂੰ ਉਹ ਸੰਗਮ ਐਕਸਪ੍ਰੈਸ ਤੇ ਇਲਾਹਾਬਾਦ ਤੋਂ ਆ ਰਹੇ ਹਨ। ਇੱਥੇ ਇਹਨਾਂ ਦੋਵਾਂ ਨੂੰ ਪਕੜ ਲਿਆ ਗਿਆ। 20 ਸਾਲਾ ਪ੍ਰੀਤੀ ਗ੍ਰੇਟਰ ਨੋਇਡਾ ਦੇ ਪਿੰਡ ਨਵਾਦਾ ਦੇ ਰਹਿਣ ਵਾਲੇ ਰਾਜੇ ਦੀ ਦੂਜੀ ਲੜਕੀ ਸੀ। 10+2 ਪਾਸ ਪ੍ਰੀਤੀ ਹੁਣ ਘਰੇ ਹੀ ਵਿਹਲੀ ਸੀ। ਇਸੇ ਪਿੰਡ ਦੇ ਮੁੱਖ ਗੇਟ ਦੇ ਕੋਲ ਮੁਗੀਸ ਉਰਫ਼ ਸ਼ਾਨੂੰ ਦੀ ਕਾਰ ਗੈਰਾਜ ਸੀ।ਮੁਗੀਸ ਵੈਸੇ ਤਾਂ ਮੇਰਠ ਦੇ ਕਿਠੌਰੀ ਪਿੰਡ ਦਾ ਰਹਿਣ ਵਾਲਾ ਸੀ ਅਤੇ 2 ਬੱਚਿਆਂ ਦਾ ਪਿਓ ਸੀ। ਉਹ ਗ੍ਰੇਟਰ ਨੋਇਡਾ ਵਿੱਚ 5-6 ਸਾਲਾਂ ਤੋਂ ਕਾਰ ਗੈਰਾਜ ਚਲਾ ਰਿਹਾ ਸੀ। ਪ੍ਰੀਤੀ ਦੇ ਮਾਪੇ ਉਸ ਤੇ ਵਿਸ਼ਵਾਸ ਕਰਦੇ ਸਨ, ਇਸ ਕਰਕੇ ਦੋਵਾਂ ਵਿੱਚਕਾਰ ਨੇੜਤਾ ਬਣੀ ਅਤੇ ਉਹ ਘਰ ਆਉਣ ਲੱਗਿਆ। ਜਦੋਂ ਘਰ ਦੇ ਸਾਰੇ ਲੋਕ ਸੌਂ ਜਾਂਦੇ ਸਨ ਤਾਂ ਪ੍ਰੀਤੀ ਆਪਣੇ ਪ੍ਰੇਮੀ ਮੁਗੀਸ ਨਾਲ ਫ਼ੋਨ ਤੇ ਗੱਲਾਂ ਕਰਦੀ ਸੀ। ਇਸ ਤਰ੍ਹਾਂ ਦਿਨ ਰਾਤ ਉਹਨਾਂ ਦਾ ਪਿਆਰ ਪ੍ਰਵਾਨ ਚੜ੍ਹਦਾ ਗਿਆ। ਪ੍ਰੀਤੀ ਨੇ ਆਪਣੀ ਭਾਬੀ ਨੂੰ ਵੀ ਵਿਸ਼ਵਾਸ ਵਿੱਚ ਲੈ ਲਿਆ। ਸ਼ੀਤਲ ਨੂੰ ਕੋਈ ਇਤਰਾਜ਼ ਨਹੀਂ ਸੀ, ਕਿਉਂਕਿ ਉਹ ਸਮਝਦੀ ਸੀ ਕਿ ਮੁਗੀਸ਼ ਕੁਆਰਾ ਹੈ। ਮੁਗੀਸ਼ ਦਾ ਇੱਕ ਦੋਸਤ ਸੀ ਤਾਂਤਰਿਕ ਸਲੀਮ। ਉਸ ਦੇ ਜ਼ਰੀਏ ਇਹਨਾਂ ਨੇ ਇੱਕ ਵੱਡੀ ਅਤੇ ਖਤਰਨਾਕ ਸਕੀਮ ਬਣਾਈ। ਤਾਂਤਰਿਕ ਦਾ ਬਹਾਨਾ ਬਣਾਇਆ ਗਿਆ ਅਤੇ ਹਾਲਾਤ ਪਰਿਵਾਰ ਦਾ ਨਾਸ਼ ਕਰਨ ਤੱਕ ਪਹੁੰਚ ਗਏ। ਇਸ ਦਰਮਿਆਨ ਪ੍ਰੀਤੀ ਨੇ ਆਪਣੇ ਪਰਿਵਾਰ ਨਾਲ ਗੱਲ ਵੀ ਕੀਤੀ ਪਰ ਘਰ ਵਿੱਚ ਕਲੇਸ਼ ਹੋ ਗਿਆ ਕਿ ਇਹ ਲੜਕੀ ਬਦਤਮੀਜ਼ ਹੋ ਗਈ ਹੈ, ਇਸ ਨੂੰ ਪਤਾ ਨਹੀਂ ਕਿ ਸਾਡੀ ਔਕਾਤ ਕੀ ਹੈ ਅਤੇ ਇੱਕ ਕਾਰ ਮਕੈਨਿਕ ਦੀ ਔਕਾਤ ਕੀ ਹੈ ਅਤੇ ਉਹ ਪਹਿਲਾਂ ਤੋਂ ਵਿਆਹਿਆ ਵੀ ਹੈ।

25 ਅਗਸਤ ਨੂੰ ਪ੍ਰੀਤੀ ਨੂੰ ਬਦਾਯੂੰ ਲਿਜਾਣ ਦਾ ਪ੍ਰੋਗਰਾਮ ਸੀ, ਤਾਂਤਰਿਕ ਸਲੀਮ ਦੇ ਕਹਿਣ ਤੇ ਰਜੇ ਨੇ ਲੰਗਰ ਦਾ ਇੰਤਜ਼ਾਮ ਕਰ ਲਿਆ ਸੀ। ਸਾਰੇ ਲੋਕਾਂ ਨੇ ਬਦਾਯੂੰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਰਾਜੇ ਦੀ ਕਾਰ ਛੋਟੀ ਸੀ, ਇਸ ਕਰਕੇ ਜਵਾਈ ਵੇਦਰਾਮ ਨਾਗਰ ਨੇ ਆਪਣੇ ਪਿੰਡ ਲਖਨਾਵਲੀ ਦੇ ਓਮਪਾਲ ਨੂੰ ਕਾਰ ਲੈ ਕੇ ਆਪਣੇ ਸਹੁਰੇ ਨਵਾਦਾ ਭੇਜ ਦਿੱਤਾ। ਓਮਪਾਲ ਆਪਣੀ ਮਾਰੂਤੀ ਇੱਕੋ ਕਾਰ ਲੈ ਕੇ ਨਵਾਦਾ ਪਹੁੰਚਿਆ ਅਤੇ ਸਾਰਿਆਂ ਨੂੰ ਬਦਾਯੂੰ ਲੈ ਗਿਆ।

ਉਸ ਦਿਨ ਕੀ ਕਰਨਾ ਹੈ ਪ੍ਰੀਤੀ ਅਤੇ ਮੁਗੀਸ਼ ਨੇ ਪਹਿਲਾਂ ਹੀ ਯੋਜਨਾ ਬਣਾ ਲਈ ਸੀ। ਯੋਜਨਾ ਮੁਤਾਬਕ ਮੁਗੀਸ਼ ਨੇ ਪ੍ਰੀਤੀ ਨੂੰ 30 ਨਸ਼ੇ ਦੀਆਂ ਗੋਲੀਆਂ ਖਰੀਦ ਕੇ ਦਿੱਤੀਆਂ। ਸਾਰੇ ਬਦਾਯੂੰ ਪਹੁੰਚੇ, ਜ਼ਿਆਰਤ ਕੀਤੀ, ਪੂਜਾ ਪਾਠ ਕੀਤਾ। ਇਸ ਦਰਮਿਆਨ ਪ੍ਰੀਤੀ ਨੇ 2 ਲੀਟਰ ਕੋਲਡ ਡ੍ਰਿੰਕ ਲਿਆ ਅਤੇ ਸਾਰੀਆਂ ਗੋਲੀਆਂ ਘੋਲ ਦਿੱਤੀਆਂ। ਸਾਰਿਆਂ ਨੂੰ ਥੋੜ੍ਹਾ ਥੋੜ੍ਹਾ ਦੇ ਦਿੱਤਾ। ਲਲਿਤ ਦਾ ਗਿਲਾਸ ਹੇਠਾਂ ਡਿੱਗ ਪਿਆ ਪਰ ਉਸਦੀ ਪਤਨੀ ਪੀ ਗਈ। ਪਰ ਜਦੋਂ ਦੂਜਾ ਗਿਲਾਸ ਪੀਤਾ ਤਾਂ ਉਲਟੀਆਂ ਆ ਗਈਆਂ।ਪ੍ਰੀਤੀ ਨੇ ਲਲਿਤ ਨੇ ਦੁਬਾਰਾ ਚਾਦਰ ਚੜ੍ਹਾਉਣ ਲਈ ਭੇਜ ਦਿੱਤਾ। ਲਲਿਤ ਨਾਲ ਤਾਂਤਰਿਕ ਸਲੀਮ ਵੀ ਸੀ। ਮਜਾਰ ਦੇ ਕੋਲ ਪਹੁੰਚਦੇ ਹੀ ਤਾਂਤਰਿਕ ਡਿੱਗ ਪਿਆ। ਲਲਿਤ ਸਲੀਮ ਨੂੰ ਗੱਡੀ ਕੋਲ ਲੈ ਆਇਆ ਪਰ ਉਹ ਹਸਪਤਾਲ ਜਾਣ ਦਾ ਕਹਿ ਕੇ ਨਿਕਲ ਗਿਆ। ਪ੍ਰੀਤੀ ਦਾ ਪ੍ਰੇਮੀ ਉਥੋਂ ਕੁਝ ਦੂਰੀ ਤੇ ਖੜ੍ਹਾ ਸੀ। ਪ੍ਰੀਤੀ ਨੇ ਇਸ਼ਾਰਾ ਕਰਕੇ ਮੁਗੀਸ਼ ਨੂੰ ਬੁਲਾ ਲਿਆ। ਯੋਜਨਾ ਦੇ ਪਹਿਲੇ ਪੜਾਅ ਵਿੱਚ ਸਫ਼ਲਤਾ ਤੋਂ ਦੋਵੇਂ ਖੁਸ਼ ਸਨ। ਦੋਵਾਂ ਨੇ ਉਥੇ ਬੰਟੀ ਦੇ ਹੋਟਲ ਤੇ ਖਾਣਾ ਖਾਧਾ।ਪ੍ਰੀਤੀ ਨੇ ਕਾਰ ਦੀ ਚਾਬੀ ਹਾਸਲ ਕੀਤੀ ਅਤੇ ਪ੍ਰੇਮੀ ਨੂੰ ਦੇ ਦਿੱਤੀ।

ਇਸ ਤੋਂ ਬਾਅਦ ਰਾਤੀ 2 ਵਜੇ ਓਮਪਾਲ ਕਾਰ ਲੈ ਕੇ ਚੱਲ ਪਿਆ। ਜਿਸ ਵਿੱਚ 5 ਲੋਕ ਬੇਹੋਸ਼ੀ ਦੀ ਹਾਲਤ ਵਿੱਚ ਸਨ। ਪ੍ਰੀਤੀ ਵੀ ਮੁਗੀਸ਼ ਦੇ ਨਾਲ ਬੈਠੀ ਸੀ। ਉਹ ਗਨੌਰ ਹੁੰਦੇ ਹੋਏ ਨਰੌਰਾ ਪਹੁੰਚੇ ਅਤੇ ਆਪ ਉਤਰ ਗਏ ਅਤੇ ਕਾਰ ਨਹਿਰ ਵਿੱਚ ਸੁੱਟ ਦਿੱਤੀ। ਉਸ ਵਕਤ 2 ਲੋਕ ਨੇੜਿਉਂ ਲੰਘ ਰਹੇ ਸਨ। ਉਹਨਾਂ ਲੋਕਾਂ ਨੇ ਡੁੱਬ ਗਏ ਲੋਕਾਂ ਦੀ ਮਦਦ ਕੀਤੀ ਅਤੇ 2 ਲੋਕਾਂ ਨੂੰ ਕੱਢ ਲਿਆ। ਪੁਲਿਸ ਨੂੰ ਸੂਚਨਾ ਦਿੱਤੀ ਤਾਂ ਗੋਤਾਖੋਰਾਂ ਦੀ ਮਦਦ ਨਾਲ ਕਾਰ ਲੱਭ ਕੇ ਕੱਢ ਲਈ ਗਈ। ਕਾਰ ਵਿੱਚ 2 ਔਰਤਾਂ ਅਤੇ 2 ਪੁਰਸ਼ ਰਹਿ ਗਏ ਸਨ, ਜਿਹਨਾਂ ਦੀ ਮੌਤ ਹੋ ਗਈ।




## ਵਡੇਰੀ ਉਮਰ 'ਚ ਜਿਸਮਾਨੀ ਰਿਸ਼ਤੇ ਦਿਮਾਗ ਲਈ ਵਰਦਾਨ



ਲੰਡਨ: ਜੇਕਰ ਤੁਸੀਂ ਵਡੇਰੀ ਉਮਰ ਵਿੱਚ ਵੀ ਸੈਕਸ ਕਰਦੇ ਹੋ ਤਾਂ ਤੁਹਾਡਾ ਦਿਮਾਗ਼ ਬਿਹਤਰ ਪਰਫਾਰਮ ਕਰ ਸਕਦਾ ਹੈ। ਇੱਕ ਸਟੱਡੀ ਵਿੱਚ ਇਸ ਗੱਲ ਦਾ ਖ਼ੁਲਾਸਾ ਹੋਇਆ ਹੈ। ਸਟੱਡੀ ਮੁਤਾਬਕ ਉਮਰ ਵਧਣ ਮਗਰੋਂ ਹਫ਼ਤੇ ਵਿੱਚ ਜਿਹੜੇ ਲੋਕ ਇੱਕ ਵਾਰ ਸੈਕਸ ਕਰਦੇ ਹਨ, ਉਹ ਬਰਬਲ ਤੇ ਵਿਜ਼ੂਅਲ ਟੈਸਟ ਵਿੱਚ ਬਿਹਤਰ ਪਰਫਾਰਮ ਕਰਦੇ ਹਨ।

ਕੋਵੈਂਟਰੀ ਤੇ ਆਕਸਫੋਰਡ ਯੂਨੀਵਰਸਿਟੀ ਵੱਲੋਂ ਕੀਤੀ ਗਈ ਇਹ ਸਟੱਡੀ ਵਿੱਚ 73 ਲੋਕਾਂ ਨੂੰ ਸ਼ਾਮਲ ਕੀਤਾ ਗਿਆ। ਇਸ ਵਿੱਚ 28 ਪੁਰਸ਼ ਤੇ 45 ਮਹਿਲਾਵਾਂ ਸ਼ਾਮਲ ਸਨ।

thesun.co.uk ਵਿੱਚ ਛਪੀ ਰਿਪੋਰਟ ਮੁਤਾਬਕ ਸਟੱਡੀ ਵਿੱਚ 50 ਤੋਂ 83 ਸਾਲ ਦੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਵਿੱਚ 12 ਮਹੀਨੇ ਤੱਕ ਸੁਆਲ ਪੁੱਛੇ ਗਏ। ਰੈਗੂਲਰ ਸੈਕਸ ਕਰਨ ਵਾਲੇ ਲੋਕਾਂ ਨੇ ਸਵਾਲਾਂ ਦਾ ਜਵਾਬ ਦੇਣ ਵਿੱਚ ਬਿਹਤਰ ਪਰਫਾਰਮ ਕੀਤਾ।

ਜਿਹੜੇ ਲੋਕਾਂ ਨੇ ਜ਼ਿਆਦਾ ਸੈਕਸ ਕੀਤਾ, ਉਨ੍ਹਾਂ ਦੇ ਦਿਮਾਗ਼ ਨੇ ਬਿਹਤਰ ਪਰਫਾਰਮ ਕੀਤਾ। ਅਜਿਹੀ ਹੀ ਇੱਕ ਸਟੱਡੀ ਪਹਿਲਾਂ ਵੀ ਕੀਤੀ ਗਈ ਸੀ ਜਿਸ ਵਿੱਚ ਵੀ ਅਜਿਹਾ ਹੀ ਰਿਜ਼ਲਟ ਸਾਹਮਣੇ ਆਇਆ ਸੀ।

ਕੋਵੈਂਟਰੀ ਦੇ ਡਾ. ਹੈਲੇ ਰਾਈਟ ਨੇ ਕਿਹਾ ਕਿ ਉਹ ਦੇਖਣਾ ਚਾਹੁੰਦੇ ਸਨ ਕਿ 50 ਸਾਲ ਤੋਂ ਜ਼ਿਆਦਾ ਉਮਰ ਦੇ ਲੋਕਾਂ ਵਿੱਚ ਸੈਕਸ ਦਾ ਕੀ ਅਸਰ ਹੁੰਦਾ ਹੈ। ਰਿਪੋਰਟ ਮੁਤਾਬਕ ਸੈਕਸ ਦੀ ਵਜ੍ਹਾ ਨਾਲ ਲੋਕਾਂ

## ਯੋਗ ਦੀ ਸਾਹ ਕਿਰਿਆ ਅਪਣਾਓ



ਭੌਤਿਕ ਸਰੀਰ, ਇੱਛਾਸ਼ਕਤੀ ਅਤੇ ਮਨ ਨੂੰ ਕਾਬੂ ਵਿਚ ਲੈ ਲੈਣਾ ਜੀਵਨ ਦੇ ਆਦਰਸ਼ ਲਈ ਬਹੁਤ ਜ਼ਰੂਰੀ ਹੈ। ਇਸੇ ਕਾਰਨ ਪਤੰਜਲੀ ਨੇ ਕੁਝ ਅਜਿਹੇ ਅਭਿਆਸਾਂ 'ਤੇ ਰੌਸ਼ਨੀ ਪਾਈ ਹੈ, ਜਿਸ ਨਾਲ ਸਰੀਰਕ ਚੰਚਲਤਾ ਅਤੇ ਵਿਕਲਤਾ ਦੂਰ ਕੀਤੀ ਜਾ ਸਕੇ। ਇਸ ਕਿਰਿਆ ਨਾਲ ਸਾਨੂੰ ਬਹੁਤ ਪ੍ਰਭਾਵਸ਼ਾਲੀ ਅਧਿਆਤਮਕ ਸ਼ਕਤੀ ਮਿਲਦੀ ਹੈ ਅਤੇ ਇਸ ਨਾਲ ਉਮਰ ਵੀ ਵਧਦੀ ਹੈ।

ਸੰਸਾਰਿਕ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਇਕਮਾਤਰ ਉਪਾਅ ਅਥਵਾ ਯੁਕਤੀ ਯੋਗ ਹੀ ਹੈ। ਇਸ ਲਈ ਪਰਮਾਤਮਾ ਵਿਚ ਲੀਨ ਹੋਣ ਦਾ ਯੋਗ ਹੀ ਸਾਧਨ ਹੈ। ਧਰਮ ਅਤੇ ਦਰਸ਼ਨ ਦੇ ਗਿਆਨ ਲਈ ਮਨੁੱਖ ਨੂੰ ਚਿੱਤ ਅਤੇ ਅੰਦਰੂਨੀ ਸਵਰੂਪ ਨੂੰ ਕਾਬੂ ਕਰਨਾ ਹੁੰਦਾ ਹੈ। ਦਿਲ ਦੀ ਸ਼ੁੱਧਤਾ ਅਤੇ ਮਨ ਦੀ ਸ਼ਾਂਤੀ ਗਹਿਨ ਚਿੰਤਨ ਤੋਂ ਬਿਨਾਂ ਸੰਭਵ ਨਹੀਂ ਹੈ। ਇਸ ਲਈ ਗੂੜ੍ਹ ਅਧਿਐਨ ਲਈ ਅਤੇ ਕੁਦਰਤ ਦੇ ਰਹੱਸਾਂ ਨੂੰ ਸੁਲਝਾਉਣ ਲਈ ਵੀ ਯੋਗ ਸਾਧਨਾ ਦੀ ਲੋੜ ਪੈਂਦੀ ਹੈ। ਯੋਗ ਨਾਲ ਜੀਵਨ ਦੇ ਉਦੇਸ਼ਾਂ ਦੀ ਪੂਰਤੀ ਹੁੰਦੀ ਹੈ। ਸਾਰੇ ਭਾਰਤੀ ਦਰਸ਼ਨਾਂ ਨੇ ਯੋਗ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ। ਯੋਗ ਉਹ ਵਿਧੀ ਹੈ ਜੋ ਸਾਨੂੰ ਤੰਦਰੁਸਤ ਜੀਵਨ ਜਿਊਣ ਦੀ ਕਲਾ ਸਿਖਾਉਂਦੀ ਹੈ ਅਤੇ ਰੋਗਾਂ ਤੋਂ ਸਾਨੂੰ ਬਚਾਉਂਦੀ ਹੈ। ਇਹ ਇਕ ਆਤਮਿਕ ਚੇਤਨਾ ਹੈ, ਜੋ ਸਾਨੂੰ ਤੰਦਰੁਸਤ ਜੀਵਨ ਜਿਊਣ ਦਾ ਸੰਦੇਸ਼ ਦਿੰਦੀ ਹੈ।

ਸਾਹਾਂ 'ਤੇ ਆਧਾਰਿਤ ਧਿਆਨ ਯੋਗ ਜਾਦੂਈ ਅਸਰ ਕਰਦੇ ਹਨ। ਯੋਗ ਇਕ ਵਿਧੀ ਹੈ ਜੋ ਸਾਹ ਨਾਲ ਜੁੜੀ ਹੈ। ਸਾਹ ਦਾ ਪਹਿਲਾ ਸਰੋਤ ਨਾਭੀ ਨਾਲ ਹੈ। ਵਿਅਕਤੀ ਜਿੰਨਾ ਤਣਾਅਗ੍ਰਸਤ ਹੋਵੇਗਾ, ਸਾਹ ਦਾ ਬਿੰਦੂ ਓਨਾ ਹੀ ਦੂਰ ਹਟਦਾ ਜਾਂਦਾ ਹੈ। ਜਿੰਨੇ ਉੱਪਰੋਂ ਦੀ ਤੁਸੀਂ ਸਾਹ ਲੈਂਦੇ ਹੋ, ਓਨੇ ਹੀ ਤਣਾਅ ਨਾਲ ਭਰੇ ਹੋਣਗੇ ਅਤੇ ਜਿੰਨੇ ਹੇਠੋਂ ਸਾਹ ਲੈਂਦੇ ਹੋ, ਓਨੇ ਹੀ ਤੁਸੀਂ ਆਮ ਵਾਂਗ ਰਹੋਗੇ। ਸਾਹ ਨਾਭੀ ਨਾਲ ਚੱਲਣਾ ਚਾਹੀਦਾ ਹੈ। ਨਾਭੀ ਨਾਲ ਜਿਸ ਦਾ ਸਾਹ ਚੱਲ ਰਿਹਾ ਹੈ, ਉਹ ਪੂਰਨ ਤੰਦਰੁਸਤ ਹੈ।

ਜੇ ਤੁਸੀਂ ਤਣਾਅਮੁਕਤ ਹੋ ਤਾਂ ਸਾਹ ਅਨਿਵਾਰਯ ਰੂਪ ਨਾਲ ਨਾਭੀ ਕੇਂਦਰ 'ਤੇ ਪਹੁੰਚ ਜਾਵੇਗੀ। ਸਾਹ ਨੂੰ ਫੇਫੜਿਆਂ ਨਾਲ ਲੈਣਾ ਬੰਦ ਕਰਕੇ ਨਾਭੀ ਨਾਲ ਲੈਣਾ ਸ਼ੁਰੂ ਕਰੋ ਭਾਵ ਜਦੋਂ ਤੁਸੀਂ ਸਾਹ ਲਓ ਤਾਂ ਪੇਟ ਉੱਪਰ ਉੱਠੇ ਅਤੇ ਸਾਹ ਕੱਢੋ ਤਾਂ ਪੇਟ ਹੇਠਾਂ ਡਿਗੇ ਅਤੇ ਸੀਨਾ ਸ਼ਾਂਤ ਰਹੇ। 21 ਦਿਨ ਇਹ ਪ੍ਰਯੋਗ ਕਰੋ ਅਤੇ ਤੁਸੀਂ ਦੰਗ ਰਹਿ ਜਾਓਗੇ। ਤੁਸੀਂ ਮਹਿਸੂਸ ਕਰੋਗੇ ਕਿ ਸਾਹ ਦੇ ਨਾਭੀ ਨਾਲ ਚੱਲਣ ਨਾਲ ਕ੍ਰੋਧ, ਈਰਖਾ ਅਤੇ ਤਣਾਅ ਸਮਾਪਤ ਹੋ ਰਿਹਾ ਹੈ। ਤੁਹਾਡਾ ਸਰੀਰ ਹਲਕਾ, ਸੰਤੁਲਤ ਅਤੇ

> "ਯੋਗ ਉਹ ਵਿਧੀ ਹੈ ਜੋ ਸਾਨੂੰ ਤੰਦਰੁਸਤ ਜੀਵਨ ਜਿਊਣ ਦੀ ਕਲਾ ਸਿਖਾਉਂਦੀ ਹੈ ਅਤੇ ਰੋਗਾਂ ਤੋਂ ਸਾਨੂੰ ਬਚਾਉਂਦੀ ਹੈ। ਇਹ ਇਕ ਆਤਮਿਕ ਚੇਤਨਾ ਹੈ, ਜੋ ਸਾਨੂੰ ਤੰਦਰੁਸਤ ਜੀਵਨ ਜਿਊਣ ਦਾ ਸੰਦੇਸ਼ ਦਿੰਦੀ ਹੈ।"



## ਲਗਾਤਾਰ ਵਧ ਰਹੀ ਡਾਇਬੀਟੀਜ਼ ਨੂੰ ਕੰਟਰੋਲ ਕਰਨ ਲਈ ਡਾਈਟ 'ਚ ਸ਼ਾਮਲ ਕਰੋ

ਦਿਨ ਪ੍ਰਤੀਦਿਨ ਬਿਗੜਦੇ ਲਾਈਫਸਟਾਈਲ ਕਾਰਨ ਲੋਕਾਂ 'ਚ ਸਿਹਤ ਸੰਬੰਧੀ ਪ੍ਰੇਸ਼ਾਨੀਆਂ ਹੁੰਦੀਆਂ ਜਾਂ ਰਹੀਆਂ ਹਨ। ਆਮ ਲੋਕਾਂ 'ਚ ਸ਼ੂਗਰ, ਮੋਟਾਪੇ ਅਤੇ ਹੋਰ ਬੀਮਾਰੀਆਂ ਦੇਖੀਆਂ ਜਾਂਦੀਆਂ ਹਨ ਪਰ ਇਸ ਦੇ ਬਾਵਜੂਦ ਵੀ ਬਹੁਤ ਘੱਟ ਲੋਕਾਂ 'ਚ ਜ਼ਿੰਦਗੀ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਜਾਣੂ ਹਨ। ਇਸ ਦੀ ਪੂਰੀ ਜਾਣਕਾਰੀ ਨਾ ਹੋਣ 'ਤੇ ਉਹ ਕਈ ਬੀਮਾਰੀਆਂ ਦੀ ਚਪੇਟ 'ਚ ਆ ਜਾਂਦੇ ਹਨ। ਬੀਮਾਰੀਆਂ ਤੋਂ ਬਚਣ ਲਈ ਬਹੁਤ ਜ਼ਰੂਰੀ ਹੈ ਕਿ ਤੁਸੀਂ ਸਿਹਤ ਸੰਬੰਧੀ ਜੀਵਨਸ਼ੈਲੀ ਅਪਣਾਓ। ਵਿਗਿਆਨੀਆਂ ਅਨੁਸਾਰ ਆਪਣੀ ਰੁਟੀਨ 'ਚ ਕੁਝ ਹੈਲਦੀ ਆਦਤਾਂ ਨੂੰ ਸ਼ਾਮਲ ਕਰੋ ਇਸ ਨਾਲ ਤੁਸੀਂ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਬਚ ਸਕਦੇ ਹੋ। ਸਰੀਰਕ ਗਤੀਵਿਧੀਆਂ ਦੇ ਨਾਲ-ਨਾਲ ਆਪਣੀ ਰੁਟੀਨ 'ਚ ਪੋਸ਼ਟਿਕ ਭੋਜਨ, ਅਲਸੀ ਦੇ ਬੀਜ ਅਤੇ ਬਾਦਾਮ ਦਾ ਸੇਵਨ ਤੁਹਾਨੂੰ ਮੋਟਾਪੇ ਦੇ ਨਾਲ-ਨਾਲ




ਕਈ ਬੀਮਾਰੀਆਂ ਤੋਂ ਬਚਾਉਂਦਾ ਹੈ। ਇਕ ਖੋਜ ਅਨੁਸਾਰ ਬਾਦਾਮ ਪ੍ਰੋਟੀਨ ਅਤੇ ਫਾਈਬਰ ਦਾ ਸਭ ਤੋਂ ਚੰਗਾ ਸਰੋਤ ਹੈ। ਜਿਸ ਨਾਲ ਬਲੱਡ ਸ਼ੂਗਰ ਕੰਟਰੋਲ ਰੱਖਣ 'ਚ ਮਦਦ ਮਿਲਦੀ ਹੈ। ਇਸ ਤੋਂ ਇਲਾਵਾ ਤੁਹਾਨੂੰ ਕੈਲਰੀ ਯੁਕਤ ਤੋਂ ਜਿਨ੍ਹਾਂ ਹੋ ਸਕੇ ਪਰਹੇਜ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਬੀਮਾਰੀਆਂ ਤੋਂ ਬਚਣ ਲਈ ਨਿਯਮਿਤ ਕਸਰਤ ਵੀ ਸਭ ਤੋਂ ਚੰਗਾ ਤਰੀਕਾ ਹੈ। 18-64 ਸਾਲ ਤੇ ਲੋਕਾਂ ਨੂੰ ਘੱਟ ਤੋਂ ਘੱਟ 75 ਮਿੰਟ ਲਈ ਕਸਰਤ ਕਰਨੀ ਚਾਹੀਦੀ ਹੈ। ਡਾਇਟੀਸ਼ੀਅਨ ਦਾ ਮੰਨਣਾ ਹੈ ਕਿ ਜ਼ਿਆਦਾਤਰ ਇਹ ਸਮੱਸਿਆਵਾਂ ਸਰੀਰਕ ਗਤੀਵਿਧੀਆਂ ਨੂੰ ਨਾ ਕਰਨ ਵਾਲੇ ਲੋਕਾਂ 'ਚ ਹੁੰਦੀਆਂ ਹਨ, ਚਾਹੇ ਉਹ ਸ਼ਹਿਰ ਹੋਵੇ ਜਾਂ ਪਿੰਡ ਦੇ। ਵੱਡੇ ਹੀ ਨਹੀਂ ਛੋਟੇ ਸ਼ਹਿਰਾਂ ਅਤੇ ਕਸਬਿਆਂ ਦੇ ਲੋਕਾਂ ਨੂੰ ਵੀ ਸ਼ੂਗਰ, ਹਾਈਪਰਟੈਂਸ਼ਨ, ਮੋਟਾਪੇ ਅਤੇ ਦਿਲ ਨਾਲ ਸੰਬੰਧਿਤ ਬੀਮਾਰੀਆਂ ਹੋਣ ਦਾ ਡਰ ਰਹਿੰਦਾ ਹੈ। ਇਸ ਲਈ ਜਿਨ੍ਹਾਂ ਹੋ ਸਕੇ। ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਦੀ ਰੱਖੋ। ਇਸ ਤੋਂ ਇਲਾਵਾ ਭੋਜਨ 'ਚ ਬਾਦਾਮ ਜ਼ਰੂਰ ਸ਼ਾਮਲ ਕਰੋ। ਤੁਸੀਂ ਇਸ ਦਾ ਸੇਵਨ ਸਨੈਕਸ ਦੀ ਤਰ੍ਹਾਂ ਵੀ ਕਰ ਸਕਦੇ ਹੋ ਅਤੇ ਰੋਜ਼ਾਨਾ ਭਿਓਂਏ ਹੋਏ ਬਾਦਾਮ ਦਾ ਸੇਵਨ ਵੀ ਤੁਹਾਡੀ ਸਿਹਤ ਨੂੰ ਠੀਕ ਰੱਖਦਾ ਹੈ।

## ਰੋਜ਼ਾਨਾ ਅਦਰਕ ਦਾ 1 ਟੁੱਕੜਾ ਦੇਵੇਗਾ ਅਣਗਿਣਤ ਫਾਇਦੇ

ਅਦਰਕ ਰਸੋਈ 'ਚ ਇਸਤੇਮਾਲ ਹੋਣ ਵਾਲਾ ਮਸਾਲਾ ਹੈ। ਇਸ 'ਚ ਕਾਪਰ ਅਤੇ ਮੈਂਗਨੀਜ਼ ਵਰਗੇ ਤੱਤ ਪਾਏ ਜਾਂਦੇ ਹਨ। ਸਰਦੀ ਦੇ ਮੌਸਮ 'ਚ ਇਸ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ, ਕਿਉਂਕਿ ਇਸ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ, ਕਿਉਂਕਿ ਇਸ ਦੀ ਤਾਸੀਰ ਗਰਮ ਹੁੰਦੀ ਹੈ। ਇਹ ਖਾਣੇ ਦਾ ਸੁਆਦ ਤਾਂ ਵਧਾਉਂਦਾ ਹੀ ਹੈ, ਨਾਲ ਹੀ ਸਿਹਤ ਲਈ ਵੀ ਫਾਇਦੇਮੰਦ ਹੈ।

ਗਲਤ ਖਾਣ-ਪੀਣ ਕਰਕੇ ਪੇਟ 'ਚ ਗੈਸ ਦੀ ਪ੍ਰੇਸ਼ਾਨੀ ਹੋ ਸਕਦੀ ਹੈ। ਇਸ ਲਈ 125 ਗ੍ਰਾਮ ਸੁੰਢ ਅਤੇ 250 ਗ੍ਰਾਮ ਤਿਲ ਦੇ ਲੱਡੂ ਬਣਾ ਲਓ। ਰੋਜ਼ਾਨਾ ਇਕ ਲੱਡੂ ਦਾ ਸੇਵਨ ਗਰਮ ਦੁੱਧ ਨਾਲ ਕਰਨ ਨਾਲ ਪੇਟ ਨਾਲ ਜੁੜੀਆ ਸਾਰੀਆਂ ਪਰੇਸ਼ਾਨੀਆਂ ਤੋਂ ਆਰਾਮ ਮਿਲਦਾ ਹੈ।

ਦਸਤ ਹੋਣ 'ਤੇ 100 ਗ੍ਰਾਮ ਸੁੰਢ, 3 ਛੋਟੇ ਚਮਚ ਨਮਕ, 4 ਚਮਚ ਭੁੰਨਿਆ ਹੋਇਆ ਜੀਰਾ ਪਾਊਡਰ, ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਚੂਰਨ ਤਿਆਰ ਕਰ ਲਓ। ਖਾਣਾ ਖਾਣ ਤੋਂ ਬਾਅਦ ਇਸ ਚੂਰਨ ਨੂੰ ਇਕ ਚਮਚ ਪਾਣੀ ਨਾਲ ਖਾਣ ਨਾਲ ਰਾਹਤ ਮਿਲਦੀ ਹੈ। ਅੱਧਾ ਚਮਚ ਸਰ੍ਹੋਂ ਦੇ ਤੇਲ ਅਤੇ 2-3 ਬੂੰਦਾਂ ਅਦਰਕ ਦਾ ਰਸ ਮਿਲਾ ਕੇ ਕੰਨ 'ਚ ਪਾਓ। ਇਸ ਨਾਲ ਦਰਦ ਠੀਕ ਹੋ ਜਾਵੇਗਾ। ਅੱਧਾ ਚਮਚ ਅਦਰਕ ਦਾ ਰਸ 1 ਕੱਪ ਗਰਮ ਪਾਣੀ ਨਾਲ ਮਿਲਾ ਕੇ ਸਵੇਰੇ ਖਾਲੀ ਪੇਟ ਪੀਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ। ਚਮਚ ਅਦਰਕ ਦਾ ਰਸ 1 ਕੱਪ ਗਰਮ ਪਾਣੀ 'ਚ ਪਾ ਕੇ ਮਿਕਸ ਕਰ ਲਓ। ਇਸ ਪਾਣੀ ਨਾਲ ਕੁਰਲੀ ਕਰਨ ਨਾਲ ਮੂੰਹ ਦੀ ਬਦਬੂ ਦੂਰ ਹੋ ਜਾਂਦੀ ਹੈ।

ਅਦਰਕ ਦਾ ਛੋਟਾ ਜਿਹਾ ਟੁਕੜਾ ਅਤੇ ਗੁੜ ਦੋਹਾਂ ਨੂੰ ਸਵੇਰੇ-ਸ਼ਾਮ ਇਕੱਠੇ ਚਬਾਓ। ਇਸ ਨਾਲ ਕਬਜ਼, ਪੇਟ ਦੀ ਗੈਸ ਅਤੇ ਬਦਹਜ਼ਮੀ ਤੋਂ ਰਾਹਤ ਮਿਲੇਗੀ। ਜ਼ੁਕਾਮ ਹੋਣ 'ਤੇ 1 ਚਮਚ ਸ਼ੁੱਧ ਦੇਸੀ ਘਿਓ 'ਚ ਥੋੜ੍ਹਾ ਜਿਹਾ ਅਦਰਕ ਪਾ ਕੇ ਭੁੰਨ ਲਓ। ਫਿਰ ਇਸ 'ਚ ਦਰਦਰੇ ਪੀਸੇ ਹੋਏ 4 ਦਾਣੇ ਕਾਲੀ ਮਿਰਚ ਅਤੇ 2 ਲੌਂਗ ਪਾ ਦਿਓ। ਚੁਟਕੀ ਭਰ ਨਮਕ ਮਿਲਾ ਕੇ ਰਾਤ ਨੂੰ ਸੌਣ ਤੋਂ ਪਹਿਲਾਂ ਇਸ ਦਾ ਸੇਵਨ ਕਰ ਕਰੋ ਅਤੇ ਬਾਅਦ 'ਚ ਗਰਮ ਦੁੱਧ ਪੀ ਲਓ। 100 ਗ੍ਰਾਮ ਅਦਰਕ ਦਾ ਰਸ ਅਤੇ 100 ਗ੍ਰਾਮ ਸਰ੍ਹੋਂ ਦਾ ਤੇਲ ਪਾ ਕੇ ਗੈਸ 'ਤੇ ਉਦੋਂ ਤੱਕ ਗਰਮ ਕਰੋ ਜਦੋਂ ਤੱਕ ਸਿਰਫ ਤੇਲ ਰਹਿ ਜਾਵੇ। ਜਦੋਂ ਤੇਲ ਕੋਸਾ ਹੋ ਜਾਵੇ ਤਾਂ ਇਸ ਦੀ ਮਾਲਿਸ਼ ਕਰੋ।

## ਨਾਈਟ ਸ਼ਿਫਟ ਕੰਮ ਕਰਨ ਵਾਲੀਆਂ ਔਰਤਾਂ ਨੂੰ ਹੋ ਸਕਦੀ ਹੈ ਇਹ



ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਨਾਈਟ ਸ਼ਿਫਟ 'ਚ ਕੰਮ ਕਰਨ ਵਾਲੀਆਂ ਔਰਤਾਂ ਵਿਚ ਛਾਤੀ, ਚਮੜੀ ਤੇ ਪੇਟ ਦੇ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ। ਪਹਿਲਾਂ ਦੇ ਵਿਸ਼ਲੇਸ਼ਣ ਵਿਚ ਨਾਈਟ ਸ਼ਿਫਟ ਵਿਚ ਕੰਮ ਕਰਨ ਵਾਲੀਆਂ ਔਰਤਾਂ ਅਤੇ ਛਾਤੀ ਦੇ ਕੈਂਸਰ ਦੇ ਖਤਰੇ ਵਿਚਾਲੇ ਸੰਬੰਧ 'ਤੇ ਫੋਕਸ ਕੀਤਾ ਗਿਆ ਸੀ ਪਰ ਨਤੀਜਾ ਅਸਪੱਸ਼ਟ ਰਿਹਾ।

ਪਹਿਲਾਂ ਕੀਤੇ ਅਧਿਐਨ ਦਾ ਚੀਨ 'ਚ ਸਿਚੁਆਨ ਯੂਨੀਵਰਸਿਟੀ ਦੇ ਅਧਿਐਨਕਾਰਾਂ ਨੇ ਵਿਸ਼ਲੇਸ਼ਣ ਕੀਤਾ ਕਿ ਕੀ ਰਾਤ ਦੀ ਲੰਮੀ ਸ਼ਿਫਟ ਵਿਚ ਕੰਮ ਕਰਨ ਵਾਲੀਆਂ ਔਰਤਾਂ ਦਾ 10 ਤੋਂ ਵੱਧ ਤਰ੍ਹਾਂ ਦੇ ਕੈਂਸਰ ਵਿਚਾਲੇ ਕਿਸੇ ਤਰ੍ਹਾਂ ਦਾ ਸੰਬੰਧ ਹੈ ਜਾਂ ਨਹੀਂ। ਉੱਤਰੀ ਅਮਰੀਕਾ, ਯੂਰਪ, ਆਸਟ੍ਰੇਲੀਆ ਅਤੇ ਏਸ਼ੀਆ ਦੇ 3909152 ਸਹਿਭਾਗੀਆਂ ਅਤੇ ਕੈਂਸਰ ਦੇ 114628 ਮਾਮਲੇ ਵਾਲੇ 61 ਆਲੇਖਾਂ ਦੇ ਅੰਕੜਿਆਂ ਦਾ ਸੂਖਮ ਵਿਸ਼ਲੇਸ਼ਣ ਕੀਤਾ ਗਿਆ।

ਇਨ੍ਹਾਂ ਅਧਿਐਨ 'ਚ ਰਾਤ ਵੇਲੇ ਦੇਰ ਤੱਕ ਕੀਤੇ ਜਾਣ ਵਾਲੇ ਕੰਮ ਤੇ 11 ਤਰ੍ਹਾਂ ਦੇ ਕੈਂਸਰ ਦੇ ਖਤਰਿਆਂ ਵਿਚਾਲੇ ਵਿਸ਼ਲੇਸ਼ਣ ਕੀਤਾ ਗਿਆ। ਬਾਅਦ 'ਚ ਫਿਰ ਇਕ ਵਿਸ਼ਲੇਸ਼ਣ 'ਚ ਮਹਿਲਾ ਨਰਸਾਂ ਵਿਚਾਲੇ ਰਾਤ ਦੀ ਲੰਮੀ ਸ਼ਿਫਟ ਅਤੇ 6 ਤਰ੍ਹਾਂ ਦੇ ਕੈਂਸਰ ਵਿਚਾਲੇ ਸੰਬੰਧ 'ਤੇ ਗੌਰ ਕੀਤਾ ਗਿਆ। ਕੁਲ ਮਿਲਾ ਕੇ ਲੰਮੀ ਨਾਈਟ ਸ਼ਿਫਟ ਨਾਲ ਔਰਤਾਂ ਵਿਚਾਲੇ ਕੈਂਸਰ ਦੇ ਖਤਰੇ ਵਿਚ 19 ਫੀਸਦੀ ਦਾ ਵਾਧਾ ਦੇਖਿਆ

# ਸਾਬਿਤ ਕਰਕੇ ਰਹਾਂਗੀ ਕਿ ਮੈਂ ਅਜੇ ਕੁਆਰੀ ਹਾਂ : ਮੀਰਾ ਖਾਨ



ਪਾਕਿਸਤਾਨੀ ਅਦਾਕਾਰਾ ਮੀਰਾ ਖਾਨ ਇਨ੍ਹੀਂ ਦਿਨੀਂ ਮੁੜ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਅਸਲ 'ਚ ਉਸ ਨੂੰ ਵਿਆਹੀ ਜਾਂ ਕੁਆਰੀ ਹੋਣ ਦੇ ਚੱਕਰਾਂ 'ਚ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਕਤ ਮਾਮਲਾ 7 ਸਾਲਾਂ ਤੋਂ ਚੱਲ ਰਿਹਾ ਹੈ, ਜਿਸ 'ਚ ਇਕ ਸ਼ਖਸ ਮੀਰਾ ਦਾ ਪਤੀ ਹੋਣ ਦਾ ਦਾਅਵਾ ਕਰ ਰਿਹਾ ਹੈ।

ਦੱਸਣਯੋਗ ਹੈ ਕਿ ਸਾਲ 2009 'ਚ ਫੈਸਲਾਬਾਦ ਤੋਂ ਇਕ ਕਾਰੋਬਾਰੀ ਅਤੀਕ ਉਰ ਰਹਿਮਾਨ ਨੇ ਮੀਡੀਆ ਨੂੰ ਦੱਸਿਆ ਕਿ ਉਸ ਦਾ ਮੀਰਾ ਨਾਲ ਇਕ ਨਿੱਜੀ ਸਮਾਗਮ ਦੌਰਾਨ ਵਿਆਹ ਹੋਇਆ ਸੀ। ਉਸ ਨੇ ਦੱਸਿਆ ਕਿ ਮੀਰਾ ਵਿਆਹ ਤੋਂ ਖੁਸ਼ ਨਹੀਂ ਸੀ ਤੇ ਉਸ ਨੂੰ ਜਨਤਕ ਤੌਰ 'ਤੇ ਆਪਣਾ ਪਤੀ ਨਹੀਂ ਦੱਸਦੀ ਸੀ। ਇਹੀ ਨਹੀਂ ਉਹ ਖੁਦ ਨੂੰ ਕੁਆਰੀ ਦੱਸਦੀ ਸੀ। ਅਤੀਕ ਨੇ ਸਬੂਤ ਵਜੋਂ ਵਿਆਹ ਦਾ ਸਰਟੀਫਿਕੇਟ ਵੀ ਦਿਖਾਇਆ ਤੇ ਕਿਹਾ ਕਿ ਉਸ ਨੇ ਕਈ ਵੱਖ-ਵੱਖ ਅਦਾਲਤਾਂ 'ਚ ਮੀਰਾ ਖ਼ਿਲਾਫ਼ ਅਪੀਲਾਂ ਕੀਤੀਆਂ ਹੋਈਆਂ ਹਨ।

ਇਸ ਤੋਂ ਇਲਾਵਾ ਅਤੀਕ ਨੇ ਆਪਣੀ ਅਰਜ਼ੀ 'ਚ ਮੀਰਾ ਦਾ ਮੈਡੀਕਲ ਕਰਵਾਉਣ ਲਈ ਕਿਹਾ ਤਾਂ ਜੋ ਪਤਾ ਲਗਾਇਆ ਜਾ ਸਕੇ ਕਿ ਅਦਾਕਾਰਾ ਦੇ ਵਿਆਹੇ ਜਾਂ ਕੁਆਰੇ ਹੋਣ ਦਾ ਪਤਾ ਲਗਾਇਆ ਜਾ ਸਕੇ ਪਰ ਇਸ ਅਰਜ਼ੀ ਨੂੰ ਲਾਹੌਰ ਅਦਾਲਤ ਨੇ ਖਾਰਜ ਕਰ ਦਿੱਤਾ ਹੈ। ਉਸ ਦਾ ਪਤੀ ਹੋਣ ਦਾ ਦਾਅਵਾ ਕਰਨ ਵਾਲੇ ਅਤੀਕ ਨੇ ਕਿਹਾ ਕਿ ਉਸ ਨੂੰ ਮੀਰਾ ਦੇ ਘਰ ਦਾ ਮਾਲਕਾਨਾ ਹੱਕ ਵੀ ਮਿਲਣਾ ਚਾਹੀਦਾ ਹੈ, ਜਿਥੇ ਉਹ ਰਹਿੰਦੀ ਹੈ ਤੇ ਮੀਰਾ ਦੇ ਦੇਸ਼ ਤੋਂ ਬਾਹਰ ਜਾਣ 'ਤੇ ਵੀ ਰੋਕ ਲੱਗਣੀ ਚਾਹੀਦੀ ਹੈ।

ਜ਼ਿਕਰਯੋਗ ਹੈ ਕਿ ਮੀਰਾ ਕਈ ਸਫ਼ਲ ਫ਼ਿਲਮਾਂ 'ਚ ਕੰਮ ਕਰ ਚੁੱਕੀ ਹੈ ਤੇ ਕਈ ਸਥਾਨਕ ਐਵਾਰਡ ਵੀ ਜਿੱਤ ਚੁੱਕੀ ਹੈ। ਮੀਰਾ ਪਾਕਿਸਤਾਨ ਦੀ ਫ਼ਿਲਮ ਇੰਡਸਟਰੀ 'ਚ ਇਕ ਉੱਘੀ ਅਦਾਕਾਰਾ ਵਜੋਂ ਜਾਣੀ ਜਾਂਦੀ ਹੈ। ਇਸ ਤੋਂ ਇਲਾਵਾ ਉਹ ਬਾਲੀਵੁੱਡ ਫ਼ਿਲਮਾਂ 'ਚ ਵੀ ਕੰਮ ਕਰ ਚੁੱਕੀ ਹੈ। ਮੀਰਾ ਆਪਣੇ ਅੰਗਰੇਜ਼ੀ ਬੋਲਣ ਦੇ ਅੰਦਾਜ਼ ਕਾਰਨ ਵੀ ਲੋਕਾਂ 'ਚ ਚਰਚਾ ਦਾ ਵਿਸ਼ਾ ਰਹਿੰਦੀ ਹੈ।



# ਪਦਮਾਵਤੀ : ਦੀਪਿਕਾ ਲਈ ਸਭ ਤੋਂ ਵੱਧ ਚੁਣੌਤੀਪੂਰਨ ਕਿਰਦਾਰ

ਸਰਲ, ਪਰ ਆਤਮਵਿਸ਼ਵਾਸੀ, ਬਿੰਦਾਸ, ਪਰ ਕਰੀਅਰ ਪ੍ਰਤੀ ਸੁਚੇਤ ਇਹੀ ਹੈ ਅੱਜ ਦੀ ਮੁਟਿਆਰ ਦੀ ਪਛਾਣ ਅਤੇ ਇਸ ਪਛਾਣ ਨਾਲ ਹਜ਼ਾਰਾਂ ਲੜਕੀਆਂ ਦੀ ਆਦਰਸ਼ ਅਤੇ ਹਜ਼ਾਰਾਂ ਮੁੰਡਿਆਂ ਦੇ ਦਿਲ ਦੀ ਧੜਕਣ ਬਣ ਚੁੱਕੀ ਹੈ ਦੀਪਿਕਾ ਪਾਦੂਕੋਣ। ਆਪਣੇ ਟੀਚੇ 'ਤੇ ਨਜ਼ਰਾਂ ਜਮਾਏ ਦੀਪਿਕਾ ਬਿਨਾਂ ਲਾਗ - ਲਪੇਟ ਦੇ ਆਪਣੀ ਗੱਲ ਕਹਿ ਦਿੰਦੀ ਹੈ। ਬਹੁਤ ਜਲਦੀ ਉਸ ਦੀ ਅਹਿਮ ਫ਼ਿਲਮ 'ਪਦਮਾਵਤੀ' ਰਿਲੀਜ਼ ਹੋਣ ਵਾਲੀ ਹੈ, ਜਿਸਨੂੰ ਉਹ ਆਪਣੇ ਕਰੀਅਰ ਦੀ ਵਿਸ਼ੇਸ਼ ਯਾਤਰਾ ਮੰਨਦੀ ਹੈ। ਪੇਸ਼ ਹੈ ਦੀਪਿਕਾ ਪਾਦੁਕੋਣ ਨਾਲ ਹੋਈ ਗੱਲਬਾਤ ਦੇ ਖਾਸ ਅੰਸ਼: ਬੇਸ਼ੱਕ 'ਪਦਮਾਵਤੀ' ਦਾ ਕਿਰਦਾਰ ਜ਼ਿਆਦਾ ਚੁਣੌਤੀਪੂਰਨ ਰਿਹਾ, ਪਰ ਇਸ ਫ਼ਿਲਮ ਵਿੱਚ ਕੰਮ ਕਰਨ ਤੋਂ ਬਾਅਦ ਹੀ ਮੈਨੂੰ ਇਸ ਗੱਲ ਦਾ ਅੰਦਾਜ਼ਾ ਹੋ ਗਿਆ ਕਿ ਇਹ ਕਿਰਦਾਰ 'ਬਾਜੀਰਾਵ ਮਸਤਾਨੀ' ਵਿੱਚ ਨਿਭਾਏ ਗਏ ਕਿਰਦਾਰ ਤੋਂ ਕਿਤੇ ਜ਼ਿਆਦਾ ਔਖਾ ਅਤੇ ਚੁਣੌਤੀ ਭਰਿਆ ਹੋਣ ਵਾਲਾ ਹੈ। ਦਰਅਸਲ, ਰਾਣੀ ਪਦਮਾਵਤੀ ਕਦੇ ਵੀ ਲੜਾਈ ਦੇ ਮੈਦਾਨ ਵਿੱਚ ਨਹੀਂ ਗਈ ਸੀ। ਫਿਰ ਵੀ ਉਹ ਇੱਕ ਮਾਨਸਿਕ ਲੜਾਈ ਲੜ ਰਹੀ ਸੀ। ਜਦੋਂ ਕਿ 'ਬਾਜੀਰਾਵ ਮਸਤਾਨੀ' ਵਿੱਚ ਮੈਂ ਤਲਵਾਰਬਾਜ਼ੀ ਕੀਤੀ ਸੀ। ਉਸਦੇ ਕੋਲ ਘੋੜੇ, ਫ਼ੌਜ ਤੇ ਢਾਲ ਸੀ। ਰਾਣੀ ਪਦਮਾਵਤੀ ਕੋਲ ਅਜਿਹਾ ਕੁਝ ਵੀ ਨਹੀਂ ਹੈ। ਇਨ੍ਹਾਂ ਦੋਨਾਂ ਵਿੱਚ ਇੱਕ ਹੀ ਗੱਲ ਦੀ ਸਮਾਨਤਾ ਹੈ ਅਤੇ ਉਹ ਹੈ ਉਤਸ਼ਾਹ। ਰਾਣੀ ਪਦਮਾਵਤੀ ਜਿਸ ਲਈ ਆਵਾਜ਼ ਚੁੱਕਦੀ ਹੈ, ਉਹ ਜੇਤੂ ਹੁੰਦਾ ਹੈ। ਮਸਤਾਨੀ ਦੀ ਭੂਮਿਕਾ ਨਿਭਾਉਣਾ ਮੇਰੇ ਲਈ ਆਸਾਨ ਸੀ, ਜਦੋਂ ਕਿ ਪਦਮਾਵਤੀ ਦੀ ਲੜਾਈ ਉਸ ਤੋਂ ਬਹੁਤ ਅੱਗੇ ਹੈ, ਉਸਨੂੰ ਦਿਖਾਉਣਾ ਮੇਰੇ ਲਈ ਅਸਲ ਵਿੱਚ ਟੇਢੀ ਖੀਰ ਹੈ। ਬਿਨਾਂ ਹਥਿਆਰ ਆਪਣੀਆਂ ਗੱਲਾਂ ਤੇ ਭਾਵਨਾਵਾਂ ਨੂੰ ਇਸ਼ਾਰਿਆਂ ਜ਼ਰੀਏ ਪ੍ਰਗਟਾਉਣਾ ਅਸਲ ਵਿੱਚ ਚੁਣੌਤੀ ਭਰਪੂਰ ਹੈ।



# ਤਾਪਸੀ ਪੰਨੂੰ ਦੇ ਛੋਟੇ ਕੱਪੜਿਆਂ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਜੰਗ !

ਔਰਤਾਂ ਨੂੰ ਬਰਾਬਰੀ ਦੇ ਹੱਕ ਦਿਵਾਉਣ ਦੀ ਸਮਰਥਕ ਤਾਪਸੀ ਪੰਨੂੰ ਨੇ ਸ਼ਨੀਵਾਰ ਨੂੰ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਕੱਪੜਿਆਂ ਦਾ ਮਜ਼ਾਕ ਬਣਾਉਣ ਵਾਲੇ ਯੂਜ਼ਰ ਨੂੰ ਸੋਸ਼ਲ ਮੀਡੀਆ 'ਤੇ ਕਰਾਰ ਜਵਾਬ ਦਿੱਤਾ। ਤਾਪਸੀ ਨੇ ਟਵੀਟਰ 'ਤੇ ਇੱਕ ਤਸਵੀਰ ਪੋਸਟ ਕੀਤੀ ਜਿਸ 'ਚ ਉਹ ਕਾਲੇ ਤੇ ਸਫੇਦ ਰੰਗ ਦੀ ਸਟ੍ਰੈਪਲੈਸ ਡ੍ਰੈੱਸ 'ਚ ਨਜ਼ਰ ਆ ਰਹੀ ਸੀ। ਇਸ 'ਚ ਉਸ ਨੇ ਹਲਕਾ ਮੇਕਅਪ ਵੀ ਕੀਤਾ ਹੋਇਆ ਸੀ। ਤਸਵੀਰ ਦੇ ਨਾਲ ਉਨ੍ਹਾਂ ਲਿਖਿਆ ਕਿ ਕਦੇ-ਕਦੇ ਚੰਗੇ ਪਲ ਅਛੂਤੇ ਰਹਿ ਜਾਂਦੇ ਹਨ। ਅਣ-ਅਡਿਟਿਡ ਤੇ ਕੱਚੀ ਤਸਵੀਰ।

ਤਸਵੀਰ ਨੂੰ ਵਾਹਵਾਹੀ ਨਹੀਂ ਮਿਲੀ ਜਦਕਿ ਲੋਕਾਂ ਨੇ ਉਸ 'ਤੇ ਕਮੈਂਟ ਕਰਨੇ ਸ਼ੁਰੂ ਕਰ ਦਿੱਤੇ। ਤਾਪਸੀ ਵੀ ਚੁੱਪ ਨਹੀਂ ਰਹੀ। ਉਨ੍ਹਾਂ ਨੇ ਕਮੈਂਟਾਂ ਦਾ ਜ਼ੋਰਦਾਰ ਜਵਾਬ ਦਿੱਤਾ। ਇੱਕ ਯੂਜ਼ਰ ਨੇ ਪੁੱਛਿਆ ਕਿ ਉਨ੍ਹਾਂ ਕੋਲ ਕੱਪੜੇ ਖਰੀਦਣ ਲਈ ਪੈਸੇ ਨਹੀਂ ਹਨ ਜਾਂ ਉਨ੍ਹਾਂ ਨੂੰ ਸ਼ਰੀਰ ਦੀ ਨੁਮਾਇਸ਼ ਪਸੰਦ ਹੈ। ਇਸ 'ਤੇ ਤਾਪਸੀ ਨੇ ਜਵਾਬ ਦਿੱਤਾ ਕਿ ਤੁਹਾਡੇ ਵਰਗੇ ਕਲਚਰ ਦੀ ਰੱਖਿਆ ਕਰਨ ਵਾਲੇ ਰਾਖੇ ਨਹੀਂ ਮਿਲ ਰਹੇ ਹਨ ਸਰਜੀ, ਪਛਾਣ ਲਈ ਅਜਿਹਾ ਕਰਨਾ ਪਿਆ, ਨਹੀਂ ਤਾ ਤੁਹਾਡੇ ਵਰਗੇ ਹੀਰੇ ਕਿੱਥੇ ਆਸਾਨੀ ਨਾਲ ਮਿਲਦੇ ਹਨ।

ਇਹ ਮਾਮਲਾ ਇੱਥੇ ਹੀ ਖਤਮ ਨਹੀਂ ਹੋਇਆ। ਇੱਕ ਹੋਰ ਯੂਜ਼ਰ ਨੇ ਲਿਖਿਆ ਕਿ ਤਾਪਸੀ ਦੀ ਤਸਵੀਰ ਭਾਰਤੀ ਕਲਚਰ ਲਈ ਸਹੀ ਨਹੀਂ ਹੈ। ਇਸ ਤੋਂ ਬਾਅਦ 'ਜੁੜਵਾ-2' ਫਿਲਮ 'ਚ ਤਾਪਸੀ ਦੇ ਹੀਰੋ ਰਹਿ ਚੁੱਕੇ ਵਰੁਣ ਧਵਨ ਨੇ ਤਾਪਸੀ ਦੇ ਜਵਾਬ ਨੂੰ ਰੀਟਵੀਟ ਕਰਦੇ ਹੋਏ ਲਿਖਿਆ 'ਸ਼ਾਨਦਾਰ ਤਾਪਸੀ'। ਫਿਲਮਾਂ ਦੀ ਗੱਲ ਕਰੀਏ ਤਾਂ ਤਾਪਸੀ ਆਖਰੀ ਵਾਰ 'ਜੁੜਵਾ-2' ਵਿੱਚ ਵਰੁਣ ਧਵਨ ਤੇ ਜੈਕਲੀਨ ਦੇ ਨਾਲ ਮਸਤੀ ਕਰਦੀ ਨਜ਼ਰ ਆਈ ਸੀ। ਇਸ ਫਿਲਮ ਨੇ ਕਮਾਈ ਦੇ ਕਈ ਰਿਕਾਰਡ ਬਣਾਏ ਸਨ।



# ਸਨੀ ਲਿਓਨੀ ਨਾਲ ਫਿਰ ਕੰਮ ਕਰਨਾ ਚਾਹੁੰਦੇ ਅਰਬਾਜ਼

ਬਾਲੀਵੁੱਡ ਦੀਆਂ ਸਭ ਤੋਂ ਖੂਬਸੂਰਤ ਹੀਰੋਇਨਾਂ 'ਚ ਸ਼ੁਮਾਰ ਸਨੀ ਲਿਓਨੀ ਨਾਲ ਜਿਹੜਾ ਇੱਕ ਵਾਰ ਕੰਮ ਕਰ ਲੈਂਦਾ ਹੈ ਉਹ ਵਾਰ-ਵਾਰ ਕੰਮ ਕਰਨਾ ਚਾਹੁੰਦਾ ਹੈ। ਕੁਝ ਅਜਿਹੀ ਖਾਹਸ਼ ਅਰਬਾਜ਼ ਖਾਨ ਦੀ ਵੀ ਹੈ। ਇਨ੍ਹਾਂ ਦਿਨਾਂ 'ਚ ਸਨੀ ਲਿਓਨੀ ਆਪਣੀ ਆਉਣ ਵਾਲੀ ਫਿਲਮ 'ਤੇਰਾ ਇੰਤਜ਼ਾਰ' ਦੀ ਸ਼ੂਟਿੰਗ 'ਚ ਰੁੱਝੀ ਹੈ। ਇਸ ਫਿਲਮ 'ਚ ਉਨ੍ਹਾਂ ਨਾਲ ਅਰਬਾਜ਼ ਖਾਨ ਮੁੱਖ ਭੂਮਿਕਾ 'ਚ ਹਨ। ਕੁਝ ਹੀ ਦਿਨਾਂ ਪਹਿਲਾਂ ਫਿਲਮ ਦਾ ਟ੍ਰੇਲਰ ਤੇ ਗਾਣਾ ਰਿਲੀਜ਼ ਕੀਤਾ ਗਿਆ ਸੀ। ਅਜਿਹੇ 'ਚ ਫਿਲਮ ਦੀ ਪ੍ਰਮੋਸ਼ਨ ਦੌਰਾਨ ਅਰਬਾਜ਼ ਖਾਨ ਨੇ ਕਿਹਾ ਕਿ ਉਹ ਸਨੀ ਲਿਓਨੀ ਨਾਲ ਫਿਰ ਤੋਂ ਫਿਲਮ 'ਚ ਕੰਮ ਕਰਨਾ ਪਸੰਦ ਕਰਨਗੇ।

ਮੀਡੀਆ ਰਿਪੋਰਟਾਂ ਮੁਤਾਬਕ ਫਿਲਮ ਦੇ ਪ੍ਰਮੋਸ਼ਨ ਦੌਰਾਨ ਇੱਕ ਇੰਟਰਵਿਊ 'ਚ ਅਰਬਾਜ਼ ਖਾਨ ਤੋਂ ਸਵਾਲ ਕੀਤਾ ਗਿਆ ਕਿ ਉਹ ਆਪਣੀ ਆਉਣ ਵਾਲੀ ਫਿਲਮ 'ਚ ਕਿਸ ਨੂੰ ਕਾਸਟ ਕਰਨਾ ਪਸੰਦ ਕਰਣਗੇ ? ਇਸ ਦੇ ਜਵਾਬ 'ਚ ਅਰਬਾਜ਼ ਨੇ ਕਿਹਾ ਕਿ ਜੇਕਰ ਮੈਨੂੰ ਸਨੀ ਨਾਲ ਕੰਮ ਕਰਨ ਦਾ ਮੌਕਾ ਮਿਲਦਾ ਹੈ ਤਾਂ ਮੈਂ ਉਸ ਨਾਲ ਮੁੜ ਕੰਮ ਕਰਨਾ ਪਸੰਦ ਕਰਾਂਗਾ। ਤੁਹਾਨੂੰ ਦੱਸ ਦਈਏ ਕਿ ਅਰਬਾਜ਼ ਨੇ ਇਸ ਗੱਲ 'ਤੇ ਮੋਹਰ ਲਾ ਦਿੱਤੀ ਹੈ ਕਿ ਆਉਣ ਵਾਲੀ ਫਿਲਮ 'ਦਬੰਗ-3' ਦੀ ਸ਼ੂਟਿੰਗ 2018 'ਚ ਸ਼ੁਰੂ ਕਰ ਦਿੱਤੀ ਜਾਵੇਗੀ।

ਫਿਲਮ 'ਤੇਰਾ ਇੰਤਜ਼ਾਰ' ਦੇ ਪ੍ਰਚਾਰ ਲਈ ਘੁੰਮ ਰਹੇ ਅਦਾਕਾਰ ਅਰਬਾਜ਼ ਨੇ ਕਿਹਾ ਕਿ 'ਦਬੰਗ-3' ਦੀ ਕਹਾਣੀ ਦੇ ਹਿਸਾਬ ਨਾਲ ਜ਼ਰੂਰਤ ਪੈਣ 'ਤੇ ਸਨੀ ਨੂੰ ਲਿਆ ਜਾ ਸਕਦਾ ਹੈ। ਅਜਿਹੇ 'ਚ ਹੋ ਸਕਦਾ ਹੈ ਕਿ ਅਰਬਾਜ਼ ਖਾਨ ਦੀ ਫਿਲਮ 'ਚ ਸਨੀ ਧਮਾਲਾਂ ਪਾਉਂਦੀ ਨਜ਼ਰ ਆਵੇ।



**AKSHAYA PĀTRA**™

*Unlimited food for education*

**SPONSORED BY NAVIKA GROUP**

The World's Largest NGO-Run Mid-Day Meal Program Serving A Wholesome Lunch to Over 1.7 Million Children in 14,250 Schools Across 12 States in India.

# LONG ISLAND

# 2018 BENEFIT EVENT

## SUNDAY, OCTOBER 7, 2018 • 6:00PM ONWARDS

**HILTON LONG ISLAND/HUNTINGTON 598 BROAD HOLLOW ROAD | MELVILLE, NEW YORK 11747-5002**

### KEYNOTE SPEAKER



**SANJEEV KAPOOR**

*'Khana Khazana' Fame*
*Celebrity, Master Chef*



**VANDANA TILAK**
*CEO*
*TAPF, USA*

**AKSHAYA PATRA AIMS TO SERVE 5 BILLION MEALS BY 2020**

**IT TAKES ONLY $20 TO FEED A CHILD FOR ENTIRE SCHOOL YEAR.**

**FOR MORE INFORMATION**

Kushal Sacheti | 212-391-4426
Ashok Sancheti | 201-927-3151
Dr. Raj Bhayani | 718-249-9383
Beena Kothari | 631-988-1280
Mukund Padmanabhan | 631-704-2776

**FOR SPONSORSHIPS PLEASE CONTACT**
**ANKITA NARULA**
781.454.7247 • ankita@apusa.org

**TO REGISTER**
cvent link TBD

**www.foodforeducation.org**



COMMERCIAL MORTGAGE FINANCING

Financing $500,000 to $500 Million

RAVI CHOPRA

CEO

STI Consultants

C: 917-705-7708

Ravi@stinewyork.com

SPECIALIZE IN:

-HOTELS

-CONSTRUCTION LOANS

-GAS STATIONS

-OFFICE BUILDINGS

-MIX USE PROPERTIES

-CHURCH LOAN

-HARD MONEY LOAN

-APARTMENT BUILDINGS

-BUSINESS LINE OF CREDIT

ALL KINDS OF COMMERCIAL FINANCING DONE OVER USA

Offices:

43-39 2nd Floor Main Street, Flushing, NY, 11355

508 Humboldt Street, Brooklyn, NY, 11222

New Jersey

Chicago







